40ਵਾਂ ਵਰ੍ਹਾ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਅਵਾਜ਼

# ਤਰਕਸ਼ੀਲ
# TARKSHEEL

ਨਵੰਬਰ-ਦਸੰਬਰ 2025




ਇਜ਼ਰਾਇਲੀ ਧਮਕੀਆਂ ਦੇ ਬਾਵਜੂਦ, ਗਾਜ਼ਾ ਦੇ ਪੀੜਤ ਲੋਕਾਂ ਲਈ ਰਾਹਤ ਸਮੱਗਰੀ ਲੈ ਕੇ ਜਾ ਰਹੇ ਸੰਵੇਦਨਸ਼ੀਲ ਲੋਕ

30/-

ਹਰ ਮੋੜ 'ਤੇ ਸਲੀਬਾਂ, ਹਰ ਪੈਰ 'ਤੇ ਹਨੇਰਾ। ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ। ...ਡਾ. ਜਗਤਾਰ

## ਤਰਤੀਬ


| | |
|---|---|
| ਦੁਨੀਆਂ ਦੀ ਪਹਿਲੀ ਏ.ਆਈ. ਮੰਤਰੀ | 2 |
| ਸਵਾਮੀ ਚੇਤਨਯਾਨੰਦ ਦੀ ਕਰਤੂਤ | 3 |
| ਹੜ੍ਹਾਂ ਦੀ ਸਮੱਸਿਆ ਦਾ ਤਰਕਸ਼ੀਲ ਵਿਸ਼ਲੇਸ਼ਣ | 4 |
| ਗ਼ਦਰ ਲਹਿਰ ਦਾ ਵਿਚਾਰਧਾਰਕ ਵਿਕਾਸ | 9 |
| ਸਹੀ ਫਸਲ ਬੀਮਾ ਯੋਜਨਾ | 12 |
| ਪੰਜਾਬ ਵਿੱਚ ਪਰਵਾਸੀਆਂ ਦਾ ਮੁੱਦਾ | 15 |
| ਕੇਸ ਰਿਪੋਰਟ -ਕਰਜੇ ਦੀਆਂ ਕਿਸ਼ਤਾਂ | 17 |
| ਸ਼ਰਧਾ ਦਾ ਸ਼ੁਦਾਅ | 20 |
| ਸੱਤਾ ਨੂੰ ਰੜਕਦਾ ਸੋਨਮ ਵਾਂਗਚੁੱਕ | 22 |
| ਹੱਡੀਆਂ ਟੁੱਟੀਆਂ-ਹੌਸਲਾ ਨਹੀਂ | 24 |
| ਇੰਟਰਨੈਸ਼ਨਲ ਡੇਟ-ਲਾਈਨ ਕੀ ਹੈ ? | 26 |
| ਪੌੜਾਂ | 28 |
| ਨਵੀਆਂ ਵਿਗਿਆਨਕ ਖੋਜਾਂ | 30 |
| 20 ਰੁਪਏ ਵਿੱਚ ਸਾਫ਼ ਹੋਵੇਗਾ 1000 ਲਿਟਰ ਪਾਣੀ | 31 |
| ਵਿਅੰਗ-ਇੱਕ ਸੁਲਝਿਆ ਆਦਮੀ | 32 |
| ਚੇਤਨਾ ਦਾ ਚਾਨਣ ਬਿਖੇਰਦੇ ਪਾਠ | 35 |
| ਯੂਟਿਊਬ ਚੈਨਲਾਂ ਬਾਰੇ-2 | 37 |
| ਪੜ੍ਹਨਯੋਗ ਪੁਸਤਕਾਂ - ਕਾਫ਼ਿਰ ਹੀ ਪਵਿੱਤਰ ਮਨੁੱਖ | 40 |
| ਅਦਰਕ- ਲਾਭਦਾਇਕ ਤੱਤਾਂ ਦਾ ਖਜ਼ਾਨਾ | 41 |
| ਜਦ ਮਨੁੱਖ ਪਹਿਲੀ ਵਾਰ ਉੱਡਿਆ | 44 |
| ਆਹ ਰੱਬ ਦਾ ਕੀ ਰੌਲਾ? | 45 |
| ਬੱਚਾ ਸਾਇੰਸ ਦੇ ਪੇਪਰ 'ਚੋਂ ਫੇਲ੍ਹ ਕਿਉਂ | 46 |
| ਪਾਠਕ ਪ੍ਰਤੀਕਰਮ | 48 |
| ਸਰਗਰਮੀਆਂ | 49 |
| ਲੇਖ-ਰਚਨਾ ਮੁਕਾਬਲਾ | 52 |
| ਆਖਰੀ ਪੰਨਾ | 56 |


## ਲੇਖ ਰਚਨਾ ਮੁਕਾਬਲਾ-3

ਤਰਕਸ਼ੀਲ ਵੱਲੋਂ ਸ਼ੁਰੂ ਕੀਤੇ ਗਏ ਲੇਖ ਰਚਨਾ ਮੁਕਾਬਲੇ ਲਈ ਇਸ ਵਾਰ ਦਾ ਵਿਸ਼ਾ ਲੋਕ-ਪੱਖੀ ਸ਼ਾਇਰ ਮਹਿੰਦਰ ਸਾਥੀ ਦੀ ਗ਼ਜ਼ਲ ਵਿਚੋਂ ਹੇਠਲੀ ਸਤਰ ਹੈ

*ਮਸ਼ਾਲਾਂ ਬਾਲ ਕੇ ਚੱਲਣਾ, ਸਵੇਰ ਤੱਕ ਰਾਤ ਬਾਕੀ ਹੈ*

ਲੇਖ ਦੀ ਲੰਬਾਈ 800 ਕੁ ਸ਼ਬਦਾਂ ਦੇ ਆਸ ਪਾਸ ਹੋਣੀ ਚਾਹੀਦੀ ਹੈ। ਇਸ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਨੂੰ 1000 ਰੁਪਏ ਅਤੇ ਦੂਜੇ ਸਥਾਨ ਵਾਲੇ ਨੂੰ 700 ਰੁਪਏ ਇਨਾਮ ਵਜੋਂ ਦਿੱਤੇ ਜਾਣਗੇ।

**ਇਹ ਇਨਾਮੀ ਰਾਸ਼ੀ ਅਵਤਾਰ ਗੋਂਦਾਰਾ ਜੀ ਰਾਹੀਂ ਗੁਰਦੇਵ ਫਾਊਂਡੇਸ਼ਨ ਦੀ ਤਰਫੋਂ ਦਿੱਤੀ ਜਾ ਰਹੀ ਹੈ।**

ਇਸ ਵਿਸ਼ੇ ਉਪਰ ਤੁਹਾਡੀ ਰਚਨਾ 5 ਦਸੰਬਰ ਤੱਕ ਈਮੇਲ ਜਾਂ ਵਟਸਐਪ ਰਾਹੀਂ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

Email - editortarksheel@gmail.com
Watsapp Number - 95018 83486


ਰਾਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।



**ਮੁੱਖ ਸੰਪਾਦਕ**
ਰਾਜਪਾਲ ਸਿੰਘ
95018 83486
editortarksheel@gmail.com

**ਸੰਪਾਦਕੀ ਬੋਰਡ**

| | |
|---|---|
| ਹੇਮ ਰਾਜ ਸਟੈਨੋ | 98769 53561 |
| ਪਾਲ ਬਾਗਪੁਰ | 94173 13738 |
| ਰਾਮ ਸਵਰਨ ਲੱਖੇਵਾਲੀ | 95010 06626 |
| ਵਿਸ਼ਵ ਕਾਂਤ | 94170 37843 |
| ਰਣਧੀਰ ਗਿੱਲਪੱਤੀ | 98556 56156 |

**ਮੁੱਖ ਪ੍ਰਬੰਧਕ**
ਸੁਖਵਿੰਦਰ ਬਾਗਪੁਰ
94174 27538

**ਵਿਦੇਸ਼ੀ ਪ੍ਰਤੀਨਿਧ**
ਅਵਤਾਰ ਬਾਈ, ਵੈਨਕੂਵਰ
+1 672 558-5757
ਬੀਰਬਲ ਭਦੌੜ, ਕੈਲਗਿਰੀ
+1 204 894-4371
ਬਲਦੇਵ ਰਹਿਪਾ, ਟਰਾਂਟੋ
+1 41688 17202
ਅੱਛਰ ਸਿੰਘ ਖਰਲਵੀਰ (ਇੰਗਲੈਂਡ)
+1 44 748 635 1185
ਅਵਤਾਰ ਗੋਂਦਾਰਾ (USA)
+1(559)375-2589



**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :**
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਕ, ਬਰਨਾਲਾ-148101 (ਪੰਜਾਬ)
ਮੋਬਾ. 98769 53561
ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234 IFSC : PUNB0004400
ਸਲਾਨਾ ਚੰਦਾ ਦੇਸ਼ : 150 ਰੁ.
ਜੀਵਨ ਮੈਂਬਰਸ਼ਿਪ : 1500 ਰੁ.
ਸਲਾਨਾ ਚੰਦਾ ਵਿਦੇਸ਼ : 40 ਯੂ.ਐਸ. ਡਾਲਰ
ਜੀਵਨ ਮੈਂਬਰਸ਼ਿਪ ਵਿਦੇਸ਼ : 20,000 ਰੁ.
ਰਸੀਦ ਵਾਊਚਰ ਅਤੇ ਪਤਾ ਹੇਠ ਲਿਖੇ ਨੰਬਰ 'ਤੇ ਭੇਜਿਆ ਜਾਵੇ
98156 70725

## ਸੰਪਾਦਕੀ

ਸਤੰਬਰ ਮਹੀਨੇ ਵਿੱਚ ਨੇਪਾਲ ਵਿੱਚ ਹੋਏ ਨੌਜਵਾਨਾਂ ਦੇ ਅਸਰਦਾਇਕ ਪ੍ਰਦਰਸ਼ਨਾਂ ਨੇ ਨੌਜਵਾਨ ਪੀੜ੍ਹੀ ਦੇ ਰੋਲ ਬਾਰੇ ਵੱਡੀ ਚਰਚਾ ਛੇੜੀ ਹੈ। ਪਾਪੂਲਰ ਮੀਡੀਆ ਵਿੱਚ ਇਸ ਨੂੰ 'ਜੈੱਨ ਜ਼ੀ' (Generation Z) ਦੇ ਪ੍ਰਦਰਸ਼ਨ ਕਿਹਾ ਗਿਆ। 1997 ਤੋਂ ਲੈ ਕੇ 2012 ਤੱਕ ਜਨਮੇ ਨੌਜਵਾਨਾਂ ਨੂੰ 'ਜੈੱਨ ਜ਼ੀ' ਦਾ ਇਹ ਨਾਂ ਇੱਕ ਖੋਜ ਸੰਸਥਾ 'ਪੀਊ ਰਿਸਰਚ ਸੈਂਟਰ' ਵੱਲੋਂ ਦਿੱਤਾ ਗਿਆ ਜੋ ਪੱਛਮੀ ਮੀਡੀਆ ਦੇ ਭਾਰੂ ਪ੍ਰਭਾਵ ਹੇਠ ਸਾਰੀ ਦੁਨੀਆ ਵਿੱਚ ਪ੍ਰਚਲਿਤ ਹੋ ਗਿਆ। ਪੀਊ ਰਿਸਰਚ ਸੈਂਟਰ ਅਨੁਸਾਰ ਇਹ ਪੀੜ੍ਹੀ ਸੋਸ਼ਲ ਮੀਡੀਆ ਦੇ ਪ੍ਰਚਲਨ ਦੇ ਨਾਲ ਨਾਲ ਵੱਡੀ ਹੋਈ ਹੈ, ਜੋ ਇਸ ਦੀ ਬਹੁਤ ਵਰਤੋਂ ਵੀ ਕਰਦੀ ਹੈ ਅਤੇ ਬਹੁਤ ਅਸਰ ਵੀ ਕਬੂਲਦੀ ਹੈ। ਇਸੇ ਕਰਕੇ ਨੇਪਾਲ ਵਿੱਚ ਸਰਕਾਰ ਦੀ ਕੁਰੱਪਸ਼ਨ ਅਤੇ ਮਾੜੇ ਪ੍ਰਬੰਧਾਂ ਖਿਲਾਫ ਸੋਸ਼ਲ ਮੀਡੀਆ ਉੱਤੇ ਹੀ ਮੁਹਿੰਮ ਚਲਾਈ ਜਾ ਰਹੀ ਸੀ ਅਤੇ ਜਦ ਸਰਕਾਰ ਨੇ ਸੋਸ਼ਲ ਮੀਡੀਆ ਉੱਤੇ ਪਾਬੰਦੀ ਲਗਾ ਦਿੱਤੀ ਤਾਂ ਇਹ ਸਾਰੀ ਪੀੜ੍ਹੀ ਇਕਦਮ ਭੜਕ ਉੱਠੀ ਅਤੇ ਸਰਕਾਰ ਡੇਗ ਕੇ ਹੀ ਸਾਹ ਲਿਆ। ਇਸ ਤੋਂ ਕੁਝ ਸਮਾਂ ਪਹਿਲਾਂ ਬੰਗਲਾਦੇਸ਼ ਵਿੱਚ ਸੱਤਾ ਵਿੱਚ ਤਬਦੀਲੀ ਲਿਆਉਣ ਵਿੱਚ ਵੀ ਉਥੋਂ ਦੇ ਨੌਜਵਾਨ ਅਤੇ ਵਿਦਿਆਰਥੀ ਹੀ ਮੂਹਰੇ ਲੱਗੇ ਸਨ।

ਇਸ ਵਰਤਾਰੇ ਨੇ ਨੌਜਵਾਨ ਪੀੜ੍ਹੀ ਦੇ ਰੋਲ ਨੂੰ ਮੁੜ ਕੇਂਦਰ ਵਿੱਚ ਲਿਆਂਦਾ ਹੈ। ਨੌਜਵਾਨਾਂ ਵਿੱਚ ਜਵਾਨੀ ਦਾ ਅਥਾਹ ਜੋਸ਼ ਹੁੰਦਾ ਹੈ ਜਿਸ ਕਰਕੇ ਉਹ ਨਤੀਜਿਆਂ ਦੀ ਪਰਵਾਹ ਕੀਤੇ ਬਿਨਾਂ ਹਕੂਮਤਾਂ ਨਾਲ ਟੱਕਰ ਲੈ ਲੈਂਦੇ ਹਨ। ਉਨ੍ਹਾਂ ਵਿੱਚ ਪੁਰਾਣੇ ਨੂੰ ਬਦਲ ਕੇ ਨਵਾਂ ਸਮਾਜ ਸਿਰਜਣ ਦੀ ਬਹੁਤ ਤਿੱਖੀ ਭਾਵਨਾ ਹੁੰਦੀ ਹੈ। ਪਰ ਪੁਰਾਣੇ ਨੂੰ ਬਦਲ ਕੇ ਨਵਾਂ ਪ੍ਰਬੰਧ ਕਿਹੋ ਜਿਹਾ ਸਿਰਜਣਾ ਹੈ, ਇਸ ਬਾਰੇ ਸਹੀ ਸੇਧ ਹੋਣੀ ਬਹੁਤ ਜਰੂਰੀ ਹੈ। ਨਹੀਂ ਤਾਂ ਨਾ ਕੇਵਲ ਨੌਜਵਾਨਾਂ ਦੀਆਂ ਕੁਰਬਾਨੀਆਂ ਵਿਅਰਥ ਜਾਂਦੀਆਂ ਹਨ, ਸਗੋਂ ਕਈ ਵਾਰ ਉਹਨਾਂ ਦੇ ਜੋਸ਼ ਨੂੰ ਗਲਤ ਤਾਕਤਾਂ ਵੱਲੋਂ ਵੀ ਵਰਤ ਲਿਆ ਜਾਂਦਾ ਹੈ। ਉਨ੍ਹਾਂ ਨੂੰ ਫਿਰਕੂ ਤਾਕਤਾਂ ਵੱਲੋਂ ਦੂਜੇ ਧਰਮਾਂ, ਨਸਲਾਂ ਜਾਂ ਜਾਤੀਆਂ ਦੇ ਲੋਕਾਂ ਖਿਲਾਫ ਦੰਗੇ ਕਰਨ ਲਈ ਉਕਸਾਇਆ ਜਾਂਦਾ ਹੈ। ਨੇਪਾਲ ਵਿੱਚ ਪਹਿਲਾ ਵਰਤਾਰਾ ਵਾਪਰਦਾ ਜਾਪਦਾ ਹੈ, ਭਾਵ ਇਸ ਪੀੜ੍ਹੀ ਵੱਲੋਂ ਸਰਕਾਰ ਉਲਟਾਉਣ ਬਾਅਦ ਕੋਈ ਵਧੀਆ ਪ੍ਰਬੰਧ ਸਿਰਜੇ ਜਾਣ ਦੇ ਸੰਕੇਤ ਨਹੀਂ ਮਿਲ ਰਹੇ ਅਤੇ ਸਾਡੇ ਦੇਸ਼ ਵਿੱਚ ਦੂਜਾ ਵਰਤਾਰਾ, ਭਾਵ ਇਨ੍ਹਾਂ ਨੂੰ ਫਿਰਕੂ ਤਾਕਤਾਂ ਦੇ ਹੱਥ ਠੋਕੇ ਬਣਾਉਣ ਲਈ ਜ਼ੋਰ ਲਾਇਆ ਜਾ ਰਿਹਾ ਹੈ।

ਇਸ ਕਰਕੇ ਸਮਾਂ ਬਹੁਤ ਜ਼ੋਰਦਾਰ ਮੰਗ ਕਰਦਾ ਹੈ ਕਿ ਨਵੀਂ ਪੀੜ੍ਹੀ ਦੀ ਊਰਜਾ ਅਤੇ ਜੋਸ਼ ਨੂੰ ਸਹੀ ਪਾਸੇ ਵੱਲ ਲਾਇਆ ਜਾਵੇ। ਇਸ ਲਈ ਅਧਿਆਪਕਾਂ, ਬੁੱਧੀਜੀਵੀਆਂ, ਲੇਖਕਾਂ, ਕਲਾਕਾਰਾਂ, ਸਮਾਜ-ਸੇਵੀ ਕਾਮਿਆਂ ਅਤੇ ਵਿਗਿਆਨਕ ਸੋਚ ਦੇ ਧਾਰਨੀਆਂ ਨੂੰ ਨਵੀਂ ਪੀੜ੍ਹੀ ਨਾਲ ਰਾਬਤਾ ਰੱਖ ਕੇ ਉਹਨਾਂ ਦੇ ਵਿਗਸਣ ਲਈ ਚੰਗੀਆਂ ਕਦਰਾਂ ਕੀਮਤਾਂ ਪੈਦਾ ਕਰਨ ਵਾਲਾ ਮਾਹੌਲ ਸਿਰਜਣ ਦੀ ਲੋੜ ਹੈ। ਉਨ੍ਹਾਂ ਨੂੰ ਜਿੱਥੇ ਪੁਰਾਣੀਆਂ ਵੇਲਾ ਵਿਹਾ ਚੁੱਕੀਆਂ ਰਸਮਾਂ, ਧਾਰਨਾਵਾਂ ਅਤੇ ਮਾੜੇ ਆਰਥਿਕ ਸਮਾਜਿਕ ਪ੍ਰਬੰਧ ਨੂੰ ਰੱਦ ਕਰਨ ਲਈ ਪ੍ਰੇਰਨ ਦੀ ਲੋੜ ਹੈ, ਉਥੇ ਇੱਕ ਸੋਹਣੇ ਸਮਾਜ ਦਾ ਭਵਿੱਖ ਨਕਸ਼ਾ ਵੀ ਉਹਨਾਂ ਦੇ ਮਨਾਂ ਵਿੱਚ ਬਿਠਾਉਣ ਦੀ ਲੋੜ ਹੈ। ਪੁਰਾਣੇ ਨੂੰ ਰੱਦ ਕਰਨ ਲਈ ਤਿਆਰ ਕਰਨਾ ਮੁਕਾਬਲਤਨ ਸੌਖਾ ਹੈ, ਪਰ ਨਵਾਂ ਸਮਾਜ ਕਿਹੋ ਜਿਹਾ ਹੋਵੇ, ਉਸ ਦੀ ਰੂਪ ਰੇਖਾ ਜਚਾ ਕੇ, ਨਵਾਂ ਸਮਾਜ ਸਿਰਜਣ ਲਈ ਉਹਨਾਂ ਨੂੰ ਸੰਘਰਸ਼ ਦੇ ਰਾਹ ਪਾਉਣਾ ਵੱਧ ਮਿਹਨਤ ਮੰਗਦਾ ਹੈ। ਓਪਰੀ ਨਜ਼ਰ ਨਾਲ ਦੇਖਣ ਵਾਲੇ ਬਹੁਤ ਸਾਰੇ ਲੋਕ ਨਵੀਂ ਪੀੜ੍ਹੀ ਬਾਰੇ ਅਕਸਰ ਨਿਰਾਸ਼ਾਜਨਕ ਟਿੱਪਣੀਆਂ ਕਰਦੇ ਹਨ ਕਿ ਇਨ੍ਹਾਂ ਦਾ ਸਮਾਜਿਕ, ਰਾਜਨੀਤਕ ਸਰੋਕਾਰਾਂ ਨਾਲ ਕੋਈ ਵਾਸਤਾ ਨਹੀਂ ਹੈ। ਜਦ ਕਿ ਅਸਲ ਵਿੱਚ ਇਹ ਗੱਲ ਨਹੀਂ ਹੈ। ਜੇ ਨੇਪਾਲ ਦੇ ਨੌਜਵਾਨ ਸਰਕਾਰ ਬਦਲਣ ਲਈ ਉੱਠੇ ਤਾਂ ਸਵੀਡਨ ਦੀ 22 ਸਾਲਾ ਗਰੇਟਾ ਥੁੰਨਬਰਗ ਅਤੇ ਉਸਦੇ ਸਾਥੀ ਇਜ਼ਰਾਈਲ ਦੀਆਂ ਖਤਰਨਾਕ ਧਮਕੀਆਂ ਦੇ ਬਾਵਜੂਦ ਗਾਜ਼ਾ ਦੇ ਲੋਕਾਂ ਦੀ ਮਦਦ ਲਈ ਵਾਰ ਵਾਰ ਆਹੁਲ ਰਹੇ ਹਨ। ਲੋੜ ਨੌਜਵਾਨਾਂ ਨੂੰ ਪ੍ਰੇਰਨਾ ਅਤੇ ਸਹੀ ਸੇਧ ਦੇਣ ਦੀ ਹੈ। ਇਸ ਸਬੰਧ ਵਿੱਚ ਉਨ੍ਹਾਂ ਨਾਲ ਨਿੱਜੀ ਸੰਪਰਕਾਂ, ਜਥੇਬੰਦੀਆਂ ਵਿੱਚ ਸ਼ਮੂਲੀਅਤ ਅਤੇ ਲੋਕ-ਪੱਖੀ ਸਰਗਰਮੀਆਂ ਵਿੱਚ ਪਾਉਣ ਵਰਗੇ ਪ੍ਰਚਲਿਤ ਤਰੀਕੇ ਵਰਤਣ ਦੇ ਨਾਲ ਨਾਲ ਉਨ੍ਹਾਂ ਦੀ ਸੋਚ ਨੂੰ ਚੰਗੇ ਰੁਖ ਤੋਰਨ ਲਈ ਸੋਸ਼ਲ ਮੀਡੀਆ ਸਮੇਤ ਸਾਰੇ ਆਧੁਨਿਕ ਸਾਧਨ ਵਰਤਣ ਦੀ ਵੀ ਲੋੜ ਹੈ। ਤਰਕਸ਼ੀਲ ਸੋਸਾਇਟੀ ਪੰਜਾਬ ਇਸ ਦਿਸ਼ਾ ਵਿੱਚ ਯਤਨਸ਼ੀਲ ਹੈ। ਹੋਰ ਅਗਾਂਹਵਧੂ ਜਥੇਬੰਦੀਆਂ ਅਤੇ ਵਿਅਕਤੀਆਂ ਨੂੰ ਇਸ ਪਾਸੇ ਸਰਗਰਮ ਹੋਣ ਦੀ ਲੋੜ ਹੈ ਤਾਂ ਜੋ ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ, ਗੈਂਗਵਾਰਾਂ, ਫਿਰਕਾਪ੍ਰਸਤੀ, ਇਲਾਕਾਪ੍ਰਸਤੀ ਅਤੇ ਹੋਰ ਵਿਅਰਥ ਕਾਰਜਾਂ ਵਿੱਚ ਉਲਝੇ ਰਹਿਣ ਦੀ ਬਜਾਏ ਸਮਾਜ ਵਿੱਚ ਚੰਗੀ ਤਬਦੀਲੀ ਲਈ ਸੰਘਰਸ਼ ਕਰੇ।

*- ਰਾਜਪਾਲ*

# ਦੁਨੀਆਂ ਦੀ ਪਹਿਲੀ ਏ.ਆਈ. ਮੰਤਰੀ

***ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖੇਤਰ ਵਿੱਚ ਐਨੀ ਤੇਜੀ ਨਾਲ ਤਰੱਕੀ ਹੋ ਰਹੀ ਹੈ ਕਿ ਹਰ ਮਹੀਨੇ ਇਸ ਸਬੰਧੀ ਕੋਈ ਨਾ ਕੋਈ ਹੈਰਾਨ ਕਰਨ ਵਾਲੀ ਖਬਰ ਆ ਰਹੀ ਹੈ। 'ਤਰਕਸ਼ੀਲ' ਦਾ ਜੁਲਾਈ ਅਗਸਤ ਅੰਕ, ਜੋ ਏ.ਆਈ. ਵਿਸ਼ੇਸ਼ ਅੰਕ ਵਜੋਂ ਕੱਢਿਆ ਗਿਆ ਸੀ, ਉਸ ਨਾਲ ਪੰਜਾਬੀ ਜਾਨਣ ਵਾਲੇ ਪਾਠਕਾਂ ਵਿੱਚ ਇਸ ਵਿਸ਼ੇ ਬਾਰੇ ਕਾਫੀ ਦਿਲਚਸਪੀ ਜਾਗੀ ਹੈ। ਪਿਛਲੇ ਅੰਕ ਵਿੱਚ ਅਸੀਂ ਏ.ਆਈ. ਐਨਕਾਂ (ਲੇਖਕ ਬੂਟਾ ਸਿੰਘ ਵਾਕਫ਼) ਬਾਰੇ ਦੱਸਿਆ ਸੀ ਕਿ ਇਹ ਐਨਕਾਂ ਪਹਿਨ ਕੇ ਕਿਵੇਂ ਕਿਸੇ ਵੱਖਰੀ ਭਾਸ਼ਾ ਵਾਲੀ ਥਾਂ ਉੱਤੇ ਭਾਸ਼ਾਈ ਸਮੱਸਿਆ ਦਾ ਹੱਲ ਕੀਤਾ ਜਾਂਦਾ ਹੈ। ਇਸ ਅੰਕ ਵਿੱਚ ਏ.ਆਈ. ਨਾਲ ਜੁੜੀ ਇੱਕ ਹੋਰ ਖਬਰ ਸਾਂਝੀ ਕਰ ਰਹੇ ਹਾਂ ਜੋ ਏ.ਆਈ. ਨਾਲ ਭਵਿੱਖ ਵਿੱਚ ਹੋਣ ਵਾਲੀਆਂ ਤਬਦੀਲੀਆਂ ਦੀ ਇੱਕ ਝਲਕ ਪੇਸ਼ ਕਰਦੀ ਹੈ।***



ਯੂਰਪੀ ਦੇਸ਼ ਅਲਬਾਨੀਆ ਨੇ ਇੱਕ ਨਿਵੇਕਲੀ ਪਹਿਲ ਕਰਦਿਆਂ ਆਪਣੇ ਦੇਸ਼ ਦੇ ਮੰਤਰੀ ਮੰਡਲ ਵਿੱਚ ਇੱਕ *ਏ.ਆਈ.* ਰੋਬੋਟ ਨੂੰ ਸ਼ਾਮਲ ਕੀਤਾ ਹੈ। ਇਸ ਮੰਤਰੀ ਦਾ ਨਾਮ 'ਡਿਏਲਾ' ਹੈ ਜਿਸ ਦਾ ਭਾਵ ਹੈ ਸੂਰਜ। ਇਸ ਸਬੰਧੀ ਦਿਲਚਸਪ ਗੱਲ ਹੈ ਕਿ ਡਿਏਲਾ ਨੂੰ ਮੰਤਰੀ ਵਜੋਂ ਲਿਆਉਣ ਦਾ ਮਕਸਦ ਦੇਸ਼ ਵਿੱਚੋਂ ਭ੍ਰਿਸ਼ਟਾਚਾਰ ਨੂੰ ਰੋਕਣਾ ਹੈ। ਅਲਬਾਨੀਆ ਵਿੱਚ ਭ੍ਰਿਸ਼ਟਾਚਾਰ ਵੱਡੇ ਪੱਧਰ ਉੱਤੇ ਹੈ ਅਤੇ ਅਲਬਾਨੀਆ ਨੇ ਯੂਰਪੀਅਨ ਯੂਨੀਅਨ ਵਿੱਚ ਸ਼ਾਮਿਲ ਹੋਣ ਲਈ ਅਰਜੀ ਦਿੱਤੀ ਹੋਈ ਹੈ, ਪਰ ਯੂਰਪੀਅਨ ਯੂਨੀਅਨ ਨੇ ਉਸ ਉੱਤੇ ਸ਼ਰਤ ਲਗਾਈ ਹੋਈ ਹੈ ਕਿ ਪਹਿਲਾਂ ਆਪਣੇ ਦੇਸ਼ ਵਿੱਚੋਂ ਭ੍ਰਿਸ਼ਟਾਚਾਰ ਨੂੰ ਖਤਮ ਕਰੋ। (ਵਰਣਨਯੋਗ ਹੈ ਕਿ ਯੂਰਪੀਅਨ ਯੂਨੀਅਨ ਕਿਸੇ ਦੇਸ਼ ਨੂੰ ਮੈਂਬਰ ਬਣਾਉਣ ਤੋਂ ਪਹਿਲਾਂ ਉਸ ਦੇਸ਼ ਵਿੱਚ ਜਮਹੂਰੀਅਤ, ਮਾਨਵ ਅਧਿਕਾਰਾਂ ਅਤੇ ਭ੍ਰਿਸ਼ਟਾਚਾਰ ਵਰਗੇ ਮਾਪ ਦੰਡਾਂ ਉੱਤੇ ਪੂਰਾ ਉਤਰਨ ਦੀ ਸ਼ਰਤ ਲਗਾਉਂਦੀ ਹੈ)

ਬਹੁਤੇ ਦੇਸ਼ਾਂ ਵਿੱਚ, ਸਰਕਾਰੀ ਪੱਧਰ ਉੱਤੇ ਹੋਣ ਵਾਲੀ ਕੁਰੱਪਸ਼ਨ ਵਿੱਚ ਟੈਂਡਰ ਪਾਸ ਕਰਨ ਵੇਲੇ ਵੱਡਾ ਘਪਲਾ ਹੁੰਦਾ ਹੈ, ਟੈਂਡਰ ਪਾਸ ਕਰਨ ਲਈ ਵੱਡੇ ਕਮਿਸ਼ਨ ਦਿੱਤੇ ਜਾਂਦੇ ਹਨ, ਸਿਆਸੀ ਸਬੰਧ ਵਰਤੇ ਜਾਂਦੇ ਹਨ। ਇਹ ਕੁਝ ਅਲਬਾਨੀਆ ਵਿੱਚ ਵੀ ਹੋ ਰਿਹਾ ਸੀ। ਅਲਬਾਨੀਆ ਵਿੱਚ ਸਰਕਾਰੀ ਟੈਂਡਰਾਂ ਨੂੰ ਹੁਣ ਡਿਏਲਾ ਦੇਖੇਗੀ ਕਿ ਟੈਂਡਰ ਪਾਸ ਕਰਨ ਲਈ ਕੋਈ ਰਿਸ਼ਵਤ ਜਾਂ ਸਿਆਸੀ ਸਬੰਧ ਨਾ ਵਰਤੇ ਜਾਣ। ਇਸ ਦੀ ਬਜਾਏ ਡਿਏਲਾ ਆਪਣੀ ਮਸ਼ੀਨੀ ਬੁੱਧੀ ਨਾਲ ਇਹ ਯਕੀਨੀ ਬਣਾਵੇਗੀ ਕਿ ਟੈਂਡਰ ਦੀਆਂ ਸ਼ਰਤਾਂ ਨੂੰ ਸਹੀ ਢੰਗ ਨਾਲ ਪੂਰੀਆਂ ਕਰਨ ਵਾਲੇ ਅਤੇ ਖਜ਼ਾਨੇ ਉੱਤੇ ਘੱਟ ਬੋਝ ਪਾਉਣ ਵਾਲੇ ਟੈਂਡਰਾਂ ਨੂੰ ਹੀ ਮਨਜ਼ੂਰ ਕੀਤਾ ਜਾਵੇ।

ਡਿਏਲਾ ਨੂੰ ਉਥੋਂ ਦੀ ਰਾਜ ਕਰ ਰਹੀ ਸੋਸ਼ਲਿਸਟ ਪਾਰਟੀ ਲੈ ਕੇ ਆਈ ਹੈ। ਸੋਸ਼ਲਿਸਟ ਪਾਰਟੀ 2003 ਤੋਂ ਲਗਾਤਾਰ ਤਿੰਨ ਚੋਣਾਂ ਜਿੱਤ ਕੇ ਸੱਤਾ ਵਿੱਚ ਬਣੀ ਹੋਈ ਹੈ ਅਤੇ ਹੁਣ ਚੌਥੀ ਚੋਣ ਦੀ ਤਿਆਰੀ ਹੈ।

ਆਰਟੀਫਿਸ਼ੀਅਲ ਇੰਟੈਲੀਜੈਂਸ ਨਾਲ ਲੈਸ ਇਸ ਮਸ਼ੀਨੀ ਮੰਤਰੀ ਨੇ 18 ਸਤੰਬਰ ਨੂੰ ਪਾਰਲੀਮੈਂਟ ਨੂੰ ਇਕ ਸਕਰੀਨ ਉੱਤੇ ਸੰਬੋਧਨ ਕਰਦਿਆਂ ਕਿਹਾ ਕਿ ਉਹ ਮਨੁੱਖਾਂ ਦੀ ਥਾਂ ਲੈਣ ਲਈ ਨਹੀਂ ਬਲਕਿ ਉਨ੍ਹਾਂ ਦੀ ਮਦਦ ਲਈ ਹਾਜ਼ਰ ਹੋਈ ਹੈ। ਉਥੋਂ ਦੀਆਂ ਵਿਰੋਧੀ ਪਾਰਟੀਆਂ ਨੇ ਇਹ ਤਕਨੀਕੀ ਨੁਕਤਾ ਉਠਾਇਆ ਸੀ ਕਿ ਇਸ ਮਸ਼ੀਨੀ ਮੰਤਰੀ ਕੋਲ ਅਲਬਾਨੀਆ ਦੀ ਨਾਗਰਿਕਤਾ ਨਹੀਂ ਹੈ। ਇਸ ਇਤਰਾਜ ਦਾ ਜਵਾਬ ਦਿੰਦਿਆਂ ਉਸਨੇ ਕਿਹਾ, "ਇਹ ਸੱਚ ਹੈ ਕਿ ਮੇਰੇ ਕੋਲ ਕੋਈ ਨਾਗਰਿਕਤਾ ਨਹੀਂ ਹੈ ਪਰ ਮੇਰੀਆਂ ਕੋਈ ਨਿੱਜੀ ਇੱਛਾਵਾਂ ਜਾਂ ਨਿੱਜੀ ਹਿੱਤ ਵੀ ਤਾਂ ਨਹੀਂ ਹਨ।"

*'ਦੇਖ ਭਾਈ ਪਾਠਕਾ, ਰੰਗ ਵਿਗਿਆਨ ਦੇ'*

## ਅਲਬਾਨੀਆ ਬਾਰੇ ਇੱਕ ਦਿਲਚਸਪ ਤੱਥ

ਅਲਬਾਨੀਆ ਦੇ ਕ੍ਰਾਂਤੀਕਾਰੀ ਆਗੂ ਐਨਵਰ ਹੌਜ਼ਾ ਨੇ 1944 ਵਿੱਚ ਸੱਤਾ ਸੰਭਾਲਣ ਬਾਅਦ ਅਲਬਾਨੀਆ ਨੂੰ ਨਾਸਤਿਕ ਦੇਸ਼ ਐਲਾਨ ਦਿੱਤਾ ਸੀ। ਇਸ ਤਰ੍ਹਾਂ ਅਲਬਾਨੀਆ ਦੁਨੀਆ ਦਾ ਪਹਿਲਾ ਅਜਿਹਾ ਦੇਸ਼ ਬਣ ਗਿਆ ਜੋ ਐਲਾਨੀਆਂ ਤੌਰ ਤੇ ਨਾਸਤਿਕ ਸੀ। ਉਸਨੇ ਇੱਕ ਕਾਨੂੰਨ ਰਾਹੀਂ ਸਾਰੇ ਨਾਗਰਿਕਾਂ ਨੂੰ ਇਹ ਹਦਾਇਤ ਕੀਤੀ ਕਿ ਉਨ੍ਹਾਂ ਦੇ ਨਾਵਾਂ ਤੋਂ ਉਨ੍ਹਾਂ ਦੇ ਪਿਤਰੀ ਧਰਮ ਦਾ ਪਤਾ ਨਹੀਂ ਚਲਣਾ ਚਾਹੀਦਾ। ਉਹ ਪੂਰੀ ਤਰ੍ਹਾਂ ਅਲਬਾਨੀਆਈ ਨਾਮ ਹੋਣ ਜਿਨ੍ਹਾਂ ਵਿੱਚੋਂ ਉਨ੍ਹਾਂ ਦੇ ਅਲਬਾਨੀਆਈ ਹੋਣ ਦੀ ਹੀ ਝਲਕ ਮਿਲੇ ਨਾ ਕਿ ਮੁਸਲਮਾਨ ਜਾਂ ਇਸਾਈ ਹੋਣ ਦੀ।

# ਸਵਾਮੀ ਚੇਤਨਯਾਨੰਦ ਦੀ ਕਰਤੂਤ

ਆਪਣੇ ਆਪ ਨੂੰ ਧਾਰਮਿਕ ਮਹਾਂਪੁਰਸ਼ ਅਖਵਾਉਣ ਵਾਲੇ ਸਾਧਾਂ, ਸੰਤਾਂ, ਸਵਾਮੀਆਂ ਦੀਆਂ ਕਰਤੂਤਾਂ ਵੈਸੇ ਤਾਂ ਹੁਣ ਕੋਈ ਲੁਕੀਆਂ ਛੁਪੀਆਂ ਗੱਲਾਂ ਨਹੀਂ ਰਹੀਆਂ। ਕਈ ਵਾਰ ਤਾਂ ਇਹਨਾਂ ਬਾਰੇ ਗੱਲ ਕਰਨੀ ਵੀ ਪੁਰਾਣੀਆਂ ਗੱਲਾਂ ਨੂੰ ਦੁਹਰਾਉਣਾ ਹੀ ਲੱਗਦਾ ਹੈ। ਪਰ ਸਮੇਂ-ਸਮੇਂ 'ਤੇ ਇਹਨਾਂ ਦੇ ਅਜਿਹੇ ਕਾਰਨਾਮੇ ਸਾਹਮਣੇ ਆਉਂਦੇ ਹਨ ਕਿ ਪੁਰਾਣੇ ਸਾਰੇ ਕਿੱਸੇ ਫਿੱਕੇ ਪੈ ਜਾਂਦੇ ਹਨ। ਇਸ ਪ੍ਰਸੰਗ ਵਿੱਚ ਤਾਜਾ ਉਦਾਹਰਣ 28 ਸਤੰਬਰ ਨੂੰ ਆਗਰੇ ਤੋਂ ਫੜੇ ਗਏ ਸਵਾਮੀ ਚੇਤਨਯਾਨੰਦ ਸਰਸਵਤੀ ਦੀ ਹੈ। ਇਸ ਸੁਆਮੀ ਨੇ ਦਿੱਲੀ ਵਿੱਚ ਇੱਕ ਕਾਲਜ 'ਦ ਸ਼ਾਰਦਾ ਇੰਸਟੀਚਿਊਟ ਆਫ ਮੈਨੇਜਮੈਂਟ' ਚਲਾਇਆ ਹੋਇਆ ਹੈ। ਉਸ ਕਾਲਜ ਦੇ ਹੋਸਟਲ ਵਿੱਚ ਜੋ ਲੜਕੀਆਂ ਰਹਿੰਦੀਆਂ ਸਨ, ਉਨ੍ਹਾਂ ਨੂੰ ਇਹ ਨਾ ਸਿਰਫ ਖੁਦ ਨਾਲ ਨਾਜਾਇਜ਼ ਸਬੰਧ ਬਣਾਉਣ ਲਈ ਮਜਬੂਰ ਕਰਦਾ ਸੀ, ਬਲਕਿ ਇੱਕ ਲੜਕੀ ਉੱਤੇ ਤਾਂ ਦੁਬਈ ਦੇ ਇੱਕ ਸ਼ੇਖ ਕੋਲ ਜਾਣ ਲਈ ਵੀ ਦਬਾਅ ਬਣਾਇਆ ਗਿਆ।

ਲੜਕੀਆਂ ਨੂੰ ਮਜਬੂਰ ਕਰਨ ਵਾਸਤੇ ਉਹ ਕਈ ਤਰੀਕੇ ਵਰਤਦਾ ਸੀ। ਇਸ ਕਾਲਜ ਦੀ ਇੱਕ ਸਹਾਇਕ ਡੀਨ ਅਤੇ ਦੋ ਵਾਰਡਨ ਔਰਤਾਂ ਲੜਕੀਆਂ ਉਤੇ ਇਸ ਕੰਮ ਲਈ ਦਬਾਅ ਬਣਾਉਂਦੀਆਂ ਸਨ। ਉਹ ਤਿੰਨੇ ਔਰਤਾਂ ਵੀ ਗ੍ਰਿਫਤਾਰ ਕੀਤੀਆਂ ਗਈਆਂ ਅਤੇ ਪੁਲਿਸ ਕੋਲ ਉਨ੍ਹਾਂ ਨੇ ਮੰਨਿਆ ਕਿ ਉਹ ਚੇਤਨਯਾਨੰਦ ਦੇ ਕਹਿਣ ਉੱਤੇ ਇਹ ਸਾਰਾ ਕੁਝ ਕਰਦੀਆਂ ਸਨ। ਉਹ ਵਿਦਿਆਰਥਣਾਂ ਵਿੱਚੋਂ ਆਰਥਿਕ ਤੌਰ 'ਤੇ ਕਮਜ਼ੋਰ ਲੜਕੀਆਂ ਨੂੰ ਆਪਣਾ ਨਿਸ਼ਾਨਾ ਬਣਾਉਂਦਾ ਸੀ ਅਤੇ ਉਨ੍ਹਾਂ ਨੂੰ ਮਹਿੰਗੇ ਤੋਹਫਿਆਂ ਦਾ ਲਾਲਚ ਦਿੰਦਾ ਸੀ।

ਉਸ ਉੱਤੇ 17 ਵਿਦਿਆਰਥਣਾਂ ਨਾਲ ਅਸ਼ਲੀਲ ਵਿਵਹਾਰ ਕਰਨ ਦਾ ਦੋਸ਼ ਹੈ। ਜਦ ਉਸਦੇ ਆਸ਼ਰਮ ਦੀ ਤਲਾਸ਼ੀ ਲਈ ਗਈ ਤਾਂ ਉਸ ਦੇ ਕਮਰੇ ਵਿੱਚੋਂ ਸੈਕਸ ਟੁਆਏ ਅਤੇ ਪੰਜ ਅਸ਼ਲੀਲ ਸੀਡੀਆਂ ਮਿਲੀਆਂ। ਇਸ ਤੋਂ ਇਲਾਵਾ ਸੰਸਾਰ ਦੇ ਵੱਡੇ ਲੀਡਰਾਂ, ਜਿਵੇਂ ਬਰਾਕ ਓਬਾਮਾ ਆਦਿ ਨਾਲ ਉਸ ਦੀਆਂ ਫੋਟੋਆਂ ਵੀ ਮਿਲੀਆਂ ਜੋ ਕਿ ਏ.ਆਈ. ਦੀ ਮਦਦ ਨਾਲ ਤਿਆਰ ਕੀਤੀਆਂ ਗਈਆਂ ਸਨ। (ਅਸਲ ਵਿੱਚ ਉਹ ਇਨ੍ਹਾਂ ਸ਼ਖਸੀਅਤਾਂ ਨੂੰ ਕਦੇ ਨਹੀਂ ਮਿਲਿਆ ਸੀ) ਕੁੜੀਆਂ ਨੇ ਸਬੂਤ ਵਜੋਂ ਆਪਣੇ ਫੋਨਾਂ ਵਿੱਚੋਂ ਉਸ ਵੱਲੋਂ ਭੇਜੇ ਮੈਸੇਜ਼ ਦਿਖਾਏ ਜਿਨ੍ਹਾਂ ਵਿੱਚੋਂ ਇੱਕ ਲੜਕੀ ਨੂੰ ਉਸਦਾ ਮੈਸੇਜ਼ ਸੀ –'ਡੁਬਈ ਦਾ ਇੱਕ ਸ਼ੇਖ ਸੈਕਸ ਸਾਥੀ ਚਾਹੁੰਦਾ ਹੈ, ਕੀ ਤੇਰੀ ਕੋਈ ਸਹੇਲੀ ਇਸ ਲਈ ਹੈ?' ਹੋਰ ਮੈਸੇਜਾਂ ਵਿੱਚ ਵੀ ਉਹ ਉਨ੍ਹਾਂ ਨਾਲ ਅਸ਼ਲੀਲ ਗੱਲਾਂ ਅਤੇ ਅਸ਼ਲੀਲ ਇਸ਼ਾਰੇ ਕਰਦਾ ਸੀ।

ਸਵਾਮੀ ਚੇਤਨਯਾਨੰਦ ਸਰਸਵਤੀ ਵਜੋਂ ਜਾਣੇ ਜਾਂਦੇ ਇਸ ਸਾਧ ਦਾ ਅਸਲ ਨਾਮ ਪਾਰਥਾਸਾਰਥੀ ਹੈ ਅਤੇ ਉਹ ਉੜੀਸਾ ਨਾਲ ਸਬੰਧ ਰੱਖਦਾ ਹੈ। ਵਰਣਨਯੋਗ ਹੈ ਕਿ ਉਸ ਦੀ ਉਮਰ 62 ਸਾਲ ਹੈ। ਉਹ ਪਿਛਲੇ ਦੋ ਮਹੀਨੇ ਤੋਂ ਫਰਾਰ ਸੀ ਅਤੇ ਹੁਣ 28 ਸਤੰਬਰ ਨੂੰ ਉਹ ਆਗਰਾ ਦੇ ਇੱਕ ਹੋਟਲ ਵਿੱਚੋਂ ਫੜਿਆ ਗਿਆ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਸੁਵਾਮੀਆਂ ਵਿੱਚ ਅਜਿਹੀਆਂ ਕਰਤੂਤਾਂ ਕਰਨ ਦੀ ਤਾਕਤ ਕਿੱਥੋਂ ਆਉਂਦੀ ਹੈ? ਉੱਤਰ ਹੈ ਕਿ ਅੰਧ-ਭਗਤਾਂ ਵੱਲੋਂ ਉਨ੍ਹਾਂ ਨੂੰ ਜੋ ਬੇਥਾਹ ਪੈਸਾ ਚੜ੍ਹਾਇਆ ਜਾਂਦਾ ਹੈ, ਉਸ ਦੇ ਸਿਰ ਉੱਤੇ ਇਹ ਅਯਾਸ਼ੀ ਕਰਦੇ ਹਨ। ਜਿਵੇਂ ਇਸ ਬਾਬੇ ਦੀ ਅੱਠ ਕਰੋੜ ਦੀ ਜਾਇਦਾਦ ਪੁਲਿਸ ਨੇ ਸੀਲ ਕੀਤੀ ਹੈ। ਇਸ ਤੋਂ ਬਿਨਾਂ ਐਫ.ਆਈ.ਆਰ. ਦਰਜ਼ ਹੋਣ



ਤੋਂ ਪਿੱਛੋਂ ਵੀ ਇਹ 50 ਲੱਖ ਰੁਪਈਆ ਕਢਾ ਕੇ ਲੈ ਗਿਆ ਸੀ। ਸਪਸ਼ਟ ਹੈ ਕਿ ਇਹ ਸਾਰਾ ਪੈਸਾ ਉਸਦੇ ਸ਼ਰਧਾ-ਉਲੂਆਂ ਵੱਲੋਂ ਹੀ ਦਿੱਤਾ ਗਿਆ ਸੀ। ਉਸ ਕਾਲਜ ਵਿੱਚ ਦਾਖਲ ਹੋਣ ਵਾਲੀਆਂ ਕਈ ਲੜਕੀਆਂ ਦੇ ਮਾਪਿਆਂ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਆਪਣੀਆਂ ਬੱਚੀਆਂ ਨੂੰ ਇਸ ਕਾਲਜ ਵਿੱਚ ਇਹ ਸੋਚ ਕੇ ਦਾਖਲ ਕਰਵਾਇਆ ਕਿ ਇਸ ਦਾ ਡਾਇਰੈਕਟਰ ਇੱਕ ਧਾਰਮਿਕ ਵਿਅਕਤੀ ਹੈ ਸੋ ਉਥੇ ਉਨ੍ਹਾਂ ਦੇ ਬੱਚੇ ਚੰਗੇ ਨੈਤਿਕ ਗੁਣ ਸਿੱਖਣਗੇ। ਹੁਣ ਉਨ੍ਹਾਂ ਨੂੰ ਇਹ ਸਚਾਈ ਸਮਝ ਆ ਜਾਣੀ ਚਾਹੀਦੀ ਹੈ ਕਿ ਜਿਆਦਾਤਰ ਧਾਰਮਿਕ ਵਿਅਕਤੀਆਂ ਦਾ ਨੈਤਿਕਤਾ ਨਾਲ ਕੋਈ ਦੂਰ ਦਾ ਵਾਸਤਾ ਵੀ ਨਹੀਂ ਹੁੰਦਾ।

ਉਸ ਦੀ ਤਫਤੀਸ਼ ਕਰਨ ਵਾਲੇ ਪੁਲਿਸ ਵਾਲਿਆਂ ਦਾ ਕਹਿਣਾ ਹੈ ਕਿ ਇਹ ਕੁਝ ਸਾਹਮਣੇ ਆਉਣ 'ਤੇ ਵੀ ਉਸ ਨੂੰ ਕੋਈ ਪਛਤਾਵਾ ਜਾਂ ਗਲਤੀ ਮਹਿਸੂਸ ਨਹੀਂ ਹੋ ਰਹੀ।

# ਹੜ੍ਹਾਂ ਦੀ ਸਮੱਸਿਆ ਦਾ ਤਰਕਸ਼ੀਲ ਵਿਸ਼ਲੇਸ਼ਣ

ਪ੍ਰੋ. ਰਾਜਿੰਦਰ ਪਾਲ ਸਿੰਘ

ਪੰਜਾਬ ਵਿੱਚ ਹਰ ਸਾਲ ਹੀ ਹੜ੍ਹ ਕੁਝ ਇਲਾਕੇ ਦਾ ਨੁਕਸਾਨ ਕਰਦਾ ਹੈ ਪਰ 1947, 1955, 1988, 1993, 2023 ਵਿੱਚ ਆਏ ਹੜ੍ਹਾਂ ਨੇ ਵਧੇਰੇ ਨੁਕਸਾਨ ਕੀਤਾ ਸੀ। ਇਸ ਸਾਲ 2025 ਵਿੱਚ ਇੱਕ ਵਾਰ ਫਿਰ ਹੜ੍ਹ ਆਏ ਜਿਸ ਨਾਲ ਜਾਨ ਮਾਲ ਦਾ ਨੁਕਸਾਨ ਹੋਣ ਤੋਂ ਇਲਾਵਾ ਪਰੇਸ਼ਾਨੀ ਵੀ ਝੱਲਣੀ ਪਈ ਹੈ। ਮੋਟੇ ਅੰਦਾਜ਼ੇ ਅਨੁਸਾਰ ਅੱਧੇ ਸੈਂਕੜੇ ਤੋਂ ਵੱਧ ਜਾਨਾਂ ਚਲੀਆਂ ਗਈਆਂ ਹਨ, ਹਜ਼ਾਰਾਂ ਪਸ਼ੂ ਮਰ ਗਏ, ਲਗਭਗ ਪੌਣੇ ਚਾਰ ਲੱਖ ਏਕੜ ਫਸਲ ਮਰ ਗਈ ਹੈ, ਖੇਤਾਂ ਵਿੱਚ ਰੇਤ ਭਰ ਗਈ ਹੈ, ਬਹੁਤ ਸਾਰੇ ਘਰ ਢਹਿ ਗਏ ਹਨ ਜਾਂ ਕਮਜ਼ੋਰ ਹੋ ਗਏ ਹਨ, ਘਰਾਂ ਵਿੱਚ ਪਿਆ ਸਮਾਨ ਖਰਾਬ ਹੋ ਗਿਆ ਹੈ। ਕਈ ਪਿੰਡ ਪ੍ਰਭਾਵਿਤ ਹੋਏ ਹਨ, ਲੱਖਾਂ ਪਰਿਵਾਰ ਮੁਸ਼ਕਿਲ ਵਿੱਚ ਫਸੇ ਹਨ। ਇਸ ਮਸਲੇ ਉੱਪਰ ਪ੍ਰਭਾਵਿਤ ਲੋਕਾਂ ਅਤੇ ਹਮਦਰਦੀ ਵਾਲੇ ਲੋਕਾਂ ਤੋਂ ਇਲਾਵਾ ਕੇਂਦਰ ਸਰਕਾਰ, ਪੰਜਾਬ ਸਰਕਾਰ, ਸਿਆਸੀ ਪਾਰਟੀਆਂ, ਧਾਰਮਿਕ ਅਤੇ ਸਮਾਜਿਕ ਜੱਥੇਬੰਦੀਆਂ ਆਪੋ ਆਪਣੇ ਢੰਗ ਨਾਲ ਹੜ੍ਹਾਂ ਦੇ ਕਾਰਨ ਅਤੇ ਇਲਾਜ ਹੀ ਨਹੀਂ ਦੱਸ ਰਹੇ ਸਗੋਂ ਦੋਸ਼ ਪ੍ਰਤੀਦੋਸ਼ ਦਾ ਵੀ ਚੱਕਰ ਚੱਲਿਆ ਹੋਇਆ ਹੈ। ਮੀਡੀਆ ਅਤੇ ਸੋਸ਼ਲ ਮੀਡੀਆ ਉੱਪਰ ਪਈ ਕਾਵਾਂ-ਰੌਲੀ ਸਦਕਾ ਹੜ੍ਹਾਂ ਦਾ ਕਾਰਨ ਸਮਝਣ, ਰਾਹਤ ਦੇਣ ਅਤੇ ਭਵਿੱਖਬੰਦੀ ਲਈ ਪੇਸ਼ਬੰਦੀ ਕਰਨੀ ਹੋਰ ਵੀ ਔਖੀ ਹੋ ਗਈ ਹੈ। ਇਸ ਲਈ ਇਹ ਜਰੂਰੀ ਬਣ ਜਾਂਦਾ ਹੈ ਕਿ ਹੜ੍ਹਾਂ ਦੀ ਸਮੱਸਿਆ ਨੂੰ ਨਿਰਪੱਖ, ਤਰਕਸ਼ੀਲ ਅਤੇ ਵਿਗਿਆਨਕ ਢੰਗ ਨਾਲ ਸਮਝਿਆ ਜਾਵੇ ਅਤੇ ਭਵਿੱਖ ਲਈ ਯੋਜਨਾਬੰਦੀ ਕੀਤੀ ਜਾਵੇ ਤਾਂ ਜੋ ਅਜਿਹੇ ਦੁੱਖ ਦੁਬਾਰਾ ਨਾ ਭੋਗਣੇ ਪੈਣ।

### ਰੱਬੀ ਭਾਣਾ/ਕੁਦਰਤ ਦਾ ਕਹਿਰ ਜਾਂ ਮਨੁੱਖੀ ਗਲਤੀ

ਸਭ ਤੋਂ ਪਹਿਲਾਂ ਵਿਗਿਆਨਕ ਤੌਰ 'ਤੇ ਇਹ ਸਮਝਣ ਦੀ ਜਰੂਰਤ ਹੈ ਕਿ ਮੀਂਹ ਕਿਵੇਂ ਪੈਂਦਾ ਹੈ? ਅਤੇ ਹੜ੍ਹ ਕਿਉਂ ਆਉਂਦੇ ਹਨ? ਕੋਈ ਸਮਾਂ ਸੀ ਜਦੋਂ ਇਸ ਨੂੰ ਇੰਦਰ ਦੇਵਤਾ ਜਾਂ ਕਿਸੇ ਹੋਰ ਦੇਵੀ-ਦੇਵਤੇ ਦੀ ਬਖਸ਼ਿਸ਼ ਜਾਂ ਕਰੋਪੀ ਸਮਝ ਲਿਆ ਜਾਂਦਾ ਸੀ, ਪਰ ਅੱਜ ਕਲ੍ਹ ਆਮ ਸਮਝ ਵਾਲਾ ਵਿਅਕਤੀ ਵੀ ਜਾਣਦਾ ਹੈ ਕਿ ਧਰਤੀ ਉਪਰਲਾ ਪਾਣੀ ਜੋ ਮੁੱਖ ਤੌਰ 'ਤੇ ਸਮੁੰਦਰ ਵਿੱਚ ਹੈ, ਸੂਰਜ ਦੀ ਗਰਮੀ ਨਾਲ ਵਾਸ਼ਪੀਕਰਨ ਰਾਹੀਂ ਹਵਾ ਵਿੱਚ ਉੱਡਦਾ ਰਹਿੰਦਾ ਹੈ। ਇਸ ਨਾਲ ਬੱਦਲ ਬਣਦੇ ਰਹਿੰਦੇ ਹਨ। ਇਹੀ ਬੱਦਲਾਂ ਵਿਚਲਾ ਪਾਣੀ ਮੀਂਹ ਬਣ ਕੇ ਧਰਤੀ ਉੱਤੇ ਪਰਤ ਆਉਂਦਾ ਹੈ। ਹੁਣ ਤੁਸੀਂ ਪੁੱਛੋਗੇ ਕਿ ਜਿਹੜੀ ਗੱਲ ਸਕੂਲ ਪੜ੍ਹਦੇ ਬੱਚੇ-ਬੱਚੇ ਨੂੰ ਪਤਾ ਹੈ, ਉਹ ਦੱਸਣ ਦਾ ਕੀ ਫਾਇਦਾ ਹੈ? ਦੱਸਣ ਅਤੇ ਸਮਝਣ ਵਾਲੀ ਗੱਲ ਇਹ ਹੈ ਕਿ ਇਹ ਕੁਦਰਤੀ ਪ੍ਰਕਿਰਿਆ ਹੈ ਅਤੇ ਇਸ ਪਿੱਛੇ ਕੋਈ ਰੱਬੀ ਹੁਕਮ ਨਹੀਂ ਹੈ। ਸੋ ਇਸ ਨੂੰ 'ਐਕਟ ਆਫ ਗਾਡ' ਨਹੀਂ 'ਐਕਟ ਆਫ ਨੇਚਰ' ਸਮਝਣਾ ਚਾਹੀਦਾ ਹੈ, ਜੋ ਖਾਸ ਨਿਯਮਾਂ ਤੇ ਪ੍ਰਸਥਿਤੀਆਂ ਅਧੀਨ ਵਾਪਰਦਾ ਹੈ। ਜਿਸ ਵਿੱਚ ਬਹੁਤ ਸਾਰੇ ਕਾਰਨ ਹਨ ਜਿਵੇਂ ਪਾਣੀ ਦੀ ਮੌਜੂਦਗੀ, ਗਰਮੀ ਹੋਣਾ, ਹਵਾ ਦਾ ਵਗਣਾ, ਹਵਾ ਦਾ ਦਬਾਉ, ਐਲਨੀਨੋ ਪ੍ਰਭਾਵ, ਚੱਕਰਵਾਤਾਂ ਦਾ ਆਉਣਾ, ਹਵਾ ਦਾ ਘੁੰਮਣ ਘੇਰ ਬਣਾਉਣਾ, ਆਦਿ। ਇਨ੍ਹਾਂ ਵਿਗਿਆਨਕ ਕਾਰਨਾਂ ਨੂੰ ਜਾਣ ਕੇ ਮੀਂਹ ਬਾਰੇ ਕਾਫੀ ਹੱਦ ਤਕ ਸਹੀ ਪੂਰਵ ਅਨੁਮਾਨ ਲਗਾਏ ਜਾ ਸਕਦੇ ਹਨ ਅਤੇ ਮੌਸਮ ਵਿਭਾਗ ਲਗਾਉਂਦਾ ਵੀ ਹੈ। ਉਪਗ੍ਰਹਿਆਂ ਰਾਹੀਂ ਹਵਾ ਦੀਆਂ ਵੱਖ-ਵੱਖ ਪਰਤਾਂ ਤੋਂ ਡਾਟਾ ਲੈਣ ਅਤੇ ਉਸ ਡਾਟੇ ਦਾ ਕੰਪਿਊਟਰ ਰਾਹੀਂ ਵਿਸ਼ਲੇਸ਼ਣ ਕਰਨ ਨਾਲ ਕਾਫੀ ਹੱਦ ਤਕ ਸਹੀ ਪੂਰਵ-ਅਨੁਮਾਨ ਲਗਾਏ ਜਾਣੇ ਸੰਭਵ ਹੋਏ ਹਨ। ਇਹ ਤਕਨੀਕ ਹੋਰ ਵਿਕਸਿਤ ਕਰਨ ਦੀ ਜਰੂਰਤ ਹੈ ਕਿਉਂਕਿ ਅਜੇ ਵੀ ਕਈ ਵਾਰ ਕੁਝ ਕਾਰਨ ਸਮਝ ਨਹੀਂ ਆ ਰਹੇ ਜਾਂ ਇਹ ਕਹਿ ਲਵੋ ਕਿ ਹਰ ਕਾਰਕ ਦਾ ਪੂਰਾ ਸਹੀ ਡਾਟਾ ਨਹੀਂ ਪਹੁੰਚ ਰਿਹਾ ਪਰ ਪਹਿਲਾਂ ਦੇ ਮੁਕਾਬਲੇ ਵਧੇਰੇ ਸਹੀ ਅਨੁਮਾਨ ਲਗਾਏ ਜਾ ਰਹੇ ਹਨ।

ਇਸ ਤੋਂ ਅੱਗੇ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਜੇ ਮੀਂਹ ਪੈਣਾ 'ਐਕਟ ਆਫ਼ ਨੇਚਰ' ਹੈ ਤਾਂ ਮੀਂਹ ਦਾ ਹੜ੍ਹਾਂ ਵਿੱਚ ਬਦਲਣਾ ਅੱਜ ਦੇ ਯੁੱਗ ਵਿੱਚ 'ਐਕਟ ਆਫ ਮੈਨ' ਭਾਵ ਮਨੁੱਖੀ ਗਲਤੀ ਹੈ। ਕਿਉਂਕਿ ਅੱਜ ਜਿੰਨੀ ਵਿਗਿਆਨ ਅਤੇ ਤਕਨੀਕ ਤਰੱਕੀ ਕਰ ਗਈ ਹੈ, ਇਹ ਹੜ੍ਹ ਬਿਨਾਂ ਸ਼ੱਕ ਰੋਕੇ ਜਾ ਸਕਦੇ ਹਨ। ਹੜ੍ਹਾਂ ਲਈ ਮੁੱਖ ਤੌਰ 'ਤੇ ਕੇਂਦਰ ਅਤੇ ਪੰਜਾਬ ਸਰਕਾਰ ਜ਼ਿੰਮੇਵਾਰ ਹਨ, ਸਰਕਾਰਾਂ ਨੂੰ ਚਲਾਉਣ ਵਾਲੇ ਆਪਣੀ ਜ਼ਿੰਮੇਵਾਰੀ ਤੋਂ ਬਚਣ ਲਈ ਰੱਬ ਦੀ ਕਰੋਪੀ ਜਾਂ ਰੱਬ ਅੱਗੇ ਕੀਹਦਾ ਜੋਰ ਵਰਗੀਆਂ ਕਹਾਣੀਆਂ ਘੜਦੇ, ਸੁਣਾਉਂਦੇ ਅਤੇ ਪ੍ਰਚਾਰਦੇ ਹਨ ਅਤੇ ਆਮ ਲੋਕਾਂ ਨੂੰ ਵੀ ਪ੍ਰਾਰਥਨਾਵਾਂ ਕਰਨ/ਅਰਦਾਸਾਂ ਕਰਨ ਦੀਆਂ ਸਲਾਹਾਂ ਦਿੰਦੇ ਹਨ। ਇਕ ਅੰਗਰੇਜ਼ ਅਫਸਰ ਲਿਖਦਾ ਹੈ ਕਿ ਪੰਜਾਬ ਦੇ ਕੁਝ ਇਲਾਕਿਆਂ ਵਿੱਚ ਜਦੋਂ ਹੜ੍ਹ ਆਉਂਦਾ ਹੈ ਤਾਂ ਉਸ ਨੂੰ ਬੱਕਰੀਆਂ ਭੇਟ ਕੀਤੀਆਂ ਜਾਂਦੀਆਂ ਹਨ, ਅੱਜ ਵੀ ਸਾਡੇ ਅੱਖੀਂ ਵੇਖਣ ਦੀ ਗੱਲ ਹੈ ਕਿ ਪਟਿਆਲੇ ਹੜ੍ਹ ਆਉਣ 'ਤੇ ਵੱਡੀ ਨਦੀ ਵਿੱਚ ਪਟਿਆਲੇ ਰਾਜ ਘਰਾਣੇ ਵੱਲੋਂ ਨੱਥ ਚੂੜਾ

ਚੜ੍ਹਾਇਆ ਜਾਂਦਾ ਹੈ। ਸਿਆਣੇ ਸਭ ਜਾਣਦੇ ਹਨ ਕਿ ਇਹ ਸਭ ਅੰਧਵਿਸ਼ਵਾਸ ਹੈ, ਪਰ ਕੁਝ ਲੋਕਾਂ ਨੂੰ ਅਜਿਹਾ ਵਿਸ਼ਵਾਸ਼ ਆਪਣੀ ਜਿੰਮੇਂਵਾਰੀ ਤੋਂ ਮੁਕਤ ਹੋਣ ਵਿੱਚ ਸਹਾਇਤਾ ਕਰਦਾ ਹੈ, ਇਸ ਲਈ ਨਾ ਕੇਵਲ ਉਹ ਇਸ ਅੰਧਵਿਸ਼ਵਾਸ ਨੂੰ ਜਿਉਂਦਾ ਰੱਖਦੇ ਹਨ, ਸਗੋਂ ਇਸ ਨੂੰ ਪ੍ਰਚਾਰਦੇ ਅਤੇ ਪ੍ਰਸਾਰਦੇ ਵੀ ਹਨ। ਅੱਜ ਜਦੋਂ ਬਹੁਤੇ ਚੇਤਨ ਲੋਕ ਇਨ੍ਹਾਂ ਕਹਾਣੀਆਂ ਨੂੰ ਨਹੀਂ ਮੰਨਦੇ ਅਤੇ ਜਿੰਮੇਂਵਾਰੀ ਤੈਅ ਕਰਨ ਦੀ ਮੰਗ ਕਰਦੇ ਹਨ ਤਾਂ ਨਵਾਂ ਹੀ ਰਾਗ ਅਲਾਪਿਆ ਜਾਂਦਾ ਹੈ ਕਿ ਇਹ ਸਭ ਕੁਦਰਤ ਨਾਲ ਮਨੁੱਖੀ ਛੇੜ ਛਾੜ ਦਾ ਨਤੀਜਾ ਹੈ, ਇਸ ਲਈ ਵਿਗਿਆਨ ਜਿੰਮੇਂਵਾਰ ਹੈ। 'ਧਰਤੀ ਮਾਤਾ ਨੂੰ ਛੇੜੋਗੇ ਤਾਂ ਪਿਉ ਪਾਣੀ ਬਦਲਾ ਲਵੇਗਾ ਹੀ' ਵਰਗੇ ਫੇਸਬੁੱਕੀ ਜੁਮਲੇ ਪੈਦਾ ਹੁੰਦੇ ਹਨ। ਇਥੇ ਬੜਾ ਸਪੱਸ਼ਟ ਰੂਪ ਵਿੱਚ ਕਹਿਣ ਸੁਣਨ ਦੀ ਜਰੂਰਤ ਹੈ ਕਿ ਮਨੁੱਖ ਨੂੰ ਜੀਵਤ ਰਹਿਣ ਲਈ ਹਮੇਸ਼ਾ ਹੀ ਕੁਦਰਤ ਨਾਲ ਅੰਤਰਕਿਰਿਆ ਤਾਂ ਕਰਨੀ ਹੀ ਪੈਂਦੀ ਹੈ। ਇਹ ਮਨੁੱਖ ਆਪਣੀ ਹੋਂਦ ਦੇ ਸਮੇਂ ਤੋਂ ਹੀ ਕਰਦਾ ਆ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਕਰਦਾ ਰਹੇਗਾ। ਅਸਲ ਸਮਝਣ ਵਾਲੀ ਗੱਲ ਇਹ ਹੈ ਕਿ ਕੁਝ ਮੁਨਾਫ਼ਾਖੋਰ ਲਾਲਚੀ ਵਿਅਕਤੀ ਜਾਂ ਕਾਰਪੋਰੇਟ ਕੰਪਨੀਆਂ ਸਰਕਾਰ ਦੀ ਮਰਜ਼ੀ ਨਾਲ ਕੁਦਰਤ ਦਾ ਹੱਦੋਂ ਵੱਧ ਸ਼ੋਸ਼ਣ ਕਰਦਿਆਂ, ਇਸਦੇ ਵਾਤਾਵਰਨ ਅਤੇ ਹੋਰ ਸਮਾਜਿਕ ਮਸਲਿਆਂ ਉੱਪਰ ਪੈਣ ਵਾਲੇ ਮਾਰੂ ਪ੍ਰਭਾਵ ਦਾ ਖਿਆਲ ਨਹੀਂ ਰੱਖਦੇ। ਵਾਤਾਵਰਨ ਦੀ ਤਬਾਹੀ ਲਈ ਨਾ ਤਾਂ ਵਿਗਿਆਨ ਜਾਂ ਤਕਨੀਕ ਜਿੰਮੇਂਵਾਰ ਹੈ ਅਤੇ ਨਾ ਹੀ ਆਮ ਆਦਮੀ ਜਿੰਮੇਂਵਾਰ ਹੈ। ਸਗੋਂ ਇਸ ਲਈ ਸੱਤਾਧਾਰੀ ਰਾਜਸੀ ਜਮਾਤ,ਅਫਸਰਸ਼ਾਹੀ ਅਤੇ ਵੱਡੀਆਂ ਧਨਾਢ ਕੰਪਨੀਆਂ ਦਾ ਗੱਠਜੋੜ ਜਿੰਮੇਂਵਾਰ ਹੈ। ਪਰ ਜਦੋਂ ਰਾਜਸੀ ਲੋਕ ਵਾਤਾਵਰਨ ਦੇ ਮਾਮਲੇ ਉੱਪਰ ਬੋਲਦੇ ਹਨ ਤਾਂ ਅਕਸਰ ਆਖਦੇ ਹਨ ਕਿ ਭਾਈ ਲੋਕਾਂ ਦਾ ਲਾਲਚ ਵੱਧ ਗਿਆ ਹੈ, ਵਾਤਾਵਰਨ ਦਾ ਖਿਆਲ ਨਹੀਂ ਰੱਖਦੇ, ਇਸ ਪ੍ਰਕਾਰ ਟੇਢੇ ਢੰਗ ਨਾਲ ਆਮ ਲੋਕਾਂ ਨੂੰ ਵਾਤਾਵਰਨ ਵਿਗਾੜ ਦਾ ਦੋਸ਼ੀ ਟਿਕ ਦਿੰਦੇ ਹਨ। ਅਸਲ ਗੱਲ ਤਾਂ ਇਹ ਹੈ ਮਨੁੱਖ ਜਿਉਂਦੇ ਰਹਿਣ ਲਈ ਕੁਦਰਤ ਦੀ ਵਰਤੋਂ ਕਰਦਾ ਹੈ ਅਤੇ ਅਜਿਹਾ ਕਰਦਿਆਂ ਜਦ ਕੁਦਰਤ ਨੂੰ ਕੋਈ ਨੁਕਸਾਨ ਵੀ ਪਹੁੰਚਾਉਂਦਾ ਹੈ ਤਾਂ ਇਸ ਬਾਰੇ ਵੀ ਸਾਨੂੰ ਵਿਗਿਆਨੀ ਹੀ ਦੱਸਦੇ ਹਨ ਅਤੇ ਇਸ ਦਾ ਬਦਲਵਾਂ ਹੱਲ ਵੀ ਵਿਗਿਆਨੀ ਹੀ ਸੁਝਾਉਂਦੇ ਹਨ। ਆਮ ਲੋਕਾਂ ਨੂੰ ਜਦੋਂ ਗੱਲ ਸਮਝ ਆ ਜਾਂਦੀ ਹੈ ਤਾਂ ਉਹ ਵਿਗਿਆਨੀਆਂ ਦੇ ਪਿੱਛੇ ਲੱਗ ਜਾਂਦੇ ਹਨ ਹਨ ਪਰ ਖਾਸ ਮੁਨਾਫਾਖੋਰ ਲੋਕ ਆਪਣੇ ਲਾਲਚ ਲਈ ਵਾਤਾਵਰਨ ਵਿੱਚ ਵਿਗਾੜ ਪਾਉਣਾ ਜਾਰੀ ਰੱਖਦੇ ਹਨ। ਹੜਾਂ ਦੇ ਮਾਮਲੇ ਵਿੱਚ ਵੀ ਇਹੋ ਕੁਝ ਵਾਪਰਿਆ ਹੈ। ਸਰਕਾਰ ਜਿੰਮੇਂਵਾਰੀ ਚੁੱਕਣ ਦੀ ਥਾਂ ਪਹਿਲਾਂ ਰੱਬੀ ਭਾਣੇ ਉਹਲੇ ਲੁਕਦੀ ਸੀ ਅਤੇ ਹੁਣ ਇਸਨੂੰ ਵਿਗਿਆਨ ਅਤੇ ਆਮ ਮਨੁੱਖ ਦੇ ਸਿਰ ਲਾ ਕੇ ਸੁਰਖਰੂ ਹੋਣਾ ਚਾਹੁੰਦੀ ਹੈ। ਇਸ ਸੋਚ ਦਾ ਵਿਰੋਧ ਕਰਨ ਦੀ ਜਰੂਰਤ ਹੈ। ਵਿਗਿਆਨ ਅਤੇ ਤਕਨੀਕ ਦਾ ਵਿਰੋਧ ਕਰਨ ਵਾਲਿਆਂ ਖਿਲਾਫ ਲੜਾਈ ਲੜਨ ਦੀ ਲੋੜ ਪੈਣੀ ਹੈ। ਉਹ ਤੁਹਾਨੂੰ ਪ੍ਰਾਰਥਨਾਵਾਂ ਵਿੱਚ ਉਲਝਾ ਕੇ ਖ਼ੁਦ ਬਚਣਾ ਚਾਹੁੰਦੇ ਹਨ। ਇਹ ਰੱਬੀ ਕਹਿਰ ਨਹੀਂ ਕੁਦਰਤ ਦੀ ਪ੍ਰਕਿਰਿਆ ਹੈ ਇਸ ਨੂੰ ਵਿਗਿਆਨਕ ਢੰਗ ਨਾਲ ਸਮਝ ਕੇ ਨਵੀਆਂ ਤਕਨੀਕਾਂ ਨਾਲ ਨਜਿੱਠਿਆ ਜਾ ਸਕਦਾ ਹੈ।

**ਅਸਲ ਸਮਝਣ ਵਾਲੀ ਗੱਲ ਇਹ ਹੈ ਕਿ ਕੁਝ ਮੁਨਾਫ਼ਾਖੋਰ ਲਾਲਚੀ ਵਿਅਕਤੀ ਜਾਂ ਕਾਰਪੋਰੇਟ ਕੰਪਨੀਆਂ ਸਰਕਾਰ ਦੀ ਮਰਜ਼ੀ ਨਾਲ ਕੁਦਰਤ ਦਾ ਹੱਦੋਂ ਵੱਧ ਸ਼ੋਸ਼ਣ ਕਰਦਿਆਂ, ਇਸਦੇ ਵਾਤਾਵਰਨ ਅਤੇ ਹੋਰ ਸਮਾਜਿਕ ਮਸਲਿਆਂ ਉੱਪਰ ਪੈਣ ਵਾਲੇ ਮਾਰੂ ਪ੍ਰਭਾਵ ਦਾ ਖਿਆਲ ਨਹੀਂ ਰੱਖਦੇ। ਵਾਤਾਵਰਨ ਦੀ ਤਬਾਹੀ ਲਈ ਨਾ ਤਾਂ ਵਿਗਿਆਨ ਜਾਂ ਤਕਨੀਕ ਜਿੰਮੇਂਵਾਰ ਹੈ ਅਤੇ ਨਾ ਹੀ ਆਮ ਆਦਮੀ ਜਿੰਮੇਂਵਾਰ ਹੈ। ਸਗੋਂ ਇਸ ਲਈ ਸੱਤਾਧਾਰੀ ਰਾਜਸੀ ਜਮਾਤ,ਅਫਸਰਸ਼ਾਹੀ ਅਤੇ ਵੱਡੀਆਂ ਧਨਾਢ ਕੰਪਨੀਆਂ ਦਾ ਗੱਠਜੋੜ ਜਿੰਮੇਂਵਾਰ ਹੈ।**

**ਪੰਜਾਬ ਵਿੱਚ ਹੜ੍ਹਾਂ ਦੇ ਕਾਰਨ :**

ਭੂਗੋਲ ਦੀ ਸਧਾਰਨ ਜਾਣਕਾਰੀ ਰੱਖਦਾ ਹਰ ਆਦਮੀ ਜਾਣਦਾ ਹੈ ਕਿ ਮੌਜੂਦਾ ਰਾਜਨੀਤਕ ਪੰਜਾਬ ਦੀਆਂ ਭੂਗੋਲਿਕ ਹੱਦਾਂ ਵਿੱਚ ਜਿੰਨਾ ਮਰਜੀ ਮੀਂਹ ਪੈ ਜਾਵੇ, ਉਸ ਨਾਲ ਹੜ੍ਹ ਨਹੀਂ ਆਉਂਦੇ ਕਿਉਂਕਿ ਪੰਜਾਬ ਦੀ ਧਰਤੀ ਸਮਤਲ ਹੈ, ਬਹੁਤ ਹੀ ਹਲਕੀ ਜਿਹੀ ਢਲਾਣ ਹੈ, ਬਹੁਤੀ ਜਮੀਨ ਖੇਤੀਬਾੜੀ ਅਧੀਨ ਹੈ, ਇਥੇ ਜਿੰਨਾ ਕੁ ਮੀਂਹ ਪੈਂਦਾ ਹੈ, ਉਸ ਨੂੰ ਧਰਤੀ ਸੰਭਾਲਣ ਦੇ ਸਮਰੱਥ ਹੈ। ਸਿਰਫ ਕੁਝ ਨੀਵੇਂ ਖੇਤਰਾਂ ਵਿੱਚ ਪਾਣੀ ਖੜ੍ਹ ਸਕਦਾ ਹੈ, ਕੁਝ ਕੰਢੀ ਇਲਾਕੇ ਦੇ ਚੋਆਂ ਵਿੱਚ ਪਾਣੀ ਚੜ੍ਹ ਸਕਦਾ ਹੈ। ਸਿੱਟੇ ਵਜੋਂ ਟੱਪਣ ਵਿੱਚ ਕੁਝ ਔਖਿਆਈ ਹੋ ਸਕਦੀ ਹੈ, ਸੜਕਾਂ ਗਲੀਆਂ ਨਾਲੀਆਂ ਵਿੱਚ ਕੁਝ ਦੇਰ ਲਈ ਪਾਣੀ ਖੜ੍ਹਨ ਕਰਕੇ ਪਰੇਸ਼ਾਨੀ ਹੋ ਸਕਦੀ ਹੈ, ਗੰਦੇ ਪਾਣੀ ਨਾਲ ਕੱਪੜੇ ਲਿਬੜ ਸਕਦੇ ਹਨ, ਮੱਖੀਆਂ-ਮੱਛਰ ਵੱਧ ਸਕਦੇ ਹਨ ਅਤੇ ਕੁਝ ਪਾਣੀ ਨਾਲ

ਜੁੜੀਆਂ ਬਿਮਾਰੀਆਂ ਹੋ ਸਕਦੀਆਂ ਹਨ ਪਰ ਵੱਡਾ ਨੁਕਸਾਨ ਨਹੀਂ ਹੋ ਸਕਦਾ ਅਤੇ ਨਾ ਹੀ ਕਦੇ ਹੋਇਆ ਹੈ। ਪੰਜਾਬ ਵਿੱਚ ਹੜ੍ਹ ਹਮੇਸ਼ਾ ਪਹਾੜਾਂ ਵਿੱਚ ਭਾਰੀ ਮੀਂਹ ਪੈਣ ਨਾਲ ਜਾਂ ਬੱਦਲ ਫਟਣ ਨਾਲ ਪਹਾੜਾਂ ਤੋਂ ਦਰਿਆਵਾਂ ਰਾਹੀਂ ਪਾਣੀ ਆਉਣ ਕਾਰਨ ਆਉਂਦੇ ਹਨ। ਰਾਵੀ, ਬਿਆਸ ਅਤੇ ਸਤਲੁਜ ਤਿੰਨੇ ਦਰਿਆ ਸਾਰਾ ਸਾਲ ਵਗਣ ਵਾਲੇ ਦਰਿਆ ਹਨ, ਕਿਉਂਕਿ ਮੀਂਹ ਤੋਂ ਬਗੈਰ ਬਾਕੀ ਮੌਸਮਾਂ ਵਿੱਚ ਬਰਫ਼ ਪਿਘਲਣ ਨਾਲ ਵੀ ਥੋੜ੍ਹਾ ਬਹੁਤਾ ਪਾਣੀ ਪੰਜਾਬ ਦੇ ਮੈਦਾਨੀ ਇਲਾਕਿਆਂ ਵਿੱਚ ਆਉਂਦਾ ਰਹਿੰਦਾ ਹੈ। ਪਰ ਡੈਮ ਬਣਨ ਕਾਰਨ ਹੁਣ ਇਹ ਪਾਣੀ ਨਹਿਰਾਂ ਰਾਹੀਂ ਵਰਤਿਆ ਜਾਂਦਾ ਹੈ ਅਤੇ ਦਰਿਆ ਸੁੱਕੇ ਹੀ ਰਹਿੰਦੇ ਹਨ। ਘੱਗਰ ਤਾਂ ਵੈਸੇ ਹੀ ਬਰਸਾਤੀ ਦਰਿਆ ਹੈ ਜੋ ਸਿਰਫ਼ ਬਰਸਾਤਾਂ ਦੌਰਾਨ ਹੀ ਭਰਦਾ ਹੈ ਇਸ ਵਿੱਚ ਬਹੁਤਾ ਪਾਣੀ ਹਿਮਾਚਲ/ਚੰਡੀਗੜ੍ਹ/ਹਰਿਆਣੇ ਦੇ ਚਸ਼ਮਿਆਂ, ਨਾਲਿਆਂ, ਛੋਟੀਆਂ ਝੀਲਾਂ ਆਦਿ ਤੋਂ ਆਉਂਦਾ ਹੈ। ਇਹ ਚਾਰੇ ਦਰਿਆ ਪੰਜਾਬ ਵਿੱਚ ਹੜ੍ਹ ਲਿਆਉਂਦੇ ਹਨ।

**ਕੀ ਹੜ੍ਹਾਂ ਲਈ ਡੈਮ ਜ਼ਿੰਮੇਵਾਰ ਹਨ?**

ਹੁਣ ਮਸਲਾ ਪੈਦਾ ਹੁੰਦਾ ਹੈ ਕਿ ਕੁਝ ਲੋਕ ਤਾਂ ਡੈਮਾਂ ਨੂੰ ਹੀ ਨਿੰਦਣ ਦੇ ਰਾਹ ਪੈ ਗਏ। ਇਹ ਡੈਮ ਸਾਨੂੰ ਸਾਰਾ ਸਾਲ ਬਿਜਲੀ ਦਿੰਦੇ ਹਨ, ਸਾਰਾ ਸਾਲ ਘਰੇਲੂ ਅਤੇ ਵਪਾਰਕ ਵਰਤੋਂ ਤੋਂ ਇਲਾਵਾ ਖੇਤੀ ਲਈ ਪਾਣੀ ਦਿੰਦੇ ਹਨ ਅਤੇ ਅਚਾਨਕ ਆਉਂਦੇ ਹੜ੍ਹਾਂ ਨੂੰ ਰੋਕਣ ਵਿੱਚ ਮਦਦ ਕਰਦੇ ਹਨ। ਜੇ ਡੈਮ ਨਾ ਹੋਣ ਤਾਂ ਅਚਾਨਕ ਬਿਨਾਂ ਕਿਸੇ ਚੇਤਾਵਨੀ ਦੇ ਆਇਆ ਪਾਣੀ ਕਿਤੇ ਵੱਧ ਨੁਕਸਾਨ ਕਰੇ। ਇਹ ਬਿਨਾਂ ਸਿਰ ਪੈਰ ਦੀ ਗੱਲ ਹੈ ਕਿ ਪੰਜਾਬ ਨੂੰ ਹੜ੍ਹਾਉਣ ਲਈ ਜਾਂ ਸਬਕ ਸਿਖਾਉਣ ਲਈ ਪਾਣੀ ਛੱਡਿਆ ਜਾਂਦਾ ਹੈ। ਇਨ੍ਹਾਂ ਵਿੱਚੋਂ ਘੱਟੋ ਘੱਟ ਭਾਖੜਾ ਡੈਮ ਦੀ ਪਲੈਨਿੰਗ ਤਾਂ ਅੰਗਰੇਜ਼ਾਂ ਨੇ ਹੀ ਕਰ ਲਈ ਸੀ। ਸੋ ਭਾਵੁਕ ਹੋ ਕੇ ਅਜਿਹੇ ਬਿਆਨ ਦੇਣ ਦੀ ਲੋੜ ਨਹੀਂ ਹੈ, ਸਗੋਂ ਲੋੜ ਡੈਮਾਂ ਦੇ ਪ੍ਰਬੰਧਨ ਵਿੱਚ ਹੋ ਰਹੀ ਸਿਆਸੀ ਦਖਲ ਅੰਦਾਜ਼ੀ ਬਾਰੇ ਵਿਚਾਰਨ ਦੀ ਹੈ। ਇਸ ਮੁੱਦੇ ਨੂੰ ਅਸਲ ਵਿੱਚ ਤਾਂ ਡਾਟਾ ਅਧਾਰਿਤ ਤੱਥਾਂ ਰਾਹੀਂ ਅਤੇ ਨਿਆਂ-ਪੂਰਨ ਹੱਕਾਂ ਅਨੁਸਾਰ ਸਮਝਣ ਦੀ ਜ਼ਰੂਰਤ ਹੈ। ਪਹਿਲੀ ਗੱਲ ਇਹ ਸਿੱਧ ਹੋ ਗਈ ਹੈ ਕਿ ਇਨ੍ਹਾਂ ਦਰਿਆਵਾਂ ਨੇ ਸਾਰਾ ਨੁਕਸਾਨ ਪੰਜਾਬ ਦਾ ਹੀ ਕੀਤਾ ਹੈ ਸੋ ਇਨ੍ਹਾਂ ਦਰਿਆਵਾਂ ਦੇ ਪਾਣੀਆਂ ਉੱਪਰ ਪਹਿਲਾ ਹੱਕ ਪੰਜਾਬ ਦਾ ਹੀ ਹੋਣਾ ਚਾਹੀਦਾ ਹੈ। ਇਸ ਲਈ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦਾ ਕੰਟਰੋਲ ਹਰ ਹਾਲਤ ਵਿੱਚ ਪੰਜਾਬ ਕੋਲ ਹੋਣਾ ਚਾਹੀਦਾ ਹੈ ਕਿਉਂਕਿ ਇਹਨਾਂ ਵਿੱਚੋਂ ਛੱਡੇ ਪਾਣੀ ਨੇ ਪੰਜਾਬ ਦਾ ਹੀ ਨੁਕਸਾਨ ਕਰਨਾ ਹੈ। ਹੁਣ ਰਾਜਨੀਤਿਕ ਸਥਿਤੀ ਇਹ ਹੈ ਕਿ ਪਾਣੀ ਤਾਂ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਵੀ ਜਾਣਾ ਹੈ। ਇਸ ਲਈ ਉਨ੍ਹਾਂ ਦੇ ਪ੍ਰਤੀਨਿਧ ਵੀ ਬੈਠਦੇ ਹਨ ਤਾਂ ਹੁਣ ਅਸਲ ਤਾਕਤ ਤਾਂ ਕੇਂਦਰ ਰਾਹੀਂ ਉਨ੍ਹਾਂ ਕੋਲ ਹੀ ਹੈ ਕਿਉਂਕਿ ਉਹ ਬਹੁਗਿਣਤੀ ਹਨ। ਇਥੇ ਮੰਗ ਕਰਨੀ ਯੋਗ ਹੋਵੇਗੀ ਕਿ ਸਾਰੇ ਪਾਣੀ ਦੇ ਪ੍ਰਬੰਧਨ ਦਾ ਕੰਟਰੋਲ ਪੰਜਾਬ ਹੱਥ ਹੋਣਾ ਚਾਹੀਦਾ ਹੈ।

ਹੁਣ ਮਸਲਾ ਪੈਦਾ ਹੁੰਦਾ ਹੈ ਕਿ ਮੈਨੇਜਮੈਂਟ ਨੇ ਗਲਤੀ ਕਿੱਥੇ ਕੀਤੀ ਹੈ? ਸਭ ਤੋਂ ਪਹਿਲਾਂ ਇਸ ਗੱਲ ਦਾ ਨਿਪਟਾਰਾ ਕਰ ਲਈਏ ਕਿ ਕੀ ਪਹਿਲਾਂ ਹੀ ਪਾਣੀ ਛੱਡ ਦੇਣਾ ਚਾਹੀਦਾ ਸੀ? ਇਥੇ ਤਾਂ ਏਨੀ ਹੀ ਗਲਤੀ ਹੈ ਕਿ ਵਰਖਾ ਦੀ ਸੰਭਾਵੀ ਮਾਤਰਾ ਬਾਰੇ ਸਹੀ ਅਨੁਮਾਨ ਨਹੀਂ ਲੱਗ ਸਕਿਆ। ਇਸ ਪਿੱਛੇ ਮੌਸਮ ਵਿਗਿਆਨ ਦੀਆਂ ਸੀਮਤਾਈਆਂ ਵੀ ਹੋ ਸਕਦੀਆਂ ਹਨ ਅਤੇ ਕੁਝ ਮਨੁੱਖੀ ਅਣਗਹਿਲੀ ਵੀ। ਕਿਸੇ ਖੇਤਰ ਵਿੱਚ ਕਿੰਨੀ ਵਰਖਾ ਪਵੇਗੀ। ਇਸ ਵਿੱਚ ਬਹੁਤ ਸਾਰੇ ਫੈਕਟਰ ਕੰਮ ਕਰਦੇ ਹਨ, ਜਿਸ ਕਰਕੇ ਇਸ ਬਾਰੇ ਪੂਰੀ ਤਰ੍ਹਾਂ ਸਟੀਕ ਅਨੁਮਾਨ ਲਗਾ ਸਕਣਾ ਅਜੇ ਸੰਭਵ ਨਹੀਂ ਹੋਇਆ। ਸਤੰਬਰ ਵਾਲੇ ਹੜ੍ਹਾਂ ਤੋਂ ਬਾਅਦ, ਮੌਸਮ ਵਿਭਾਗ ਵੱਲੋਂ, 5 ਤੋਂ 8 ਅਕਤੂਬਰ ਦੌਰਾਨ ਫਿਰ ਭਾਰੀ ਮੀਂਹਾਂ ਦੀ ਪੇਸ਼ੀਨਗੋਈ ਕੀਤੀ ਗਈ ਸੀ। ਜਿਸ ਕਰਕੇ ਡੈਮਾਂ ਵਿਚੋਂ ਕਾਫ਼ੀ ਪਾਣੀ ਵੀ ਛੱਡਿਆ ਗਿਆ ਪਰ ਮੀਂਹ ਓਨੀ ਮਾਤਰਾ ਵਿੱਚ ਨਹੀਂ ਪਏ। ਸੋ ਕੋਈ ਸਾਜ਼ਿਸ਼ੀ ਥਿਊਰੀਆਂ ਉੱਤੇ ਵਿਸ਼ਵਾਸ ਕਰਨ ਤੋਂ ਪਹਿਲਾਂ ਸਾਨੂੰ ਮੌਸਮ ਵਿਗਿਆਨ ਦੀਆਂ ਸੀਮਤਾਈ ਨੂੰ ਵੀ ਮੰਨਣਾ ਪਵੇਗਾ।

ਇਸ ਲਈ ਇਹ ਲੋੜ ਬਣਦੀ ਹੈ ਕਿ ਇੱਕ ਪਾਸੇ ਤਾਂ ਮੌਸਮ ਵਿਗਿਆਨ ਨੂੰ ਵਧੇਰੇ ਉੱਨਤ ਕੀਤਾ ਜਾਵੇ, ਦੂਸਰਾ ਪਿੱਛੇ ਹਿਮਾਚਲ ਦੇ ਵਿੱਚ ਉੱਚੇ ਪਹਾੜਾਂ 'ਤੇ ਪੈ ਰਹੇ ਮੀਂਹ ਦਾ ਰੀਅਲ ਟਾਈਮ ਡਾਟਾ ਦੇ ਹਿਸਾਬ ਨਾਲ ਡੈਮ ਵਿੱਚ ਕਿੰਨਾ ਪਾਣੀ ਰੱਖਣਾ ਹੈ, ਬਾਰੇ ਫੈਸਲਾ ਕੀਤਾ ਜਾਵੇ ਅਤੇ ਇਹ ਜਾਣਕਾਰੀ ਆਮ ਲੋਕਾਂ ਨਾਲ ਵੀ ਸਾਂਝੀ ਕੀਤੀ ਜਾਵੇ ਤਾਂ ਜੋ ਅਫਵਾਹਾਂ ਨਾ ਫੈਲਣ ਅਤੇ ਮੈਨੇਜਮੈਂਟ ਉੱਪਰ ਵੀ ਇਹ ਦਬਾ ਰਹੇ ਕਿ ਉਹ ਸਹੀ ਫੈਸਲਾ ਕਰੇ। ਇਸ ਸਮੇਂ ਕੇਂਦਰ ਦੀ ਸ਼ਹਿ 'ਤੇ ਅਜਿਹਾ ਬਿਆਨ ਦੇਣਾ ਕਿ ਜੇ ਪਹਿਲਾਂ ਹੀ ਹਰਿਆਣੇ ਨੂੰ ਵਧੇਰੇ ਪਾਣੀ ਛੱਡ ਦਿੱਤਾ ਜਾਂਦਾ ਤਾਂ ਚੰਗਾ ਸੀ, ਸਹੀ ਨਹੀਂ ਹੈ। ਹੁਣ ਤਕ ਹਰਿਆਣੇ ਅਤੇ ਰਾਜਸਥਾਨ ਨੂੰ ਜਿੰਨਾਂ ਪਾਣੀ ਪਹਿਲਾਂ ਦਿੱਤਾ ਜਾ ਰਿਹਾ ਸੀ, ਏਨਾ ਹੀ ਇਸ ਸਾਲ ਵੀ ਦਿੱਤਾ ਗਿਆ ਹੈ ਸਗੋਂ ਰਾਜਸਥਾਨ ਨੂੰ ਕੁਝ ਵਧੇਰੇ ਪਾਣੀ ਛੱਡਿਆ ਗਿਆ ਸੀ। ਇਹ ਸਥਿਤੀ ਹਰ ਸਾਲ ਨਹੀਂ ਹੁੰਦੀ। ਹੜ੍ਹ ਸਮੇਂ ਤਾਂ ਕੋਈ ਵੀ ਪਾਣੀ ਲੈਣਾ ਨਹੀਂ ਚਾਹੇਗਾ, ਹੜ੍ਹ ਸਮੇਂ ਤਾਂ

ਉਲਟਾ ਵਧੇਰੇ ਪਾਣੀ ਨਹਿਰਾਂ ਵਿੱਚ ਛੱਡਿਆ ਵੀ ਨਹੀਂ ਜਾ ਸਕਦਾ ਕਿਉਂਕਿ ਇਸ ਨਾਲ ਨਹਿਰਾਂ ਟੁੱਟਣ, ਗਾਰ ਭਰਨ ਅਤੇ ਦੂਸਰੇ ਇਲਾਕਿਆਂ ਵਿੱਚ ਹੜ੍ਹ ਆਉਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ। ਹੁਣ ਇਕ ਮਸਲਾ ਇਹ ਹੈ ਕਿ ਫਲੱਡ ਗੇਟ ਨਹੀਂ ਖੋਲ੍ਹਣੇ ਚਾਹੀਦੇ ਸੀ ਜਾਂ ਪਹਿਲਾਂ ਹੀ ਖੋਲ੍ਹਣੇ ਚਾਹੀਦੇ ਸੀ। ਅਸਲ ਵਿੱਚ ਅਜਿਹੀਆਂ ਗੱਲਾਂ ਡੈਮਾਂ ਦੀ ਤਕਨੀਕੀ ਕਾਰਜ ਪ੍ਰਣਾਲੀ ਤੋਂ ਅਣਜਾਣ ਲੋਕ ਕਰ ਰਹੇ ਹਨ। ਆਖਰ ਜੇ ਡੈਮ ਪਿੱਛੇ ਬਣੀ ਝੀਲ ਵਿੱਚ ਪਾਣੀ ਦਾ ਪੱਧਰ ਖਤਰਨਾਕ ਹੱਦ ਤਕ ਪੁੱਜ ਗਿਆ ਹੈ ਤਾਂ ਫਲੱਡ ਗੇਟ ਖੋਲ੍ਹੇ ਜਾਂਦੇ ਹਨ, ਨਾ ਖੋਲ੍ਹੇ ਜਾਣ ਤਾਂ ਪਾਣੀ ਨਾ ਕੇਵਲ ਓਵਰਫਲੋ ਭਾਵ ਡੈਮ ਦੇ ਉੱਪਰ ਦੀ ਹੀ ਵਗੇਗਾ ਸਗੋਂ ਉਹ ਆਪਣੇ ਦਬਾਅ ਨਾਲ ਡੈਮ ਨੂੰ ਤੋੜੇਗਾ, ਇਹ ਵੀ ਹੋ ਸਕਦਾ ਹੈ ਕਿ ਡੈਮ ਟੁੱਟਣ ਨਾਲ ਅਣਕਿਆਸੀ ਤਬਾਹੀ ਮੱਚ ਜਾਵੇ ਤੇ ਹੁਣ ਨਾਲੋਂ ਹਜ਼ਾਰਾਂ ਗੁਣਾ ਵਧੇਰੇ ਤਬਾਹੀ ਹੋ ਜਾਵੇ। ਸੋ ਅਜਿਹੇ ਚੱਕਵੇਂ ਬਿਆਨ ਦੇਣ ਤੋਂ ਗੁਰੇਜ ਕਰਨਾ ਚਾਹੀਦਾ ਹੈ। ਸਭ ਤੋਂ ਮਾੜੀ ਗੱਲ ਇਹ ਹੈ ਕਿ ਮੀਡੀਆ ਜਿਸ ਨੇ ਸਹੀ ਜਾਣਕਾਰੀ ਦੇਣੀ ਹੁੰਦੀ ਹੈ, ਉਹ ਸਹੀ ਜਾਣਕਾਰੀ ਦੇਣ ਦੀ ਥਾਂ ਵਿਸ਼ੇਸ਼ ਵਰਗ ਦਾ ਹਿਤ ਪੂਰਨ ਲਈ ਅਤੇ ਆਪਣੇ ਵਿਊ ਵਧਾਉਣ ਲਈ ਝੂਠੀਆਂ ਅਫਵਾਹਾਂ ਅਤੇ ਏ.ਆਈ. ਤਕਨੀਕ ਨਾਲ ਬਣਾਈਆਂ ਵੀਡੀਓ ਪੇਸ਼ ਕਰਦਾ ਰਹਿੰਦਾ ਹੈ, ਜਿਸ ਨਾਲ ਸੱਚ ਸਮਝਣ ਦੀ ਥਾਂ ਭਾਵਨਾਵਾਂ ਭੜਕਾਈਆਂ ਜਾਂਦੀਆਂ ਹਨ, ਸਿੱਟੇ ਵਜੋਂ ਮਸਲੇ ਹੱਲ ਹੋਣ ਦੀ ਥਾਂ ਉਲਝਦੇ ਜਾ ਰਹੇ ਹਨ।

ਇੱਕ ਹੋਰ ਮਸਲਾ ਡੈਮ ਪਿਛਲੀ ਝੀਲ ਵਿੱਚੋਂ ਗਾਰ (ਸਿਲਟ) ਕੱਢਣ ਦਾ ਹੈ। ਲੰਮੇਂ ਸਮੇਂ ਬਾਅਦ ਗਾਰ ਜੰਮ ਜਾਂਦੀ ਹੈ ਜਿਸ ਕਰਕੇ ਡੈਮਾਂ ਦੀ ਸਮਰੱਥਾ ਘਟ ਜਾਂਦੀ ਹੈ, ਮੋਟੇ ਅੰਦਾਜੇ ਅਨੁਸਾਰ ਭਾਖੜਾ ਡੈਮ ਦੀ ਝੀਲ ਦਾ ਵੀ ਹਾਲ ਇਹ ਹੈ ਕਿ ਵੀਹ ਪ੍ਰਤੀਸ਼ਤ ਉਸ ਵਿੱਚ ਗਾਰ ਭਰੀ ਹੋਈ ਹੈ। ਉਹ ਆਪਣੀ ਸਮਰੱਥਾ ਤੋਂ 20 ਪ੍ਰਤੀਸ਼ਤ ਘੱਟ ਪਾਣੀ ਭਰ ਸਕਦੀ ਹੈ, ਇਹ ਗਾਰ ਕੱਢਣ ਬਾਰੇ ਕੋਈ ਠੋਸ ਸਕੀਮ ਬਣਾਈ ਜਾਣੀ ਚਾਹੀਦੀ ਹੈ। ਜੇ ਅਜਿਹਾ ਪ੍ਰਬੰਧ ਨਹੀਂ ਕੀਤਾ ਜਾਂਦਾ ਤਾਂ ਇਸ ਨਾਲ ਭਵਿੱਖ ਵਿੱਚ ਹੋਰ ਵੀ ਦੁਸ਼ਵਾਰੀਆਂ ਪੈਦਾ ਹੋਣਗੀਆਂ। ਇਹ ਤਕਨੀਕੀ ਉਕਾਈ ਹੈ, ਇਸ ਮਸਲੇ ਦੇ ਉੱਪਰ ਜਿਹੜੀ ਘਟੀਆ ਸਿਆਸਤ ਕੀਤੀ ਜਾਂਦੀ ਹੈ, ਉਹ ਵੀ ਰੱਦਣ ਯੋਗ ਹੈ। ਇੱਕ ਧਿਰ ਕਹਿ ਰਹੀ ਹੈ ਕਿ ਇਹ ਪੰਜਾਬੀ/ ਸਿੱਖਾਂ /ਕਿਸਾਨਾਂ ਨੂੰ ਸਬਕ ਸਿਖਾਉਣ ਲਈ ਜਾਣ ਬੁੱਝ ਕੇ ਪਾਣੀ ਛੱਡਿਆ ਹੈ, ਦੂਜੀ ਧਿਰ ਕਹਿ ਰਹੀ ਹੈ ਕਿ ਪਹਿਲਾਂ ਹੀ ਦੂਜੇ ਰਾਜਾਂ ਨੂੰ ਵਧੇਰੇ ਪਾਣੀ ਦੇ ਦੇਣਾ ਚਾਹੀਦਾ ਸੀ। ਇਹ ਦੋਨੇ ਗੱਲਾਂ ਸਿਰਫ ਸਿਆਸਤ ਹਨ, ਕਹਾਣੀਆਂ ਹਨ। ਇਨ੍ਹਾਂ ਦਾ ਅਸਲ ਸਥਿਤੀ ਨਾਲ ਕੋਈ ਬਹੁਤਾ ਸਬੰਧ ਨਹੀਂ ਹੈ।

ਅਗਲਾ ਸਵਾਲ ਹੈ ਕਿ ਪੰਜਾਬ ਸਰਕਾਰ ਦੀ ਕੁਤਾਹੀ ਕਿੱਥੇ ਹੈ? ਮੋਟੇ ਤੌਰ 'ਤੇ ਪੰਜਾਬ ਸਰਕਾਰ ਨੇ ਦਰਿਆਵਾਂ ਅਤੇ ਨਾਲਿਆਂ ਦੀ ਸਫਾਈ ਕਰਨੀ ਸੀ, ਉਥੇ ਉੱਗੇ ਆਪ ਮੁਹਾਰੇ ਦਰਖਤ ਪੁੱਟਣੇ ਸਨ, ਘਾਹ-ਬੂਟ ਖਤਮ ਕਰਨਾ ਸੀ, ਵਿਚਕਾਰੋਂ ਦਰਿਆ ਡੂੰਘੇ ਕਰਨੇ ਸਨ, ਕੰਢੇ ਪੱਕੇ ਕਰਨੇ ਸਨ। ਇਸ ਵਿੱਚ ਬਿਨਾਂ ਸ਼ੱਕ ਢਿੱਲ ਵਰਤੀ ਗਈ ਹੈ ਪਰ ਜਿਹੜਾ ਦੋਸ਼ ਦੂਸਰੇ ਪਾਸੇ ਤੋਂ ਆਇਆ ਹੈ, ਉਹ ਵੀ ਦਰੁੱਸਤ ਨਹੀਂ ਹੈ ਕਿ ਪੰਜਾਬ ਵਿੱਚ ਹੜ੍ਹ ਨਜਾਇਜ ਮਾਈਨਿੰਗ ਕਰਕੇ ਆਏ ਹਨ। ਪਹਿਲੀ ਗੱਲ ਤੇ ਮਾਈਨਿੰਗ ਚਾਹੇ ਕਾਨੂੰਨੀ ਹੋਵੇ ਚਾਹੇ ਗੈਰ ਕਾਨੂੰਨੀ, ਉਸ ਨਾਲ ਤਾਂ ਦਰਿਆ ਡੂੰਘਾ ਤੇ ਚੌੜਾ ਹੀ ਹੁੰਦਾ ਹੈ। ਸਿਰਫ ਏਨੀ ਹੀ ਕੁਤਾਹੀ ਹੋ ਸਕਦੀ ਹੈ ਕਿ ਦਰਿਆ ਦੇ ਵਿੱਚੋਂ ਮਿੱਟੀ ਕੱਢਣ ਲਈ ਜਿਹੜੇ ਟਰੱਕ ਟਰਾਲੀਆਂ ਦਾ ਰਾਹ ਬਣਾਇਆ ਹੋਵੇ, ਉਹ ਰਾਹ ਬੰਦ ਨਾ ਕੀਤਾ ਹੋਵੇ ਜਾਂ ਜਦੋਂ ਭਾਰੇ ਟਰੈਕਟਰ ਟਰਾਲੀਆਂ/ਟਰਾਲੇ ਦਰਿਆ ਦੇ ਕੰਢੇ 'ਤੇ ਚਲਦੇ ਹਨ ਤਾਂ ਉਹ ਕੰਢਿਆਂ ਨੂੰ ਦਬਾ ਦਿੰਦੇ ਹਨ, ਤੋੜ ਦਿੰਦੇ ਹਨ, ਪਾੜ ਪਾ ਦਿੰਦੇ ਹਨ ਪਰ ਇਹ ਹੜ੍ਹਾਂ ਦਾ ਮੁੱਖ ਕਾਰਨ ਨਹੀਂ ਹੈ। ਫਿਰ ਵੀ ਨਜਾਇਜ਼ ਮਾਇਨਿੰਗ ਰੋਕਣੀ ਜਰੂਰੀ ਹੈ ਕਿਉਂਕਿ ਜੇ ਮਾਈਨਿੰਗ ਸਰਕਾਰੀ ਕੰਟਰੋਲ ਅਧੀਨ ਹੋਵੇ ਤਾਂ ਫਿਰ ਉਹ ਨਿਯਮਾਂ ਦੀ ਪਾਲਣਾ ਵੀ ਕਰਨਗੇ।

**ਆਏ ਹੜ੍ਹਾਂ ਨੂੰ ਨਜਿੱਠਣ ਲਈ ਤਰੀਕਾਕਾਰ ਕੀ ਹੋਵੇ?**

ਹੁਣ ਮਸਲਾ ਆਉਂਦਾ ਹੈ ਕਿ ਲੋਕਾਂ ਨੇ ਦਰਿਆਵਾਂ ਦੀ ਜ਼ਮੀਨ ਰੋਕੀ ਹੋਈ ਹੈ, ਕੁਦਰਤੀ ਵਹਿਣ ਦੀ ਚੌੜਾਈ ਭਾਵ ਪਾਟ ਬਹੁਤ ਚੌੜਾ ਹੁੰਦਾ ਸੀ। ਕਈ ਥਾਵਾਂ ਤੇ ਤਾਂ ਇਹ ਦੋ ਤੋਂ ਚਾਰ ਕਿਲੋਮੀਟਰ ਤਕ ਚੌੜਾ ਸੀ, ਅਜਿਹੀਆਂ ਪੁਰਾਣੇ ਅੰਗਰੇਜ਼ ਅਫਸਰਾਂ ਦੀਆਂ ਲਿਖਤਾਂ ਗਵਾਹੀ ਦਿੰਦੀਆਂ ਹਨ। ਜਦੋਂ ਡੈਮ ਬਣ ਗਏ, ਨਹਿਰਾਂ ਨਿਕਲ ਗਈਆਂ ਤਾਂ ਇਹ ਚੌੜਾਈ ਘੱਟ ਗਈ, ਇਥੋਂ ਤਕ ਕਿ ਬਹੁਤੇ ਸਰਕਾਰੀ ਪੁਲ ਵੀ 500 ਮੀਟਰ ਤੋਂ ਵੱਧ ਲੰਮੇਂ ਨਹੀਂ ਹਨ। ਦਰਿਆ ਵੱਲੋਂ ਛੱਡੀ ਵਿਹਲੀ ਪਈ ਇਸ ਜਮੀਨ ਉੱਪਰ ਖੇਤੀ ਸ਼ੁਰੂ ਹੋ ਗਈ, ਇਹ ਕੋਈ ਮਾੜੀ ਗੱਲ ਵੀ ਨਹੀਂ ਹੈ। ਦਰਿਆ ਦੀ ਬੇਅਬਾਦ ਪਈ ਜਮੀਨ ਵਿੱਚ ਖੇਤੀ ਸ਼ੁਰੂ ਹੋਈ ਤਾਂ ਕੁਝ ਇਲਾਕਿਆਂ ਵਿੱਚ ਇਸਦੇ ਮਾਲਕੀ ਹੱਕ ਵੀ ਮਿਲ ਗਏ। ਕੁਝ ਥਾਵਾਂ 'ਤੇ ਵੈਸੇ ਹੀ ਕੰਢੇ 'ਤੇ ਲੱਗਦੀਆਂ ਜਮੀਨਾਂ ਵਾਲਿਆਂ ਨੇ ਆਪਣੀਆਂ ਜਮੀਨਾਂ ਨਾਲ, ਜਮੀਨਾਂ ਰਲ਼ਾ ਲਈਆਂ। ਇਸ ਦਾ ਭਵਿੱਖ ਵਿੱਚ ਬਚਾਅ ਕਿਵੇਂ ਕੀਤਾ ਜਾਵੇ? ਇੱਕ ਤਾਂ ਇਨ੍ਹਾਂ ਖਤਰੇ ਵਾਲੇ ਖੇਤਰਾਂ ਦੀ ਨਿਸ਼ਾਨਦੇਹੀ ਹੋਣੀ ਚਾਹੀਦੀ ਹੈ, ਇਥੋਂ ਦੀ ਫਸਲ ਦਾ ਵਿਸ਼ੇਸ਼ ਬੀਮਾ ਹੋਣਾ ਚਾਹੀਦਾ,

ਦਰਿਆ ਦੇ ਕੰਢੇ ਮਜਬੂਤ ਕਰਨ ਦੇ ਨਾਲੋ ਨਾਲ ਜਿਹੜਾ ਦਰਿਆ ਵਿਚਕਾਰ ਰੇਤ ਛੱਡ ਜਾਂਦਾ ਹੈ, ਉਹ ਰੇਤ ਚੁੱਕੀ ਜਾਣੀ ਚਾਹੀਦੀ ਹੈ ਭਾਵ ਦਰਿਆ ਵਿਚਕਾਰੋਂ ਮੀਂਹ ਦੇ ਮੌਸਮ ਤੋਂ ਪਹਿਲਾਂ ਡੂੰਘਾ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਜਿੱਥੇ ਹੜ੍ਹਾਂ ਦੀ ਬਹੁਤੀ ਮਾਰ ਪੈਂਦੀ ਹੈ, ਉਥੇ ਇਕਹਿਰੇ ਬੰਨ੍ਹ ਦੀ ਥਾਂ ਤੇ ਫਸਲਾਂ ਬਚਾਉਣ ਲਈ ਦੂਹਰੇ ਤੀਹਰੇ ਬੰਨ੍ਹ ਬਣਾਏ ਜਾਣੇ ਚਾਹੀਦੇ ਹਨ। ਅਜਿਹੀ ਜ਼ਮੀਨ ਉੱਪਰ ਘਰ ਬਣਾਉਣ ਤੋਂ ਰੋਕਣਾ ਚਾਹੀਦਾ ਜਾਂ ਜੇ ਘਰ ਬਣਾਉਣੇ ਹਨ ਤਾਂ ਉਹ ਇਸ ਤਕਨੀਕ ਦੇ ਬਣਾਏ ਜਾਣ ਕਿ ਉਹ ਹੜਾਂ ਦੀ ਮਾਰ ਝੱਲ ਸਕਣ। ਇਸ ਤੋਂ ਇਲਾਵਾ ਇਨ੍ਹਾਂ ਖੇਤਰਾਂ ਦੇ ਲੋਕਾਂ ਨੂੰ ਮੌਸਮ ਅਤੇ ਪਾਣੀ ਦੇ ਪੱਧਰ ਦੀ ਜਾਣਕਾਰੀ ਨਾਲੋਂ ਨਾਲ ਭਾਵ ਰੀਅਲ ਟਾਈਮ ਵਿੱਚ ਮਿਲਣੀ ਚਾਹੀਦੀ। ਇਸ ਤੋਂ ਅੱਗੇ ਇਨ੍ਹਾਂ ਘਰਾਂ ਨੂੰ ਨਿੱਜੀ ਪੱਧਰ ਅਤੇ ਪਿੰਡ ਪੱਧਰ ਤੇ ਸਹਿਕਾਰੀ ਸਭਾਵਾਂ ਰਾਹੀਂ ਆਪਣੀਆਂ ਬੇੜੀਆਂ, ਲਾਈਫ ਜੈਕਟਾਂ, ਬੋਰੀਆਂ, ਤਾਰਾਂ, ਜਰਨੇਟਰ, ਜੇਸੀਬੀ ਮਸ਼ੀਨਾਂ ਆਦਿ ਅਤੇ ਹੋਰ ਹੜ੍ਹਾਂ ਨਾਲ ਨਿਪਟਣ ਵਾਲੇ ਸੰਦ ਸੰਦੇੜੇ ਦਾ ਪੱਕਾ ਪ੍ਰਬੰਧ ਕਰਨਾ ਚਾਹੀਦਾ ਹੈ।

ਹੁਣ ਗੱਲ ਕਰੀਏ ਰਾਹਤ ਦੀ, ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵੱਲੋਂ ਐਲਾਨੀ ਗਈ ਰਾਸ਼ੀ ਨੂੰ ਸਭ ਨਿਗੂਣੀ ਕਰਾਰ ਦੇ ਰਹੇ ਹਨ। ਮੋਟੇ ਦੇ ਤੌਰ ਤੇ ਜੇ ਅਸੀਂ ਬੀਜ, ਰੇਹ ਸਪਰੇਅ ਅਤੇ ਮਿਹਨਤ ਦਾ ਖਰਚਾ ਵੀ ਕੱਢ ਦੇਈਏ ਤਾਂ ਘੱਟੋ ਘੱਟ ਕਿਸਾਨ ਦਾ ਠੇਕੇ ਦਾ ਖਰਚਾ ਤਾਂ ਮੁੜਨਾ ਚਾਹੀਦਾ ਹੈ। ਹੋਰ ਤਾਂ ਹੋਰ ਮਰਨ ਵਾਲਿਆਂ ਲਈ ਕੀਤਾ ਐਲਾਨ ਵੀ ਇੱਕ ਤਰ੍ਹਾਂ ਨਾਲ ਮਜ਼ਾਕ ਹੀ ਜਾਪਦਾ ਹੈ ਕਿ ਸ਼ਰਾਬ ਨਾਲ ਮਰਨ ਵਾਲਿਆਂ ਲਈ ਤਾਂ ਸਰਕਾਰ 10 ਲੱਖ ਦਿੰਦੀ ਅਤੇ ਹੜ੍ਹਾਂ ਨਾਲ ਮਰਨ ਵਾਲਿਆਂ ਲਈ ਰਾਸ਼ੀ ਚਾਰ ਲੱਖ ਤਕ ਹੀ ਸੀਮਤ ਹੋ ਗਈ ਹੈ। ਇਹ ਸਭ ਗੱਲਾਂ ਨੇ ਸਾਨੂੰ ਹੋਰ ਵੀ ਉਦਾਸ ਤੇ ਨਿਰਾਸ਼ ਕੀਤਾ ਹੈ ਪਰ ਇਸਦੇ ਨਾਲ ਹੀ ਇੱਕ ਹੋਰ ਗੱਲ ਵੀ ਬੜੀ ਖੂਬਸੂਰਤ ਦਿਖਾਈ ਦਿੱਤੀ ਕਿ ਸਰਕਾਰਾਂ ਤੋਂ ਵੀ ਪਹਿਲਾਂ ਲੋਕ ਜਾਂ ਸਮਾਜ ਸੇਵੀ ਜਥੇਬੰਦੀਆਂ ਪਹੁੰਚ ਗਈਆਂ ਸਨ ਇਹ ਇੱਕ ਚੰਗੀ ਗੱਲ ਹੈ। ਇਸਦੇ ਨਾਲ ਹੀ ਇੱਕ ਗੱਲ ਇਹ ਵੀ ਹੈ ਕਿ ਪੰਜਾਬੀ ਬਹੁਤਾ ਤਰਕ ਤੋਂ ਨਹੀਂ ਭਾਵੁਕਤਾ ਤੋਂ ਕੰਮ ਲੈਂਦੇ ਹਨ ਇਸੇ ਪ੍ਰਕਾਰ ਜਦੋਂ ਪੈਸਾ ਵੰਡਣ ਦੀਆਂ ਵੀਡੀਓ ਸਾਹਮਣੇ ਆਉਂਦੀਆਂ ਹਨ ਤਾਂ ਉਥੇ ਵੀ ਇਹ ਲੱਗਦਾ ਹੈ ਕਿ ਇਕ ਰਾਜਾਸ਼ਾਹੀ ਮਾਨਸਿਕਤਾ ਦਾ ਪ੍ਰਗਟਾਵਾ ਹੋ ਰਿਹਾ ਹੈ ਕਿਉਂਕਿ ਜੇ ਦਾਨ ਵੀ ਦੇਣਾ ਹੈ ਤਾਂ ਦਾਨ ਦੇਣ ਵਾਲੇ ਲੋਕ-ਫਲਸਫੇ ਅਨੁਸਾਰ ਦੂਜੇ ਹੱਥ ਨੂੰ ਨਹੀਂ ਪਤਾ ਲੱਗਣਾ ਚਾਹੀਦਾ ਕਿ ਦਾਨ ਕੀਤਾ ਹੈ ਇਥੇ ਤਾਂ ਦਾਨ ਦੀ ਸ਼ਰੇਆਮ ਨੁਮਾਇਸ਼ ਹੋ ਰਹੀ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਇਹ ਤਾਂ ਅਗਲੀਆਂ 2027 ਦੀਆਂ ਵੋਟਾਂ ਦੀ ਪੇਸ਼ਗੀ ਦਿੱਤੀ ਜਾ ਰਹੀ ਹੈ। ਸੋ ਸਭ ਤੋਂ ਜਰੂਰੀ ਗੱਲ ਹੈ ਕਿ ਹੜ੍ਹਾਂ ਦੇ ਬਾਰੇ ਕੁਝ ਸਮੇਂ ਬਾਅਦ ਗੱਲਬਾਤ ਖਤਮ ਹੋ ਜਾਵੇਗੀ ਜਦੋਂ ਕਿ ਭਵਿੱਖ ਵਿੱਚ ਅਜਿਹੀ ਸਮੱਸਿਆ ਨਾ ਆਵੇ, ਉਸ ਲਈ ਲੰਮੇ ਸਮੇਂ ਦੀ ਵਿਉਂਤਬੰਦੀ ਕਰਨ ਦੀ ਜਰੂਰਤ ਹੈ।

**98150 50617**

### ਦਰਿਆ ਬਿਆਸ ਵੀ ਸਰਕਾਰ ਤੋਂ ਬੇਆਸ ਹੋਇਆ

ਲੋਕ ਭਲਾਈ ਇਨਸਾਫ਼ ਵੈਲਫੇਅਰ ਸੋਸਾਇਟੀ ਨੇ ਬਿਆਸ ਦਰਿਆ ਦੇ ਰੁੱਖ ਵਿੱਚ ਗੈਰ-ਕੁਦਰਤੀ ਤਬਦੀਲੀ, ਗੈਰ-ਕਾਨੂੰਨੀ ਮਾਈਨਿੰਗ ਅਤੇ ਡੇਰਾ ਰਾਧਾਸਵਾਮੀ ਸਤਿਸੰਗ ਬਿਆਸ ਦੁਆਰਾ ਹੱਦਾਂ ਦੇ ਗੈਰਕਾਨੂੰਨੀ ਵਿਸਥਾਰ ਨਾਲ ਸਬੰਧਿਤ ਇੱਕ ਜਨਹਿੱਤ ਪਟੀਸ਼ਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪਾਈ ਸੀ, ਜਿਸ ਬਾਰੇ ਜਸਟਿਸ ਰਾਜੀਵ ਸ਼ਰਮਾ ਦੀ ਅਗਵਾਈ ਵਾਲੇ ਬੈਂਚ ਨੇ ਮੰਨਿਆ ਸੀ ਕਿ ਬਿਆਸ ਦਰਿਆ ਨੇ ਦੋ ਕਿਲੋਮੀਟਰ ਤੱਕ ਆਪਣਾ ਰਸਤਾ ਬਦਲ ਲਿਆ ਹੈ ਜਿਸ ਦਾ ਮੁੱਖ ਕਾਰਣ ਡੇਰੇ ਵੱਲੋਂ ਵਿਸਥਾਰ ਅਤੇ ਗੈਰਕਾਨੂੰਨੀ ਖਣਨ ਹੈ। ਇਸ ਕਾਰਣ ਕਿਸਾਨਾਂ ਦੀ ਲਗਪੱਗ 2500 ਏਕੜ ਉਪਜਾਊ ਜ਼ਮੀਨ ਨਸ਼ਟ ਹੋ ਗਈ। ਇਸ ਸਬੰਧੀ ਉਨ੍ਹਾਂ ਨੇ 2005 ਵਿੱਚ ਪੰਜਾਬ ਸਰਕਾਰ ਨੂੰ ਮਾਮਲੇ ਦੀ ਜਾਂਚ ਕਰਨ ਅਤੇ ਦੋਸ਼ੀ ਧਿਰਾਂ ਵਿਰੁੱਧ ਕਾਰਵਾਈ ਦੇ ਆਦੇਸ਼ ਦਿੱਤੇ ਸਨ। 2019 ਵਿੱਚ ਵਿੱਚ ਇੱਕ ਹੋਰ ਜਨਹਿੱਤ ਪਟੀਸ਼ਨ ਉੱਤੇ ਸੁਣਵਾਈ ਕਰਦੇ ਹੋਏ ਅਦਾਲਤ ਨੇ ਮੁੜ ਰਾਜ ਸਰਕਾਰ ਨੂੰ ਗੈਰ ਕਾਨੂੰਨੀ ਮਾਈਨਿੰਗ ਅਤੇ ਡੇਰੇ ਦੀਆਂ ਸੀਮਾਵਾਂ ਦੇ ਗੈਰ ਕਾਨੂੰਨੀ ਵਿਸਥਾਰ ਦੇ ਮਾਮਲੇ 'ਤੇ ਸਪਸ਼ਟ ਫੈਸਲਾ ਕਰਨ ਲਈ ਕਿਹਾ।

ਪਰ ਇਸ ਮਾਮਲੇ ਵਿੱਚ 'ਸਰਪੰਚਾਂ ਦਾ ਕਿਹਾ ਸਿਰ ਮੱਥੇ, ਪਰ ਪਰਨਾਲਾ ਉਥੇ ਦਾ ਉਥੇ' ਰਿਹਾ ਜਿਸ ਕਰਕੇ ਪੀੜਤ ਧਿਰ ਨੇ ਫਿਰ ਅਦਾਲਤ ਦਾ ਰੁਖ ਕੀਤਾ। ਇਸ ਉਪਰ ਹਾਈਕੋਰਟ ਨੇ 15 ਫਰਵਰੀ 2024 ਤੱਕ ਪੰਜਾਬ ਸਰਕਾਰ ਨੂੰ ਜਵਾਬ ਦੇਣ ਦਾ ਹੁਕਮ ਕੀਤਾ। ਪਰ ਸਾਫ ਜ਼ਾਹਿਰ ਹੈ ਕਿ ਕੋਈ ਕਾਰਵਾਈ ਨਹੀਂ ਹੋਈ ਕਿਉਂਕਿ ਇਸਵਾਰ, ਹੜ੍ਹਾਂ ਦੌਰਾਨ, ਅਖ਼ਬਾਰਾਂ ਵਿੱਚ ਫਿਰ ਖ਼ਬਰਾਂ ਛਪੀਆਂ ਹਨ ਕਿ ਇੱਕ ਪਾਸੇ ਤਾਂ ਬਿਆਸ ਦਰਿਆ ਦਾ ਰੁੱਖ ਬਦਲਣ ਨਾਲ ਵਧੇਰੇ ਤਬਾਹੀ ਹੋਈ ਹੈ। ਦੂਜੇ ਪਾਸੇ ਡੇਰੇ ਨੇ ਭਰਤ ਪਾ ਕੇ ਹੋਰ ਥਾਂ ਰੋਕ ਲਿਆ ਹੈ। ਇਨ੍ਹਾਂ ਦਿਨਾਂ ਵਿੱਚ ਡੇਰਾ ਮੁਖੀ ਦੇ ਸਿਆਸੀ ਚੱਕਰ ਵੀ ਵਧੇ ਹੋਏ ਹਨ। ਸੋ ਇਸ ਮਾਮਲੇ ਵਿੱਚ ਹੁਣ ਵੀ ਕੋਈ ਕਾਰਵਾਈ ਹੋਣ ਦੇ ਘੱਟ ਹੀ ਆਸਾਰ ਹਨ।

# ਗ਼ਦਰ ਲਹਿਰ ਦਾ ਵਿਚਾਰਧਾਰਕ ਵਿਕਾਸ

*ਗ਼ਦਰ ਲਹਿਰ ਦਾ ਪੰਜਾਬ ਦੇ ਇਤਿਹਾਸ ਵਿੱਚ ਮਹੱਤਵਪੂਰਨ ਸਥਾਨ ਹੈ। ਜਿੱਥੇ ਇਨ੍ਹਾਂ ਦੀਆਂ ਕੁਰਬਾਨੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸ੍ਰੋਤ ਬਣੀਆਂ, ਉੱਥੇ ਉਨ੍ਹਾਂ ਵੱਲੋਂ ਜੋ ਵਿਚਾਰ ਲਿਆਂਦੇ ਗਏ, ਉਹ ਅੱਜ ਵੀ ਸਾਡੇ ਰਾਹ ਦਰਸਾਵੇ ਬਣੇ ਹੋਏ ਹਨ। ਇਸ ਪ੍ਰਸੰਗ ਵਿੱਚ ਇਹ ਸਵਾਲ ਵੀ ਬਹੁਤ ਮਹੱਤਵਪੂਰਨ ਹੈ ਕਿ ਉਨ੍ਹਾਂ ਦੇ ਇਹ ਵਿਚਾਰ ਬਣੇ ਕਿਵੇਂ? ਉੱਘੇ ਵਿਦਵਾਨ ਡਾ. ਸਰਬਜੀਤ ਸਿੰਘ 'ਗ਼ਦਰ ਲਹਿਰ' ਪੁਸਤਕ ਦੀ ਭੂਮਿਕਾ ਵਿੱਚ ਇਸ ਨੁਕਤੇ ਉੱਤੇ ਚਰਚਾ ਕਰਦੇ ਹੋਏ ਦੱਸਦੇ ਹਨ ਕਿ ਗ਼ਦਰੀਆਂ ਦਾ ਮੁਢਲਾ ਸੁਪਨਾ ਬਰਤਾਨਵੀ ਸਾਮਰਾਜ ਤੋਂ ਆਜ਼ਾਦੀ ਦਾ ਹੀ ਸੀ। ਇਸ ਆਜ਼ਾਦੀ ਦੇ ਸੁਪਨੇ ਵਿੱਚ ਆਰਥਿਕ ਅਤੇ ਸਮਾਜਿਕ ਬਰਾਬਰੀ ਵਾਲਾ ਪੱਖ ਸ਼ਾਮਲ ਕਰਨ ਵਿੱਚ ਲਾਲਾ ਹਰਦਿਆਲ ਨੇ ਆਪਣੀਆਂ ਲਿਖਤਾਂ ਰਾਹੀਂ ਮੁਢਲਾ ਹਿੱਸਾ ਪਾਇਆ। ਧਾਰਮਿਕ ਬਖੇੜਿਆਂ ਤੋਂ ਉਪਰ ਉੱਠ ਕੇ ਪੂਰਨ ਆਜ਼ਾਦੀ ਲਈ ਹਥਿਆਰਬੰਦ ਤਰੀਕੇ ਨਾਲ ਘੋਲ ਲੜਨਾ, ਉਨ੍ਹਾਂ ਦੇ ਮੁਢਲੇ ਦੌਰ ਦੀ ਸੂਝ ਦਾ ਹਿੱਸਾ ਬਣ ਗਿਆ ਸੀ। ਇਹ ਤਿੰਨੇ ਪੱਖ (ਧਾਰਮਿਕਤਾ ਨੂੰ ਪਾਸੇ ਰੱਖਣਾ, ਪੂਰਨ ਆਜ਼ਾਦੀ ਦੀ ਮੰਗ ਅਤੇ ਹਥਿਆਰਬੰਦ ਰਾਹ) ਮਹੱਤਵਪੂਰਨ ਸਨ ਕਿਉਂਕਿ ਭਾਰਤ ਦੀ ਰਾਸ਼ਟਰਵਾਦੀ ਲਹਿਰ ਉਸ ਸਮੇਂ ਇਨ੍ਹਾਂ ਮੁੱਦਿਆਂ ਤੋਂ ਪਿੱਛੇ ਖੜ੍ਹੀ ਸੀ। ਪਰ ਆਜ਼ਾਦੀ ਕਿਹੋ ਜਿਹਾ ਸਮਾਜ ਸਿਰਜਣ ਲਈ ਲਿਆਉਣੀ ਹੈ, ਇਸ ਬਾਰੇ ਸਪਸ਼ਟ ਸੂਝ 1915 ਦੇ ਗ਼ਦਰ ਦੀ ਕੋਸ਼ਿਸ਼ ਫੇਲ੍ਹ ਹੋਣ ਅਤੇ 1917 ਵਿੱਚ ਰੂਸੀ ਇਨਕਲਾਬ ਦੇ ਸਫਲ ਹੋਣ ਉਪਰੰਤ ਬਣੀ। ਇਨ੍ਹਾਂ ਵਰਤਾਰਿਆਂ ਨੇ ਉਨ੍ਹਾਂ ਨੂੰ ਵਿਚਾਰਧਾਰਕ ਮਸਲਿਆਂ ਬਾਰੇ ਸਪਸ਼ਟਤਾ ਹਾਸਲ ਕਰਨ ਵੱਲ ਮੋੜਿਆ। ਸਿੱਟੇ ਵਜੋਂ ਉਨ੍ਹਾਂ ਨੇ 1920 ਵਿੱਚ ਜੋ ਅੰਗਰੇਜ਼ੀ ਰਸਾਲਾ 'ਇੰਡੀਪੈਂਡੈਂਟ ਇੰਡੀਆ' ਪ੍ਰਕਾਸ਼ਿਤ ਕੀਤਾ ਉਸ ਦੇ ਸਰਵਰਕ ਉੱਤੇ ਲਿਖਿਆ ਸੀ -* A monthly Review of Political, Economic, social and intellectual Independence of India *ਭਾਵ ਰਾਜਸੀ ਆਜ਼ਾਦੀ ਤੋਂ ਅੱਗੇ ਆਰਥਿਕ, ਸਮਾਜਿਕ ਅਤੇ ਬੌਧਿਕ ਆਜ਼ਾਦੀ ਨੂੰ ਵੀ ਆਪਣੇ ਨਿਸ਼ਾਨਿਆਂ ਵਿੱਚ ਸ਼ਾਮਲ ਕੀਤਾ।*

*ਪਹਿਲੀ ਨਵੰਬਰ ਨੂੰ ਗ਼ਦਰ ਲਹਿਰ ਦੇ ਆਦਰਸ਼ਾਂ ਨੂੰ ਯਾਦ ਕਰਦੇ ਹੋਏ, ਅਸੀਂ ਡਾ. ਸਰਬਜੀਤ ਸਿੰਘ, ਪ੍ਰੋਫੈਸਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਲੇਖ ਵਿਚੋਂ ਉਪਰੋਕਤ ਵਿਚਾਰਾਂ ਦੀ ਵਿਆਖਿਆ ਕਰਦੇ ਹੋਏ ਕੁਝ ਅੰਸ਼ ਪੇਸ਼ ਕਰ ਰਹੇ ਹਾਂ।*

ਇਸ ਲਹਿਰ ਦੀ ਸਿਧਾਂਤਕ ਅਤੇ ਵਿਚਾਰਧਾਰਕ ਸਥਿਤੀ ਦਾ ਮੁੱਢਲਾ ਪੜ੍ਹਾਅ ਆਜ਼ਾਦੀ ਦਾ ਸੁਪਨਾ ਸੀ।

ਗ਼ਦਰ ਲਹਿਰ ਦੇ ਪਹਿਲੇ ਦਾਰਸ਼ਨਿਕ ਸੋਚਵਾਨ ਲਾਲਾ ਹਰਦਿਆਲ ਹਨ। ਲਾਲਾ ਹਰਦਿਆਲ ਨੇ ਆਰੰਭਲੇ ਸਮੇਂ ਵਿੱਚ ਗ਼ਦਰ ਅਖ਼ਬਾਰ ਦਾ ਸੰਪਾਦਨ ਤਾਂ ਕੀਤਾ ਹੀ ਸਗੋਂ ਆਪਣੀ ਸੋਚ-ਸਮਝ ਅਨੁਸਾਰ ਇਸਨੂੰ ਸਿਧਾਂਤਕ ਅਤੇ ਵਿਚਾਰਧਾਰਕ ਪੱਥ ਪ੍ਰਦਰਸ਼ਨ ਵੀ ਦਿੱਤਾ। ਲਾਲਾ ਹਰਦਿਆਲ ਦੀਆਂ ਲਿਖਤਾਂ ਵਿੱਚ 'ਆਜ਼ਾਦੀ ਦਾ ਸੁਪਨਾ' ਵਿਚਾਰਧਾਰਕ ਦ੍ਰਿਸ਼ਟੀ ਵਿੱਚ ਰੂਪਾਂਤਰਿਤ ਹੋ ਕੇ ਕਈ ਬੁਨਿਆਦੀ ਮਸਲੇ ਖੜ੍ਹੇ ਕਰਦਾ ਹੈ। ਬਰਾਬਰੀ, ਸਮਾਜਕ ਨਿਆਂ ਦੇ ਮਸਲੇ ਉੱਪਰ ਉਸ ਦੀ ਵਿਚਾਰਧਾਰਕ ਦ੍ਰਿਸ਼ਟੀ ਇਸ ਲਹਿਰ ਨੂੰ ਇਕ ਰਸਤੇ ਦੇ ਰਾਹ ਦਿਖਾਵੇ ਦਾ ਕੰਮ ਕਰਦੀ ਹੈ।

"(3) *ਮਾਯਕ ਬਰਾਬਰੀ -ਸੱਚੀ ਬਰਾਬਰੀ ਮਾਯਕ ਬਰਾਬਰੀ ਦਾ ਇਕ ਅੰਗ ਹੈ। ਅਮੀਰ ਦਾ ਗਰੀਬ ਉੱਤੇ ਹਮੇਸ਼ਾ ਗਲਬਾ ਰਹੇਗਾ। ਸਮਾਜ ਵਿੱਚ ਅਮੀਰ ਤੇ ਗਰੀਬ ਨਹੀਂ ਹੋਣੇ ਚਾਹੀਦੇ। ਜਿੱਥੇ ਇਕ ਆਦਮੀ ਐਸ਼ਾਂ ਵਿੱਚ ਆਨੰਦ ਭੋਗਦਾ ਹੋਵੇ ਤੇ ਦੂਜਾ ਭੁੱਖਾ ਮਰਦਾ ਹੋਵੇ, ਭ੍ਰਾਤਰੀ ਭਾਵ ਦਾ ਖਿਆਲ ਨਾਮੁਮਕਿਨ ਹੈ। ਇਕ ਪਾਸੇ ਭੁੱਖ ਨਾਲ ਮਰੇ ਹੋਏ ਲੋਕ ਤੇ ਦੂਜੇ ਪਾਸੇ ਬੌਹਤ ਖਾ ਕੇ ਨਿਕਲੀਆਂ ਹੋਈਆਂ ਗੋਗੜਾਂ ਬਰਾਬਰੀ ਦੇ ਅਸੂਲ ਵਾਸਤੇ ਮੁਆਫ਼ਕ ਨਹੀਂ।*

*ਭਾਈਚਾਰੇ ਵਿੱਚ ਪਾੜੇ ਦੀਆਂ ਦੋ ਲੀਕਾਂ ਹਨ ਜਿਨ੍ਹਾਂ ਨੂੰ ਕੋਈ ਜਾਦੂ ਨਹੀਂ ਮੇਟ ਸਕਦਾ। ਇਹ ਹਨ, ਇਸਤਰੀ ਤੇ ਮਰਦ, ਅਮੀਰ ਤੇ ਗਰੀਬ ਦਾ ਫਰਕ। ਅਮੀਰ ਆਦਮੀ ਗਰੀਬ ਦਾ ਦੁਸ਼ਮਣ ਹੈ। ਮਰਦ ਇਸਤਰੀ ਨੂੰ ਗ਼ੁਲਾਮ ਬਣਾ ਕੇ ਰੱਖਣਾ ਚਾਹੁੰਦਾ ਹੈ। ਇਕ ਟੱਬਰ ਵਿੱਚ ਅਸੀਂ ਕਦੇ ਨਹੀਂ ਦੇਖਿਆ ਕਿ ਬਾਪ ਮਿਠਾਈ ਖਾਂਦਾ ਹੋਵੇ ਤੇ ਬੱਚੇ ਟੁਕੜੇ ਚੱਬਦੇ ਹੋਣ। ਇਸ ਲਈ ਸਿੱਧ ਹੈ ਕਿ ਅਸਲੀ ਬਰਾਬਰੀ ਸਭ ਹਾਲਤਾਂ ਵਿੱਚ ਬਰਾਬਰੀ ਮੰਗਦੀ ਹੈ। ਮਾਯਕ ਬਰਾਬਰੀ ਤੋਂ ਬਿਨਾਂ ਭਾਈਚਾਰਾ ਇਕ ਸੁਫ਼ਨਾ ਹੈ।"* **(ਲਾਲਾ ਹਰਦਿਆਲ-ਨਵੇਂ ਜ਼ਮਾਨੇ ਦੇ ਨਵੇਂ ਆਦਰਸ਼)**

(ਸੰਪਾਦਕੀ ਨੋਟ - ਉਸ ਸਮੇਂ ਪੰਜਾਬੀ ਦੇ ਸ਼ਬਦਜੋੜ ਕੁਝ ਵੱਖਰੇ ਸਨ ਜਿਸ ਕਰਕੇ ਮਾਇਕ ਨੂੰ ਮਾਯਕ ਲਿਖਿਆ ਹੈ ਜਿਸਦਾ ਭਾਵ ਆਰਥਿਕ ਹੈ।)

ਲਾਲਾ ਹਰਦਿਆਲ ਨੇ ਬਹੁਤੇ ਮਸਲੇ ਨੈਤਿਕਤਾ ਦੀ ਪੱਧਰ ਉੱਪਰ ਸੁਲਝਾਉਣ ਦਾ ਯਤਨ ਵੀ ਕੀਤਾ, ਪਰੰਤੂ ਇਹ ਗ਼ਦਰ ਲਹਿਰ ਦੇ ਮੁੱਢਲੇ ਵਿਚਾਰਧਾਰਕ ਦੌਰ ਦਾ ਸਮਾਂ ਹੈ, ਜਦੋਂ ਗ਼ਦਰ ਲਹਿਰ ਇਕ ਨਵੇਂ ਸੁਪਨੇ ਨੂੰ ਸਿਰਜਣ ਦੇ ਆਹਰ ਵਿੱਚ ਸੀ। 'ਆਜ਼ਾਦੀ ਦਾ ਸੁਪਨਾ' ਪ੍ਰਮੁੱਖ ਸੀ। ਬਰਤਾਨਵੀ ਸਾਮਰਾਜ ਤੋਂ ਮੁਕਤੀ ਦਾ ਮਸਲਾ ਸੀ। ਪਰੰਤੂ ਉਸ ਮੁਕਤੀ ਉਪਰੰਤ ਕਿਹੋ

ਜਿਹੇ ਸਮਾਜ ਦੀ ਸਿਰਜਣਾ ਕਰਨੀ ਹੈ ਇਹ ਬਹੁਤਾ ਸਪੱਸ਼ਟ ਨਹੀਂ ਸੀ। ਇਸ ਸਮੇਂ ਦਾ ਦਿਲਚਸਪ ਪ੍ਰਸ਼ਨ ਇਹ ਵੀ ਹੈ ਕਿ ਵੱਖਰੇ ਵੱਖਰੇ ਮੁਲਕਾਂ ਵਿੱਚ ਬੈਠੇ ਸੰਗਰਾਮੀਏ, ਉਸ ਤਰ੍ਹਾਂ ਦੇ ਰਾਜ ਅਤੇ ਸਮਾਜ ਦੀ ਸੰਕਲਪਨਾ ਹੀ ਕਰ ਰਹੇ ਸਨ, ਜਿਹੋ ਜਿਹਾ ਉਨ੍ਹਾਂ ਮੁਲਕਾਂ ਵਿੱਚ ਸੀ। ਗ਼ਦਰ ਲਹਿਰ ਦੀ ਆਜ਼ਾਦੀ ਪ੍ਰਾਪਤੀ ਦਾ ਮਸਲਾ ਭਾਰਤ ਵਿੱਚ ਲੜ ਰਹੀ ਆਜ਼ਾਦੀ ਦੀ ਲਹਿਰ ਕਾਂਗਰਸ ਨਾਲੋਂ ਮੂਲੋਂ ਵੱਖਰਾ ਸੀ। ਕਿਉਂਕਿ ਗ਼ਦਰ ਲਹਿਰ ਦੀ ਬੁਨਿਆਦੀ ਸਮਝ ਹਥਿਆਰਬੰਦ ਸੀ। ਇਸ ਹਥਿਆਰਬੰਦ ਸੰਘਰਸ਼ ਪਿੱਛੇ 1857 ਦੇ ਗ਼ਦਰ ਦਾ ਮੁੱਖ ਰੋਲ ਦਿਖਾਈ ਦਿੰਦਾ ਹੈ ਤਾਂ ਹੀ ਗ਼ਦਰ ਲਹਿਰ ਵਿੱਚ ਥਾਂ-ਪੁਰ-ਥਾਂ ਗ਼ਦਰ ਮਚਾ ਦੇਣ ਦਾ ਹੋਕਾ ਸੁਣਾਈ ਦਿੰਦਾ ਹੈ। ਗ਼ਦਰ ਲਹਿਰ ਦੀ ਵਿਚਾਰਧਾਰਾ ਦੀ ਚਰਚਾ ਕਰਦਿਆਂ ਡਾ. ਹਰੀਸ਼ ਕੇ. ਪੁਰੀ ਬਹੁਤ ਸਪੱਸ਼ਟਤਾ ਨਾਲ ਪ੍ਰਗਟ ਕਰਦੇ ਹਨ। "ਜਿਹੜੇ ਨਿਸ਼ਾਨੇ ਪ੍ਰਾਪਤ ਕੀਤੇ ਜਾਣੇ ਸਨ, ਉਹਨਾਂ ਵਿਚੋਂ ਪਹਿਲਾ ਨਿਸ਼ਾਨਾ ਬੇਸ਼ੱਕ ਪੂਰਨ ਰਾਜਨੀਤਕ ਸਵੈਧੀਨਤਾ ਸੀ। ਇਸ ਬਾਰੇ ਕੋਈ ਰਿਆਇਤ ਨਹੀਂ ਸੀ ਦਿੱਤੀ ਜਾ ਸਕਦੀ। ਇਸ ਪੱਖੋਂ ਗ਼ਦਰ ਲਹਿਰ ਨੇ ਉਹ ਦਿਸ਼ਾ ਅਗੇਤੇ ਹੀ ਪਛਾਣ ਲਈ ਸੀ ਜਿਸਨੂੰ ਭਾਰਤ ਵਿਚਲੀ ਰਾਸ਼ਟਰਵਾਦੀ ਲਹਿਰ ਵਲੋਂ ਕਈ ਸਾਲ ਮਗਰੋਂ ਅਪਣਾਇਆ ਜਾਣਾ ਸੀ। ਗ਼ਦਰ ਇੰਡੀਅਨ ਨੈਸ਼ਨਲ ਕਾਂਗਰਸ ਦੀ ਉਸ ਵੇਲੇ ਦੀ ਮੰਗਤਿਆਂ ਵਾਲੀ ਪਹੁੰਚ ਦੀ ਨਿਖੇਧੀ ਕਰਦਾ ਸੀ ਅਤੇ ਕੌਮ ਨੂੰ ਕਥਿਤ ਤੌਰ 'ਤੇ ਗੁੰਮਰਾਹ ਕਰਨ ਲਈ ਗੋਪਾਲ ਕ੍ਰਿਸ਼ਨ ਗੋਖਲੇ ਵਰਗੇ ਨਰਮਦਲੀਆਂ ਦੀ ਆਲੋਚਨਾ ਕਰਦਾ ਸੀ।"

ਗ਼ਦਰ ਲਹਿਰ ਦੀ ਵਿਚਾਰਧਾਰਾ ਦਾ ਪ੍ਰਮੁੱਖ ਨਿਸ਼ਾਨਾ ਬਰਤਾਨਵੀ ਸਾਮਰਾਜ ਤੋਂ ਮੁਕਤੀ ਸੀ। ਇਸ ਮੁਕਤੀ ਲਈ ਉਹ ਕੌਮੀ ਪੱਧਰ ਉੱਪਰ ਏਕਤਾ ਦੀ ਗੱਲ ਹਮੇਸ਼ਾ ਕਰਦੇ ਸਨ। ਉਹ ਇਸ ਤੱਥ ਤੋਂ ਭਲੀ ਭਾਂਤ ਵਾਕਫ਼ ਸਨ ਕਿ ਬਰਤਾਨਵੀ ਸਾਮਰਾਜ ਭਾਰਤੀ ਲੋਕਾਈ ਨੂੰ ਧਰਮ, ਜਾਤ ਤੇ ਭਾਸ਼ਾ ਦੇ ਨਾਂਅ ਉਪਰ ਫਿਰਕਾਪ੍ਰਸਤ ਢੰਗਾਂ ਨਾਲ ਵੰਡੀ ਰੱਖਣਾ ਚਾਹੁੰਦਾ ਹੈ। ਪਰੰਤੂ ਗ਼ਦਰ ਲਹਿਰ ਹਥਿਆਰਬੰਦ ਤੌਰ ਤਰੀਕਾ ਆਪਣਾ ਕੇ ਬਰਤਾਨਵੀ ਰਾਜ ਦਾ ਫਸਤਾ ਵੱਢਣਾ ਚਾਹੁੰਦੀ ਸੀ। ਇਸ ਲਹਿਰ ਵਿੱਚ ਉਤਰਾਵਾਂ ਚੜ੍ਹਾਵਾਂ ਨੇ ਇਕ ਵਾਰ ਇਸ ਲਹਿਰ ਅੰਦਰ ਇਕ ਖੜੋਤ ਅਤੇ ਵਿਰੋਧ ਪੈਦਾ ਕਰ ਦਿੱਤਾ। ਇਸ ਦੇ ਦੋਵੇਂ ਤਰ੍ਹਾਂ ਦੇ ਅੰਦਰੂਨੀ ਅਤੇ ਬੈਰੂਨੀ ਕਾਰਨ ਸਨ। ਉਨ੍ਹਾਂ ਬਾਰੇ ਚਰਚਾ ਇਥੇ ਸੰਭਵ ਨਹੀਂ ਹੈ। ਪਰੰਤੂ ਇਸ ਲਹਿਰ ਨੂੰ ਮੁੜ ਸੰਗਠਿਤ ਕੀਤਾ ਜਾਣ ਲੱਗਾ। ਇਸ ਵਿੱਚ ਭਾਈ ਸੰਤੋਖ ਸਿੰਘ ਅਤੇ ਭਾਈ ਰਤਨ ਸਿੰਘ ਦਾ ਬਹੁਤ ਵੱਡਾ ਯੋਗਦਾਨ ਹੈ। ਇਹ ਸੰਗਠਨਕਾਰੀ ਪੂਰਵਲੀਆਂ ਲੀਹਾਂ ਉੱਪਰ ਨਹੀਂ ਸਗੋਂ ਨਵੀਆਂ ਵੰਗਾਰਾਂ ਦੇ ਸਨਮੁੱਖ ਵਿਚਾਰਧਾਰਕ ਦ੍ਰਿਸ਼ਟੀ ਵਿੱਚ ਪਰਿਵਰਤਨ ਲਿਆ ਕੇ ਸੰਭਵ ਹੋਈ। 1917 ਦੇ ਰੂਸੀ ਇਨਕਲਾਬ ਦਾ ਇਸ ਵਿੱਚ ਬਹੁਤ ਵੱਡਾ ਯੋਗਦਾਨ ਹੈ। ਭਾਈ ਸੰਤੋਖ ਸਿੰਘ ਕੌਮਾਂਤਰੀ ਸੂਝ ਵਾਲਾ ਚੇਤੰਨ ਇਨਕਲਾਬੀ ਯੋਧਾ ਸੀ, ਜਿਸ ਨੇ ਇਹ ਪਛਾਣ ਲਿਆ ਸੀ ਕਿ ਗ਼ਦਰ ਲਹਿਰ ਅੰਦਰ ਵਿਚਾਰਧਾਰਕ ਗੁਣਾਂਤਮਕਤਾ ਦੀ ਜ਼ਰੂਰਤ ਹੈ। 1920 ਨੂੰ ਸਾਨਫਰਾਂਸਿਸਕੋ ਵਿੱਚ ਹੋਈ ਗ਼ਦਰ ਪਾਰਟੀ ਦੀ ਮੀਟਿੰਗ ਵਿੱਚ ਅਹਿਮ ਫ਼ੈਸਲਾ ਗ਼ਦਰ ਲਹਿਰ ਦੀ ਵਿਚਾਰਧਾਰਕ ਦ੍ਰਿਸ਼ਟੀ ਨੂੰ ਦਿਸ਼ਾ ਨਿਰਦੇਸ਼ਨ ਕਰਨ ਵਾਲਾ ਹੈ। "ਗ਼ਦਰ ਪਾਰਟੀ ਦੀ ਮਈ, 1920 ਦੀ ਸਾਨਫਰਾਂਸਿਸਕੋ ਮੀਟਿੰਗ ਵਿੱਚ ਆਪਣੀ ਰਿਪੋਰਟ ਵਿੱਚ ਇਸ ਲੋੜ ਉੱਤੇ ਉਚੇਚਾ ਜ਼ੋਰ ਦਿੱਤਾ ਸੀ ਕਿ ਪਾਰਟੀ ਦੇ ਫਰਵਰੀ, 1915 ਦੇ ਅਸਫ਼ਲ ਗ਼ਦਰ ਅਤੇ ਰੂਸ ਦੇ ਨਵੰਬਰ, 1917 ਦੇ ਸਫਲ ਇਨਕਲਾਬ ਤੋਂ ਦਰੁਸਤ ਨਤੀਜਾ ਇਹ ਹੀ ਨਿਕਲਦਾ ਹੈ ਕਿ ਗ਼ਦਰ ਪਾਰਟੀ ਵੀ ਵਿਗਿਆਨਕ ਸਮਾਜਵਾਦ ਦੀ ਵਿਚਾਰਧਾਰਾ ਨੂੰ ਅਪਣਾ ਲਵੇ। ਪਾਰਟੀ ਨੇ ਇਸ ਰਿਪੋਰਟ ਨੂੰ ਸਰਬਸੰਮਤੀ ਨਾਲ ਪਾਸ ਕਰਕੇ, ਇਸ ਨਵੀਂ ਵਿਚਾਰਧਾਰਾ ਪ੍ਰਤੀ ਪ੍ਰਤੀਬੱਧਤਾ ਪ੍ਰਗਟ ਕਰ ਦਿੱਤੀ ਅਤੇ ਨਵਾਂ ਪ੍ਰੋਗਰਾਮ ਉਲੀਕ ਲਿਆ।" (ਗ਼ਦਰੀ ਯੋਧਾ ਭਾਈ ਸੰਤੋਖ ਸਿੰਘ: ਜੀਵਨ ਅਤੇ ਲਿਖਤਾਂ, ਪੰਨਾ 30-31)

ਗ਼ਦਰ ਲਹਿਰ ਜਿਸਦਾ ਆਰੰਭਲਾ ਸੁਪਨਾ ਬਰਤਾਨਵੀ ਸਾਮਰਾਜ ਤੋਂ ਮੁਕਤੀ ਸੀ, ਹੁਣ ਉਹ ਇਕ ਅਜਿਹੇ ਵਿਚਾਰਧਾਰਕ ਦ੍ਰਿਸ਼ ਦੀ ਸਿਰਜਣਾ ਵੀ ਕਰਨ ਲੱਗ ਪਈ ਸੀ ਜਿਸ ਅੱਗੇ ਸਮਾਜਵਾਦੀ ਸਮਾਜ ਦੀ ਸੰਕਲਪਨਾ ਬਣ ਗਈ ਸੀ। ਇਸ ਕਰਕੇ ਵਿਚਾਰਧਾਰਕ ਪਰਿਵਰਤਨ ਨੂੰ ਪ੍ਰਗਟਾਉਂਦਿਆਂ ਪਹਿਲਾ ਅੰਕ 'ਇੰਡੀਪੈਂਡੈਂਟ ਹਿੰਦੁਸਤਾਨ' ਸਤੰਬਰ, 1920 ਨੂੰ ਪ੍ਰਕਾਸ਼ਿਤ ਕੀਤਾ ਗਿਆ। ਇਸ ਦੇ ਸਰਵਰਕ ਉੱਪਰ ਇਹ ਲਿਖਿਆ ਹੋਇਆ ਸੀ, 'A monthly Review of Political, Economic, social and intellectual Independence of India.'

ਇਸ ਦੇ ਨਾਲ ਹੀ ਉਸਦੇ ਪਹਿਲੇ ਸੰਪਾਦਕੀ ਵਿੱਚ ਇਹ ਐਲਾਨ ਕੀਤਾ ਗਿਆ ਸੀ, "ਇੱਕ ਵਿਸੇਸ਼ ਨਿਸ਼ਚੇਬੱਧ ਅਤੇ ਸੋਚੇ ਸਮਝੇ ਮਨੋਰਥ ਤੋਂ ਪ੍ਰੇਰਿਤ ਹੋ ਕੇ, ਅਸੀਂ, ਹਿੰਦੁਸਤਾਨ ਦੀ ਹੋਣੀ ਦੀ ਰਹਿਨੁਮਾਈ ਕਰਨ ਵਾਲੀ ਇਨਕਲਾਬੀ ਤੇ ਅਗਾਂਹਵਧੂ ਰੂਹ ਦੀ ਤਸ਼ਰੀਹ ਕਰਦੇ ਹੋਏ, ਤੁਹਾਨੂੰ ਉਸ ਬਾਰੇ ਸੂਚਿਤ ਕਰਨ ਲਈ ਹਾਜ਼ਰ ਹਾਂ।" (ਸੋਹਣ ਸਿੰਘ ਜੋਸ਼-ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ)

ਉਪਰੋਕਤ ਸੰਪਾਦਕੀ ਗ਼ਦਰ ਲਹਿਰ ਵਿੱਚ ਵਾਪਰੇ ਗੁਣਾਂਤਮਕ ਵਿਚਾਰਧਾਰਕ ਮੋੜ ਦੀ ਗਵਾਹੀ ਹੈ। ਇਉਂ ਕਿਹਾ ਜਾ ਸਕਦਾ ਹੈ ਕਿ ਗ਼ਦਰ ਲਹਿਰ ਜੋ ਪਰਵਾਸ ਵਿੱਚ ਬੈਠੇ ਭਾਰਤੀਆਂ ਨੇ ਗੁਲਾਮੀ ਦੀ ਜ਼ਿੱਲਤ ਵਿਚੋਂ ਜੋ 'ਆਜ਼ਾਦੀ ਦਾ ਸੁਪਨਾ' ਲਿਆ ਸੀ, ਉਸ ਆਜ਼ਾਦੀ ਦੇ ਸੁਪਨੇ ਨੂੰ ਉਸ ਰੂਸੀ ਇਨਕਲਾਬ ਤੋਂ ਵਿਚਾਰਧਾਰਕ ਰੋਸ਼ਨੀ ਪ੍ਰਾਪਤ ਹੋਈ ਜੋ ਅੱਗੇ ਜਾ ਕੇ ਸਮਾਜਵਾਦੀ ਸਮਾਜ ਦੀ ਸੰਕਲਪਨਾ ਵਿੱਚ ਰੂਪਾਂਤਰਿਤ ਹੁੰਦੀ ਹੈ। ਇਹ ਰੂਪਾਂਤਰਣ ਮਹਿਜ਼ ਕਲਪਨਾ ਆਧਾਰਿਤ ਨਹੀਂ ਸਗੋਂ ਠੋਸ ਉਸ ਸੂਝ ਉੱਪਰ ਉਸਰਦਾ ਹੈ ਜਿਹੜਾ ਮਾਰਕਸਵਾਦੀ ਜੀਵਨ ਦਰਸ਼ਨ ਦੇ ਗਿਆਨ ਅਤੇ ਸੂਝ ਨਾਲ ਲਬਰੇਜ਼ ਹੈ। ਰੂਸ ਵਿੱਚ ਵਿਸ਼ੇਸ਼ ਤੌਰ 'ਤੇ ਰਾਜਨੀਤਕ ਸਿੱਖਿਆ ਲਈ ਜਾਣਾ ਇਹੋ ਦਰਸਾਉਂਦਾ ਹੈ ਕਿ ਇਹ ਸਿੱਖਿਆ ਮਾਰਕਸਵਾਦੀ ਫਲਸਫ਼ੇ ਦੀ ਹੀ ਸੀ। ਇਥੇ ਪੜ੍ਹਾਈ ਅਤੇ ਮਿਲਟਰੀ ਸਿਖਲਾਈ ਰਾਹੀਂ ਇਨਕਲਾਬੀਆਂ ਦੇ ਤਿਆਰ ਕਰਨ ਸੰਬੰਧੀ **ਬਡ ਢਿੱਲੋਂ*** ਦੇ ਜਵਾਬ ਵਿਚੋਂ ਬਹੁਤ ਕੁਝ ਸਪੱਸ਼ਟ ਹੋ ਜਾਂਦਾ ਹੈ। "ਵਿਸ਼ੇ ਸਨ ਸਿਆਸੀ ਆਰਥਿਕਤਾ, ਟਰੇਡ ਯੂਨੀਅਨਇਜ਼ਮ, ਡਾਇਲੈਕਟੀਕਲ ਮਟੀਰੀਅਲਇਜ਼ਮ, ਕਿਸਾਨੀ ਮਸਲੇ, ਆਰਥਿਕ ਭੂਗੋਲ (ਇਕਨਾਮਿਕ ਜਾਗਰਫ਼ੀ)। ਸਾਨੂੰ ਜ਼ਬਾਨ ਵੀ ਸਿੱਖਣੀ ਪੈਂਦੀ ਸੀ। ਸ਼ੁਰੂ ਵਿੱਚ ਕੁਝ ਲੋਕ ਸਾਡੇ ਲਈ ਤਰਜ਼ਮਾ ਕਰ ਦਿੰਦੇ ਸਨ ਪਰ ਸਾਨੂੰ ਬੜੀ ਤੇਜ਼ੀ ਨਾਲ ਰੂਸੀ ਬੋਲੀ ਸਿਖਾਈ ਗਈ।

ਛੇ ਮਹੀਨੇ ਵਾਸਤੇ ਅਸੀਂ ਪੜ੍ਹਾਈ ਕੀਤੀ ਅਤੇ ਛੇਆਂ ਮਹੀਨਿਆਂ ਬਾਅਦ ਅਸੀਂ ਮਿਲਟਰੀ ਦੀ ਸਿਖਲਾਈ ਵਾਸਤੇ ਗਏ। ਇਹ ਇਕ ਗਰਮੀਆਂ ਵਿੱਚ ਲੱਗਣ ਵਾਲਾ ਕੈਂਪ ਸੀ। ਸਾਨੂੰ ਰਜਮਿੰਟਾਂ ਅਤੇ ਸਕੁਆਡਾਂ ਵਿੱਚ ਜਥੇਬੰਦ ਕੀਤਾ ਗਿਆ ਸੀ। ਅਸੀਂ ਕੈਂਪਾਂ ਵਿੱਚ ਪੈਂਦੇ ਸਾਂ ਅਤੇ ਖਾਈਆਂ ਖੋਦ ਕੇ ਅਤੇ ਗੋਲੀ ਚਲਾਉਣ ਦੀ ਸਿੱਖਿਆ ਲੈਂਦੇ। ਸਾਨੂੰ ਮਿਲਟਰੀ ਦੀ ਮੁੱਢਲੀ ਸਿਖਲਾਈ ਦਿੱਤੀ ਜਾਂਦੀ ਸੀ।"

ਉਪਰੋਕਤ ਕਥਨ ਤੋਂ ਸਪੱਸ਼ਟ ਹੈ ਕਿ ਇਕ ਪਾਸੇ ਇਨਕਲਾਬੀ ਵਿਦਿਆ ਰਾਹੀਂ ਇਨਕਲਾਬੀਆਂ ਨੂੰ ਸਮਾਜੀ ਅਤੇ ਰਾਜਸੀ ਸੂਝ ਦਿੱਤੀ ਜਾ ਰਹੀ ਸੀ ਤੇ ਦੂਜੇ ਪਾਸੇ ਮਿਲਟਰੀ ਦੀ ਸਿਖਲਾਈ ਰਾਹੀਂ ਲੜਨ ਦੇ ਦਾਅਪੇਚ ਸਮਝਾਏ ਜਾ ਰਹੇ ਸਨ। ਗ਼ਦਰ ਲਹਿਰ ਜਿਹੜੀ ਜਜ਼ਬੇ ਤੋਂ ਵਿਚਾਰ ਤੱਕ ਦਾ ਸਫ਼ਰ ਤਹਿ ਕਰਦੀ ਹੈ, ਉਹ ਭਾਰਤ ਦੀ ਪਹਿਲੀ ਇਨਕਲਾਬੀ ਰਾਜਨੀਤਕ ਪਾਰਟੀ ਬਣਦੀ ਹੈ। ਬਰਤਾਨਵੀ ਸਾਮਰਾਜ ਦੇ ਦੌਰ ਵਿੱਚ ਚੱਲਣ ਵਾਲੀਆਂ ਲਹਿਰਾਂ ਸੁਧਾਰਵਾਦੀ, ਨੈਤਿਕਵਾਦੀ, ਜਜ਼ਬੇਮਈ ਸੰਗਰਾਮੀ ਅਤੇ ਰਾਸ਼ਟਰਵਾਦੀ ਚੇਤਨਾ ਵਾਲੀਆਂ ਲਹਿਰਾਂ ਸਨ। ਪਰੰਤੂ ਭਵਿੱਖੀ ਸਮਾਜ ਕਿਹੋ ਜਿਹਾ ਹੋਵੇ, ਉਸ ਪ੍ਰਤੀ ਸਪੱਸ਼ਟ ਨਹੀਂ ਸਨ। ਇਕ ਧੁੰਦਲਾ ਸੰਕਲਪ ਇਹ ਸੀ ਕਿ ਭਾਰਤ ਵਿੱਚ ਭਾਰਤੀਆਂ ਦਾ ਰਾਜ ਹੋਵੇ ਜਿਸ ਦਾ ਭਰਮਮੂਲਕ ਸੁਪਨਾ ਬਰਾਬਰਤਾ ਦਾ ਸੀ। ਜਿਉਂ-ਜਿਉਂ ਵਿਚਾਰਧਾਰਕ ਰੂਪ ਵਿੱਚ ਰਾਜਸੀ ਸੂਝ ਦਾ ਨਿਖਾਰ ਆਉਂਦਾ ਹੈ, ਤਿਉਂ-ਤਿਉਂ ਆਜ਼ਾਦੀ ਦੀ ਲੜਾਈ ਲੜ ਰਹੀਆਂ ਧਿਰਾਂ ਦੀ ਜਮਾਤੀ ਪੁਜ਼ੀਸ਼ਨ ਸਾਫ਼ ਹੁੰਦੀ ਜਾਂਦੀ ਹੈ। ਗ਼ਦਰ ਪਾਰਟੀ ਦਾ ਸਮਾਜਵਾਦੀ ਚੇਤਨਾ ਅਤੇ ਵਿਚਾਰਧਾਰਾ ਨਾਲ ਜੁੜਨਾ ਇਕ ਨਵੇਂ ਸਮਾਜ ਦਾ ਸੁਪਨਾ ਸਾਕਾਰ ਹੋਣਾ ਸੀ। ਇਹ ਇਸ ਲਹਿਰ ਦੀ ਵੱਡੀ ਪ੍ਰਾਪਤੀ ਇਉਂ ਬਣ ਜਾਂਦਾ ਹੈ ਕਿ ਜਿੱਥੇ ਬਾਕੀ ਬਹੁਤੇ ਦਲ ਸਿਰਫ਼ ਤੇ ਸਿਰਫ਼ ਰਾਸ਼ਟਰਵਾਦੀ ਚੇਤਨਾ ਤੱਕ ਸੀਮਤ ਹੋ ਜਾਂਦੇ ਹਨ ਉਥੇ ਇਹ ਲਹਿਰ ਕੌਮਾਂਤਰੀ ਚੇਤਨਾ ਦਾ ਸੰਚਾਰ ਕਰਦੀ ਹੈ। ਇਸ ਲਹਿਰ ਦੇ ਇਤਿਹਾਸ ਵਿਚੋਂ ਅਨੇਕਾਂ ਇਤਿਹਾਸਕ ਤੱਥ ਇਸ ਧਾਰਨਾ ਦੀ ਪੁਸ਼ਟੀ ਕਰਦੇ ਹਨ। ਭਾਈ ਸੰਤੋਖ ਸਿੰਘ ਦੇ ਉਸ ਸਮੇਂ ਦੇ ਲਿਖੇ ਰਾਜਸੀ ਸੂਝ ਵਾਲੇ ਨਿਬੰਧ ਕੌਮਾਂਤਰੀ ਚੇਤਨਾ ਨਾਲ ਵਰੋਸਾਏ ਮਿਲਦੇ ਹਨ। ਇਉਂ ਇਸ ਲਹਿਰ ਨੂੰ ਵਿਚਾਰਧਾਰਕ ਅਤੇ ਇਤਿਹਾਸਕ ਨਿਰੰਤਰਤਾ ਵਿੱਚ ਦੇਖਣ ਦੀ ਜ਼ਰੂਰਤ ਹੈ।

**98155 74144**

** ਬਡ ਢਿੱਲੋਂ - ਜਦ ਗ਼ਦਰੀਆਂ ਨੇ ਦੇਸ਼ ਆਜ਼ਾਦ ਕਰਵਾਉਣ ਲਈ ਭਾਰਤ ਵੱਲ ਨੂੰ ਚੱਲਣ ਦਾ ਹੋਕਾ ਦਿੱਤਾ ਤਾਂ ਉਸ ਸਮੇਂ ਬਡ ਢਿੱਲੋਂ ਦੀ ਉਮਰ ਕੇਵਲ 12 ਸਾਲ ਸੀ ਪਰ ਉਸ ਨੇ ਦੇਸ਼ ਨੂੰ ਜਾਣ ਵਾਲੇ ਜੱਥੇ ਵਿੱਚ ਆਪਣਾ ਨਾਮ ਲਿਖਾ ਦਿੱਤਾ। ਉਸਦਾ ਪਿਤਾ ਬਖਸ਼ੀਸ਼ ਸਿੰਘ ਵੀ ਗਦਰੀਆਂ ਦਾ ਸਾਥੀ ਸੀ, ਸੋ ਉਸ ਨੇ ਆਪਣੇ ਬੇਟੇ ਦੀ ਛੋਟੀ ਉਮਰ ਦੇ ਬਾਵਜੂਦ ਉਸਨੂੰ ਜਾਣ ਤੋਂ ਰੋਕਿਆ ਨਹੀਂ। ਉਸ ਜੱਥੇ ਨੇ ਜਾਪਾਨ, ਹਾਂਗਕਾਂਗ, ਚੀਨ, ਨੇਪਾਲ ਦੇ ਰਸਤੇ ਭਾਰਤ ਵੱਲ ਜਾਣਾ ਸੀ ਪਰ ਆਗੂ ਮਹਿੰਦਰ ਪ੍ਰਤਾਪ ਸਹੀ ਅਗਵਾਈ ਨਾ ਦੇ ਸਕਿਆ ਅਤੇ ਜੱਥਾ ਰਾਹ ਵਿੱਚ ਹੀ ਖਿੰਡਰ ਗਿਆ। ਬਡ ਢਿੱਲੋਂ ਕਿਸੇ ਤਰ੍ਹਾਂ ਰੂਸ ਪਹੁੰਚ ਗਿਆ ਜਿੱਥੇ ਉਸ ਨੇ ਮਾਰਕਸਵਾਦੀ ਫਲਸਫ਼ੇ ਅਤੇ ਫੌਜੀ ਸਿਖਲਾਈ ਲਈ (ਜਿਸਦਾ ਜ਼ਿਕਰ ਉਪਰ ਆਉਂਦਾ ਹੈ). ਉਸ ਤੋਂ ਬਾਅਦ ਉਹ ਅਮਰੀਕਾ ਵਾਪਸ ਚਲਾ ਗਿਆ ਅਤੇ ਖੱਬੇ ਪੱਖੀ ਜਥੇਬੰਦੀਆਂ ਵਿੱਚ ਸਰਗਰਮ ਰਿਹਾ ਅਤੇ ਦੂਜੀ ਸੰਸਾਰ ਜੰਗ ਵਿੱਚ ਫਾਸ਼ਿਸਟਾਂ ਖਿਲਾਫ ਲੜ੍ਹਾਈ ਵਿੱਚ ਵੀ ਸ਼ਾਮਲ ਹੋਇਆ। ਬਡ ਢਿੱਲੋਂ ਦਾ ਅਸਲ ਨਾਮ ਬੁੱਧ ਸਿੰਘ ਸੀ।*

# ਕਿਸਾਨ ਲਈ ਜਰੂਰੀ ਹੈ, ਸਹੀ ਤਰ੍ਹਾਂ ਦੀ ਫਸਲ ਬੀਮਾ ਯੋਜਨਾ

*ਪਾਠਕਾਂ ਦੇ ਮਨ ਵਿੱਚ ਸਵਾਲ ਪੈਦਾ ਹੋ ਸਕਦਾ ਹੈ ਕਿ ਤਰਕਸ਼ੀਲ ਮੈਗਜ਼ੀਨ ਦਾ ਫਸਲ ਬੀਮੇ ਨਾਲ ਕੀ ਸਬੰਧ ਹੈ? ਅਸਲ ਵਿੱਚ ਤਰਕਸ਼ੀਲ ਸੋਸਾਇਟੀ ਸਮਝਦੀ ਹੈ ਕਿ ਕਿਸਮਤ, ਕਰਮਾਂ ਜਾਂ ਰੱਬ ਦਾ ਭਾਣਾ ਆਦਿ ਗੈਰਵਿਗਿਆਨਕ ਸੰਕਲਪਾਂ ਨੂੰ ਮੰਨਣ ਪਿੱਛੇ ਲੋਕਾਂ ਦੀਆਂ ਬਾਹਰਮੁਖੀ ਪਦਾਰਥਕ ਹਾਲਤਾਂ ਹੁੰਦੀਆਂ ਹਨ। ਸੋ ਇੱਕ ਤਰਕਸ਼ੀਲ ਲਈ ਕਿਸਮਤ, ਕਰਮਾਂ ਦੇ ਸੰਕਲਪ ਰੱਦ ਕਰਨ ਤੋਂ ਅੱਗੇ ਉਨ੍ਹਾਂ ਮਸਲਿਆਂ ਦੇ ਹੱਲ ਪੇਸ਼ ਕਰਨ ਦੀ ਵੀ ਲੋੜ ਹੈ ਜਿਨ੍ਹਾਂ ਵਿਚੋਂ ਇਹ ਕਿਸਮਤਵਾਦੀ ਮਾਨਸਿਕਤਾ ਪੈਦਾ ਹੁੰਦੀ ਹੈ। ਸਤੰਬਰ ਮਹੀਨੇ ਵਿੱਚ ਹੜ੍ਹਾਂ ਨਾਲ ਹੋਈ ਤਬਾਹੀ ਨੇ ਇਸ ਮੁੱਦੇ ਨੂੰ ਮੁੜ ਉਭਾਰਿਆ ਹੈ ਕਿ ਕੁਦਰਤੀ ਆਫ਼ਤਾਂ ਕਾਰਣ ਹੋਏ ਨੁਕਸਾਨ ਦੀ ਭਰਪਾਈ ਕਿਵੇਂ ਕੀਤੀ ਜਾਵੇ। ਸੋ ਅਸੀਂ ਤਰਕਸ਼ੀਲ ਸੋਸਾਇਟੀ ਪੰਜਾਬ ਵੱਲੋਂ ਪ੍ਰਕਾਸ਼ਿਤ ਪੁਸਤਕ 'ਕਿਸਾਨੀ ਸੰਕਟ ਅਤੇ ਵਿਗਿਆਨਕ ਪਹੁੰਚ' ਵਿਚੋਂ ਇਹ ਲੇਖ ਤਰਕਸ਼ੀਲ ਦੇ ਪਾਠਕਾਂ ਅੱਗੇ ਪੇਸ਼ ਕਰ ਰਹੇ ਹਾਂ। ਇਸ ਲੇਖ ਵਿੱਚ ਦੱਸਿਆ ਗਿਆ ਹੈ ਕਿ ਚਾਲੂ ਬੀਮਾ ਸਕੀਮਾਂ ਕਿਵੇਂ ਬੀਮਾ ਕੰਪਨੀਆਂ ਨੂੰ ਹੀ ਮੁਨਾਫ਼ਾ ਦਿੰਦੀਆਂ ਹਨ। ਲੇਖ ਵਿੱਚ ਸੁਝਾਅ ਦਿੱਤੇ ਗਏ ਹਨ ਕਿ ਇਨ੍ਹਾਂ ਵਿੱਚ ਕਿਹੋ ਜਿਹੇ ਸੁਧਾਰ ਕੀਤੇ ਜਾਣ ਕਿ ਬੀਮਾ ਸਕੀਮਾਂ ਨਾਲ ਕੁਦਰਤੀ ਆਫ਼ਤਾਂ ਤੋਂ ਹੋਏ ਕਿਸੇ ਵੀ ਨੁਕਸਾਨ ਦੀ ਮੁਕੰਮਲ ਭਰਪਾਈ ਹੋ ਸਕੇ। ਅੱਜ ਮਨੁੱਖ ਇਸ ਗੱਲ ਦੇ ਸਮਰੱਥ ਹੈ ਕਿ ਉਹ ਕੁਦਰਤੀ ਵਰਤਾਰਿਆਂ ਦੀ ਤਬਾਹੀ ਨੂੰ ਰੋਕ ਸਕੇ ਅਤੇ ਜੇ ਕੋਈ ਨੁਕਸਾਨ ਹੁੰਦਾ ਵੀ ਹੈ ਤਾਂ ਉਸਦਾ ਬੋਝ ਵਿਅਕਤੀ ਉੱਤੇ ਨਾ ਪਵੇ।*

ਖੇਤੀ ਖੁੱਲ੍ਹੇ ਕੁਦਰਤੀ ਵਾਤਾਵਰਣ ਵਿੱਚ ਕੀਤੇ ਜਾਣ ਵਾਲਾ ਕਾਰਜ ਹੈ, ਭਾਵ ਫਸਲਾਂ ਨੂੰ ਦਫ਼ਤਰਾਂ, ਫੈਕਟਰੀਆਂ ਦੇ ਸੁਰਖਿਅਤ ਮਾਹੌਲ ਵਿੱਚ ਨਹੀਂ ਪੈਦਾ ਕੀਤਾ ਜਾ ਸਕਦਾ। ਕੁਦਰਤੀ ਮਾਹੌਲ ਵਿੱਚ ਜਿੱਥੇ ਇਸ ਨੂੰ ਵਧਣ ਫੁੱਲਣ ਲਈ ਜ਼ਮੀਨ, ਹਵਾ-ਪਾਣੀ ਮਿਲਦੇ ਹਨ, ਉਥੇ ਇਸ ਨੂੰ ਬਹੁਤ ਸਾਰੀਆਂ ਤਬਾਹ ਕਰਨ ਵਾਲੀਆਂ ਕੁਦਰਤੀ ਸ਼ਕਤੀਆਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ, ਜਿਵੇਂ ਗੜ੍ਹੇਮਾਰੀ ਹੋ ਜਾਣੀ, ਸੋਕਾ ਪੈ ਜਾਣਾ, ਹੜ੍ਹ ਆ ਜਾਣੇ, ਹਨੇਰੀ ਤੂਫ਼ਾਨ ਨਾਲ ਫਸਲ ਨੁਕਸਾਨੀ ਜਾਣਾ, ਟਿੱਡੀਦਲ, ਸੁੰਡੀ ਜਾਂ ਹੋਰ ਕੀਟਾਂ ਰਾਹੀਂ ਨੁਕਸਾਨ ਹੋਣਾ, ਵਾਇਰਸ, ਫੰਗਸ ਆਦਿ ਨਾਲ ਫਸਲ ਮਾਰੀ ਜਾਣੀ; ਇਨ੍ਹਾਂ ਤੋਂ ਇਲਾਵਾ ਫ਼ਸਲ ਦੀ ਪੈਦਾਵਾਰ ਨੂੰ ਪ੍ਰਭਾਵਿਤ ਕਰਨ ਵਾਲੇ ਹੋਰ ਬਹੁਤ ਸਾਰੇ ਕਾਰਕ ਹਨ। ਇਨ੍ਹਾਂ ਵਿਚੋਂ ਵਿਗਿਆਨਕ ਵਿਧੀਆਂ ਨਾਲ ਕੁਝ ਨੁਕਸਾਨਾਂ ਨੂੰ ਘਟਾ ਲਿਆ ਗਿਆ ਹੈ, ਪਰ ਇਨ੍ਹਾਂ ਉੱਤੇ ਪੂਰਨ ਕਾਬੂ ਪਾਉਣਾ ਅੱਜ ਦੀਆਂ ਉਪਲਬਧ ਤਕਨੀਕਾਂ ਨਾਲ ਮੁਸ਼ਕਿਲ ਹੈ। ਅਜਿਹੀ ਕਿਸੇ ਵੀ ਤਬਾਹੀ ਹੋਣ ਦੀ ਸੂਰਤ ਵਿੱਚ ਕਿਸਾਨ ਇਸ ਨੂੰ 'ਰੱਬ ਦਾ ਭਾਣਾ' ਮੰਨਣ ਲਈ ਮਜਬੂਰ ਹੁੰਦਾ ਹੈ ਜਾਂ ਸਰਕਾਰਾਂ ਤੋਂ ਕੁਝ ਮੁਆਵਜ਼ੇ ਦੀ ਮੰਗ ਕਰਕੇ ਆਪਣੇ ਜੀਵਨ ਨੂੰ ਚਲਦਾ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਪਰ ਇਹ ਮੁਆਵਜ਼ਾ ਜੇ ਮਿਲੇ ਵੀ ਤਾਂ ਅੱਧਾ ਅਧੂਰਾ ਹੀ ਮਿਲਦਾ ਹੈ, ਜੋ ਬਹੁਤ ਕਰਕੇ ਕਿਸਾਨ ਜਥੇਬੰਦੀਆਂ ਦੇ ਜੋਰ ਅਤੇ ਸਰਕਾਰਾਂ ਦੀ ਨੀਤ ਉੱਤੇ ਨਿਰਭਰ ਕਰਦਾ ਹੈ। ਇਸ ਦੇ ਮੁਕਾਬਲੇ ਦੁਕਾਨਾਂ, ਫੈਕਟਰੀਆਂ ਆਦਿ ਵਿੱਚ ਇਹ ਬੀਮੇ ਦੇ ਕਲੇਮ ਦੇ ਰੂਪ ਵਿੱਚ ਅਧਿਕਾਰਿਤ ਤੌਰ 'ਤੇ ਮਿਲ ਜਾਂਦਾ ਹੈ। ਕਿਸਾਨ ਦੀ ਫਸਲ ਦਾ ਵੀ ਜੇ ਬੀਮਾ ਹੋਵੇ ਤਾਂ ਉਸ ਦਾ ਹੱਕ ਬਣੇਗਾ ਕਿ ਬੀਮਾ ਕੰਪਨੀ ਉਸ ਨੂੰ ਨੁਕਸਾਨੀ ਫਸਲ ਦਾ ਕਲੇਮ ਦੇਵੇ। ਇਸ ਨਾਲ ਫਸਲ ਨੁਕਸਾਨੀ ਜਾਣ ਉੱਤੇ ਕਿਸਾਨ ਵੱਲੋਂ ਆਪਣੀ ਕਿਸਮਤ ਮਾੜੀ ਮੰਨਣ ਵਾਲੀ ਧਾਰਨਾ ਉੱਤੇ ਸੱਟ ਵੱਜੇਗੀ। ਸਰਕਾਰਾਂ ਵੱਲੋਂ ਸਮੇਂ ਸਮੇਂ 'ਤੇ ਕੁਝ ਫਸਲ ਬੀਮਾ ਸਕੀਮਾਂ ਚਲਾਈਆਂ ਵੀ ਗਈਆਂ ਹਨ ਪਰ ਉਨ੍ਹਾਂ ਦਾ ਫਾਇਦਾ ਕਿਸਾਨਾਂ ਨੂੰ ਹੋਣ ਦੀ ਬਜਾਏ ਬੀਮਾ ਕੰਪਨੀਆਂ ਨੂੰ ਵੱਧ ਹੋਇਆ ਹੈ। ਉਦਾਹਰਣ ਵਜੋਂ ਮੌਜੂਦਾ ਕੇਂਦਰ ਸਰਕਾਰ ਵੱਲੋਂ ਬਹੁਤ ਕਿਸਾਨ ਹਿਤੈਸ਼ੀ ਸਕੀਮ ਵਜੋਂ ਪ੍ਰਚਾਰ ਕੇ ਸ਼ੁਰੂ ਕੀਤੀ ਗਈ 'ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ' ਵਿੱਚ ਕਿਸਾਨਾਂ ਨਾਲੋਂ ਬੀਮਾ ਕੰਪਨੀਆਂ ਦਾ ਵੱਧ ਫਾਇਦਾ ਹੋਇਆ ਹੈ। ਖੇਤੀ ਮੰਤਰੀ ਨਰਿੰਦਰ ਤੋਮਰ ਵੱਲੋਂ 20 ਮਾਰਚ 2020 ਨੂੰ ਰਾਜ-ਸਭਾ ਵਿੱਚ ਦਿੱਤੇ ਗਏ ਇੱਕ ਜਵਾਬ ਮੁਤਾਬਿਕ 2016-17 ਵਿੱਚ ਕਿਸਾਨਾਂ ਨੂੰ 16782 ਕਰੋੜ ਰੁਪਏ ਫਸਲ ਨੁਕਸਾਨ ਦੇ ਬੀਮਾ ਕਲੇਮਾਂ ਵਜੋਂ ਦਿਤੇ, ਜਦ ਕਿ ਇਸ ਸਾਲ ਪ੍ਰੀਮੀਅਮ ਵਜੋਂ 21937 ਕਰੋੜ ਰੁਪਏ ਇਕੱਠੇ ਹੋਏ ਸਨ, 2017-18 ਵਿੱਚ ਕਿਸਾਨਾਂ ਨੂੰ ਨੁਕਸਾਨ ਪੂਰਤੀ ਵਜੋਂ ਦਿੱਤੀ ਰਾਸ਼ੀ 21951 ਕਰੋੜ ਸੀ ਅਤੇ ਇਕੱਠੀ ਹੋਈ ਰਾਸ਼ੀ 25346 ਕਰੋੜ ਸੀ, ਜਦ ਕਿ 2018-19 ਵਿੱਚ ਇਹ ਰਾਸ਼ੀਆਂ ਕ੍ਰਮਵਾਰ 25785 ਕਰੋੜ ਅਤੇ 28725 ਕਰੋੜ ਰੁਪਏ ਸਨ। ਯਾਨੀ ਕਿ ਬੀਮਾ ਕੰਪਨੀਆਂ ਨੂੰ ਕ੍ਰਮਵਾਰ 5155 ਕਰੋੜ, 3395 ਕਰੋੜ ਅਤੇ 2940 ਕਰੋੜ ਰੁਪਏ, ਤਿੰਨਾਂ ਸਾਲਾਂ ਵਿੱਚ ਕੁੱਲ ਮਿਲਾ ਕੇ 11490 ਕਰੋੜ ਰੁਪਏ ਦਾ ਲਾਭ ਹੋਇਆ। ਸਪਸ਼ਟ ਹੈ ਕਿ ਕਿਸਾਨਾਂ ਦੇ ਨਾਮ ਉੱਤੇ ਬੀਮਾ ਕੰਪਨੀਆਂ ਨੂੰ ਮੁਨਾਫ਼ੇ ਹੋ ਰਹੇ ਹਨ।

ਫਸਲ ਨੂੰ ਹੋਣ ਵਾਲੇ ਨੁਕਸਾਨ ਦੀ ਪੂਰਤੀ ਲਈ ਫਸਲ ਬੀਮੇ ਦੀ ਮਹੱਤਤਾ ਬਾਰੇ ਉਪਰ ਦੱਸਿਆ ਜਾ ਚੁੱਕਾ ਹੈ, ਪਰ ਇਸ ਨੂੰ ਬੀਮਾ ਕੰਪਨੀਆਂ ਦੇ ਮੁਨਾਫ਼ਿਆਂ ਦਾ ਸਾਧਨ ਹੋਣ ਦੀ ਬਜਾਏ ਕਿਸਾਨ-ਪੱਖੀ ਕਿਵੇਂ ਬਣਾਇਆ ਜਾਵੇ, ਇਸ ਬਾਰੇ ਬੀਮਾ ਕੰਪਨੀਆਂ ਵਿੱਚ ਕੰਮ ਕਰ ਰਹੇ ਕੁਝ ਸੁਹਿਰਦ ਅਧਿਕਾਰੀਆਂ ਨਾਲ ਗੱਲਬਾਤ ਰਾਹੀਂ ਜੋ ਜਾਣਕਾਰੀ ਅਤੇ ਸੁਝਾਅ ਸਾਹਮਣੇ ਆਏ, ਉਹ ਇਸ ਪ੍ਰਕਾਰ ਹਨ।

ਬੀਮੇ ਦਾ ਵਿਚਾਰ ਕੋਈ ਨਵਾਂ ਨਹੀਂ ਹੈ। ਪੁਰਾਣੇ ਸਮੇਂ ਵਿੱਚ ਵੀ ਜਦ ਕਿਸੇ ਲੋੜਵੰਦ ਮਿੱਤਰ ਪਿਆਰੇ ਦਾ ਜਾਨ-ਮਾਲ ਦਾ ਕੋਈ ਨੁਕਸਾਨ ਕੁਦਰਤੀ ਆਫਤਾਂ ਜਾਂ ਕਿਸੇ ਬਿਮਾਰੀ ਆਦਿ ਨਾਲ ਹੋ ਜਾਂਦਾ ਸੀ ਤਾਂ ਉਸਦੇ ਹਿਤੈਸ਼ੀ/ਗਲੀ ਮੁਹੱਲੇ ਦੇ ਲੋਕ ਜਾਂ ਰਿਸ਼ਤੇਦਾਰ ਆਦਿ ਆਪਣੇ ਤੌਰ 'ਤੇ ਪੈਸਾ/ਵਸਤਾਂ ਆਦਿ ਇਕੱਠਾ ਕਰਕੇ ਉਸ ਨੂੰ ਦੇ ਦਿੰਦੇ ਸਨ ਤਾਂ ਕਿ ਉਸ ਦਾ ਆਰਥਿਕ ਬੋਝ ਕੁਝ ਹਲਕਾ ਹੋ ਸਕੇ ਅਤੇ ਉਹ ਆਪਣੀ ਰੋਜਮਰ੍ਹਾ ਦੀ ਜ਼ਿੰਦਗੀ ਨੂੰ ਜਾਰੀ ਰੱਖ ਸਕੇ। ਠੀਕ ਉਸੇ ਤਰ੍ਹਾਂ ਬੀਮਾ ਵੀ ਇੱਕ pool system (ਸਾਂਝਾ ਪ੍ਰਬੰਧ) ਹੈ, ਜਿਸ ਵਿੱਚ ਬਹੁਤ ਸਾਰੇ ਬੀਮਾ ਪਾਲਿਸੀ ਧਾਰਕਾਂ ਕੋਲੋਂ ਕੁਝ ਫੰਡ ਪ੍ਰੀਮੀਅਮ ਦੇ ਤੌਰ 'ਤੇ ਲਿਆ ਜਾਂਦਾ ਹੈ ਅਤੇ ਕਿਸੇ ਵਿਅਕਤੀ ਦੇ ਹਣ ਵਾਲੇ ਨੁਕਸਾਨ ਦੀ ਬੀਮਾ ਪਾਲਿਸੀ ਦੀਆਂ ਸ਼ਰਤਾਂ ਅਨੁਸਾਰ ਭਰਪਾਈ ਕੀਤੀ ਜਾਂਦੀ ਹੈ। ਇਸ ਤਰ੍ਹਾਂ ਕਰਨ ਨਾਲ ਨੁਕਸਾਨ ਹੋਣ 'ਤੇ ਵਿਅਕਤੀ ਉਪਰ ਕੋਈ ਵਿੱਤੀ ਬੋਝ ਨਹੀਂ ਪੈਂਦਾ ਅਤੇ ਉਸਦਾ ਕੰਮ ਕਾਰ ਦੁਬਾਰਾ ਚਾਲੂ ਹੋ ਜਾਂਦਾ ਹੈ।

ਬੀਮੇ ਦਾ ਖੇਤਰ ਤਾਂ ਬਹੁਤ ਵਿਸ਼ਾਲ ਹੈ ਪਰ ਹੱਥਲੇ ਲੇਖ ਵਿੱਚ ਅਸੀਂ ਫਸਲਾਂ ਦੇ ਬੀਮੇ ਸਬੰਧੀ ਹੀ ਚਰਚਾ ਕਰਾਂਗੇ।

ਭਾਰਤ ਵਿੱਚ ਮੌਜੂਦਾ ਸਰਕਾਰ ਵੱਲੋਂ 2016 ਵਿੱਚ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਲਿਆਂਦੀ ਗਈ, ਜਿਸ ਬਾਰੇ ਇਹ ਪ੍ਰਚਾਰਿਆ ਗਿਆ ਕਿ ਇਹ ਪਹਿਲੀਆਂ ਦੇ ਮੁਕਾਬਲੇ ਵੱਧ ਕਿਸਾਨ ਹਿਤੈਸ਼ੀ ਹੈ, ਇਸ ਵਿੱਚ ਹੋਰ ਫਸਲਾਂ ਦੇ ਨਾਲ ਨਕਦੀ ਫਸਲਾਂ ਵੀ ਸ਼ਾਮਲ ਕੀਤੀਆਂ ਗਈਆਂ। ਇਹ ਵੀ ਕਿਹਾ ਗਿਆ ਕਿ ਇਹ ਕਿਸਾਨਾਂ ਉਪਰੋਂ ਬੀਮੇ ਦੇ ਪ੍ਰੀਮੀਅਮ ਦਾ ਬੋਝ ਘਟਾਵੇਗੀ ਅਤੇ ਇਸ ਵਿੱਚ ਕਲੇਮਾਂ ਦਾ ਨਿਪਟਾਰਾ ਜਲਦੀ ਹੋਵੇਗਾ। ਪਰ ਇਹ ਸਕੀਮ ਵੀ ਸਾਰੇ ਸੂਬਿਆਂ ਲਈ ਲਾਜ਼ਮੀ ਨਹੀਂ ਸੀ। ਸਾਡੇ ਪੰਜਾਬ ਸੂਬੇ ਨੇ ਇਸ ਵਿੱਚ ਕੋਈ ਰੁਚੀ ਨਹੀਂ ਦਿਖਾਈ। ਪੰਜਾਬ ਸਰਕਾਰ ਵੱਲੋਂ ਕਿਹਾ ਗਿਆ ਕਿ ਇਸ ਦੇ ਪ੍ਰੀਮੀਅਮ ਭਰਨ ਦੇ ਖਰਚੇ ਮਹਿੰਗੇ ਹਨ ਸੋ ਅਸੀਂ ਆਪ ਹੀ ਇਸ ਤੋਂ ਚੰਗੀ ਸਕੀਮ ਲਿਆਂਵਾਂਗੇ, ਪਰ ਲਿਆਂਦਾ ਕੁਝ ਨਹੀਂ ਗਿਆ।

ਸਰਕਾਰ ਦੇ ਦਾਅਵੇ ਚਾਹੇ ਕੁਝ ਵੀ ਹੋਣ, ਪਰ ਸਚਾਈ ਇਹ ਹੈ ਕਿ ਕਿਸੇ ਵੀ ਸਕੀਮ ਵਿੱਚ ਨਾ ਤਾਂ ਦੇਸ਼ ਦੇ ਸਾਰੇ ਕਿਸਾਨਾਂ ਨੂੰ ਸ਼ਾਮਲ ਕੀਤਾ ਗਿਆ ਅਤੇ ਨਾ ਹੀ ਸਾਰੀਆਂ ਫਸਲਾਂ ਨੂੰ ਸ਼ਾਮਲ ਕੀਤਾ ਗਿਆ। ਇਸ ਤੋਂ ਬਿਨਾਂ ਨੁਕਸਾਨ ਦੇ ਕਲੇਮ ਨੂੰ ਮਾਪਣ ਦੇ ਢੰਗ ਤਰੀਕੇ ਵੀ ਸਰਲ ਨਹੀਂ ਹਨ ਅਤੇ ਨਾ ਹੀ ਨੁਕਸਾਨ ਹੋਣ 'ਤੇ ਪੂਰਾ ਕਲੇਮ ਮਿਲਦਾ ਹੈ। ਫਸਲਾਂ ਦੇ ਨੁਕਸਾਨੇ ਜਾਣ ਦੀ ਦਰ ਅਤੇ ਮਾਤਰਾ ਕਾਫੀ ਵੱਡੀ ਹੈ ਜਿਸ ਲਈ ਸਰਕਾਰ ਨੂੰ ਵੱਡੇ ਵਿਤੀ ਸਾਧਨ ਜੁਟਾਉਣੇ ਪੈਣਗੇ ਪਰ ਸਰਕਾਰ ਇਸ ਲਈ ਲਿਪਾਪੋਚੀ ਕਰਕੇ ਹੀ ਸਾਰ ਰਹੀ ਹੈ। ਦੂਜੇ ਪਾਸੇ ਕੋਈ ਚੰਗੀ ਪਾਲਿਸੀ ਬਣਾਉਣ ਲਈ ਸਰਕਾਰ ਉਪਰ ਕਿਸਾਨਾਂ ਵੱਲੋਂ ਵੀ ਕੋਈ ਦਬਾਓ ਨਹੀਂ ਹੈ, ਉਹ ਕੁਦਰਤੀ ਆਫਤਾਂ ਨਾਲ ਹੋਣ ਵਾਲੇ ਨੁਕਸਾਨ ਨੂੰ ਰੱਬ ਦਾ ਭਾਣਾ ਕਹਿ ਕੇ ਹੀ ਜਰ ਜਾਂਦੇ ਹਨ। ਫਸਲ ਬੀਜਣ ਤੋਂ ਲੈ ਕੇ ਫਸਲ ਸਾਂਭਣ ਤੱਕ ਉਹ ਸਭ ਕੁਝ ਠੀਕ ਠਾਕ ਹੋ ਜਾਣ ਲਈ ਰੱਬ ਅੱਗੇ ਅਰਦਾਸਾਂ ਕਰਦੇ ਰਹਿੰਦੇ ਹਨ। ਸਰਕਾਰਾਂ ਵੀ ਲੋਕਾਂ ਦੀ ਇਸ ਧਾਰਨਾ ਦਾ ਫਾਇਦਾ ਲੈਂਦੇ ਹੋਏ ਭਾਣਾ ਮੰਨਣ ਦਾ ਹੀ ਹੌਂਸਲਾ ਦਿੰਦੀਆਂ ਹਨ ਅਤੇ ਮਾਮੂਲੀ ਮੁਆਵਜ਼ਾ ਦੇ ਕੇ ਅੱਖਾਂ ਪੂੰਝ ਦਿੰਦੀਆਂ ਹਨ। ਪੰਜਾਬ ਵਿੱਚ ਭਾਂਵੇਂ ਮਜਬੂਤ ਕਿਸਾਨ ਸੰਗਠਨ ਹਨ ਅਤੇ ਨੁਕਸਾਨ ਹੋਣ 'ਤੇ ਉਹ ਮੁਆਵਜ਼ੇ ਦੀ ਮੰਗ ਜੋਰ ਸ਼ੋਰ ਨਾਲ ਉਠਾਉਂਦੀਆਂ ਹਨ ਪਰ ਫਸਲਾਂ ਦਾ ਬੀਮਾ ਕੀਤੇ ਜਾਣ ਦੀ ਮੰਗ ਨੂੰ ਉਸ ਤਰੀਕੇ ਨਾਲ ਨਹੀਂ ਉਭਾਰਿਆ ਗਿਆ। ਨਤੀਜਾ ਸਾਫ ਹੈ ਕਿ ਪੰਜਾਬ ਸਰਕਾਰ ਨੇ ਪ੍ਰੀਮੀਅਮ ਪੱਲਿਉਂ ਦੇਣ ਦੇ ਡਰੋਂ ਚਾਲੂ ਫਸਲ ਬੀਮਾ ਸਕੀਮਾਂ ਵਿੱਚ ਕਦੇ ਭਾਗ ਨਹੀਂ ਲਿਆ। ਮੌਜੂਦਾ ਖੇਤੀ ਕਰਦੇ ਸਮੇਂ ਫਸਲ ਦੀ ਤਿਆਰੀ ਵਿੱਚ ਕਿਸਾਨ ਦਾ ਬੀਜਾਂ, ਖਾਦਾਂ, ਮਸ਼ੀਨਰੀ ਆਦਿ ਉਤੇ ਕਾਫੀ ਖਰਚ ਹੋ ਗਿਆ ਹੁੰਦਾ ਹੈ ਜਦ ਕੁਦਰਤੀ ਆਫਤ ਜਾਂ ਕੀਟਾਂ ਦੇ ਹਮਲੇ ਕਾਰਣ ਫਸਲ ਬਰਬਾਦ ਹੋ ਜਾਂਦੀ ਹੈ ਤਾਂ ਉਸ ਉੱਤੇ ਕਰਜ਼ੇ ਦਾ ਬੋਝ ਵਧ ਜਾਂਦਾ ਹੈ, ਜਿਸ ਦਾ ਸਿੱਟਾ ਕਈ ਵਾਰ ਖ਼ੁਦਕਸ਼ੀਆਂ ਆਦਿ ਵਿੱਚ ਨਿਕਲਦਾ ਹੈ। ਸੋ ਅੱਜ ਇਹ ਜਰੂਰੀ ਲੋੜ ਬਣਦੀ ਹੈ ਕਿ ਕਿਸਾਨਾਂ ਨੂੰ ਫਸਲ ਦੇ ਨੁਕਸਾਨ ਦੀ ਮਾਰ ਤੋਂ ਬਚਾਉਣ ਲਈ ਕੋਈ ਕਾਰਗਰ ਬੀਮਾ ਪਾਲਿਸੀ ਬਣੇ ਜੋ ਸਿੱਧੇ ਤੌਰ 'ਤੇ ਕਿਸਾਨ ਨੂੰ ਰਾਹਤ ਪਹੁੰਚਾ ਸਕੇ। ਇਸ ਲਈ ਕਿਸਾਨ ਜਥੇਬੰਦੀਆਂ ਨੂੰ ਅਗਵਾਈ ਹੱਥ ਵਿੱਚ ਲੈਂਦੇ ਹੋਏ ਖੇਤੀ ਮਾਹਿਰਾਂ, ਅਰਥ-ਸ਼ਾਸਤਰੀਆਂ ਅਤੇ ਬੁੱਧੀਜੀਵੀਆਂ ਦਾ ਸਹਿਯੋਗ ਲੈ ਕੇ ਕੋਈ ਸਰਲ ਵਿਧੀ ਵਿਧਾਨ ਵਾਲੀ ਫਸਲ ਬੀਮਾ

ਯੋਜਨਾ ਬਨਾਉਣ ਉੱਤੇ ਜੋਰ ਦੇਣਾ ਚਾਹੀਦਾ ਹੈ। ਫਸਲ ਬੀਮਾ ਪਾਲਿਸੀ ਕੁਝ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ

1.ਬੀਮਾ ਪਾਲਿਸੀ ਸਾਰੇ ਕਿਸਾਨਾਂ, ਜੋ ਖ਼ੁਦ ਖੇਤੀ ਕਰਦੇ ਹਨ ਜਾਂ ਹਿੱਸੇ ਠੇਕੇ ਉੱਤੇ ਜ਼ਮੀਨ ਲੈ ਕੇ ਖੇਤੀ ਕਰਦੇ ਹਨ, ਨੂੰ ਕਵਰ ਕਰਦੀ ਹੋਵੇ।

2.ਬੀਮੇ ਦਾ ਪ੍ਰੀਮੀਅਮ ਕਿਸਾਨ ਲਈ ਘੱਟੋ-ਘੱਟ ਹੋਵੇ ਅਤੇ ਕਿਸਾਨ ਸਿਰਫ ਆਪਣੇ ਹਿੱਸੇ ਦਾ ਹੀ ਪ੍ਰੀਮੀਅਮ ਭਰੇ, ਨਾ ਕਿ ਉਸਨੂੰ ਕੇਂਦਰ ਅਤੇ ਰਾਜ ਸਰਕਾਰ ਦੇ ਹਿੱਸੇ ਦਾ ਪ੍ਰੀਮੀਅਮ ਵੀ ਪਹਿਲਾਂ ਪੱਲਿਉਂ ਭਰਨਾ ਪਵੇ ਅਤੇ ਫਿਰ ਸਬਸਿਡੀ ਦੇ ਰੂਪ ਵਿੱਚ ਉਹ ਪੈਸੇ ਵਾਪਸ ਆਉਣ ਦੀ ਉਡੀਕ ਕਰਨੀ ਪਵੇ। ਪਹਿਲਾਂ ਭਾਰੀ ਪ੍ਰੀਮੀਅਮ ਕਰਕੇ ਹੀ ਕਿਸਾਨਾਂ ਨੇ ਉਤਸ਼ਾਹ ਨਹੀਂ ਦਿਖਾਇਆ।

3.ਕਿਸੇ ਵੀ ਨੁਕਸਾਨ ਹੋਣ ਦੀ ਸੂਰਤ ਵਿੱਚ ਵਾਹਨਾਂ ਅਤੇ ਹੋਰ ਬੀਮਾ ਕਲੇਮਾਂ ਦੀ ਤਰ੍ਹਾਂ ਕਿਸਾਨ ਨੂੰ ਹੀ ਭੁਗਤਾਨ ਹੋਵੇ। ਏਜੰਸੀਆਂ ਦੇ ਚੱਕਰਾਂ ਤੋਂ ਬਚਾਇਆ ਜਾਵੇ।

4.ਬੀਮਾ ਕਰਨ ਸਮੇਂ, ਕਿਸੇ ਪਿੰਡ/ਏਰੀਆ/ਬਲਾਕ ਨੂੰ ਇਕਾਈ ਨਾ ਮੰਨ ਕੇ, ਸਿੱਧੇ ਤੌਰ ਉੱਤੇ ਕਿਸਾਨ ਨੂੰ ਯੂਨਿਟ ਮੰਨ ਕੇ ਬੀਮਾ ਕੀਤਾ ਜਾਵੇ। ਹੁਣ ਬਲਾਕ ਨੂੰ ਇਕਾਈ ਮੰਨ ਕੇ ਸਾਰੇ ਬਲਾਕ ਦਾ 40% ਨੁਕਸਾਨ ਹੋਣ 'ਤੇ ਉਥੋਂ ਦੇ ਕਿਸਾਨ ਕਲੇਮ ਦੇ ਹੱਕਦਾਰ ਮੰਨੇ ਜਾਂਦੇ ਹਨ ਪਰ ਬਹੁਤ ਵਾਰ ਨੁਕਸਾਨ ਵਿਅਕਤੀਗਤ ਜਾਂ ਕੁਝ ਕਿਸਾਨਾਂ ਦਾ ਹੀ ਹੁੰਦਾ ਹੈ ਜਿਵੇਂ ਖੜ੍ਹੀ ਫਸਲ ਨੂੰ ਅੱਗ ਲੱਗਣੀ, ਨਹਿਰ ਟੁੱਟਣੀ ਆਦਿ, ਇਸੇ ਤਰ੍ਹਾਂ ਗੜ੍ਹੇ ਵੀ ਆਮ ਕਰਕੇ ਕੁਝ ਕੁ ਖੇਤਰ ਵਿੱਚ ਮਾਰ ਕਰਦੇ ਹਨ।

5.ਬੀਮਾ ਪਾਲਿਸੀ ਵਿੱਚ ਫਸਲ ਬੀਜਣ ਤੋਂ ਲੈ ਕੇ ਕੱਟਣ ਅਤੇ ਢੋਅ ਢੁਆਈ ਤੱਕ ਹੋਣ ਵਾਲੇ ਨੁਕਸਾਨ ਨੂੰ ਕਵਰ ਕੀਤਾ ਜਾਵੇ, ਜਿਸ ਵਿੱਚ ਕੁਦਰਤੀ ਆਫ਼ਤਾਂ, ਅੱਗ ਲੱਗਣੀ, ਚੋਰੀ ਹੋਣੀ, ਬਿਮਾਰੀਆਂ, ਕੀਟਾਂ ਆਦਿ ਰਾਹੀਂ ਹੋਣ ਵਾਲੇ ਨੁਕਸਾਨ ਸ਼ਾਮਲ ਕੀਤੇ ਜਾਣ। ਇਸ ਦੇ ਨਾਲ ਹੀ ਖੇਤੀ ਲਈ ਵਰਤੇ ਜਾਣ ਵਾਲੇ ਸੰਦ-ਸੰਦੋੜੇ, ਪਸ਼ੂ-ਡੰਗਰ ਅਤੇ ਕਾਮਿਆਂ ਦੇ ਹਰ ਕਿਸਮ ਦੇ ਰਿਸਕ ਨੂੰ ਕਵਰ ਕੀਤਾ ਜਾਵੇ।

6.ਬੀਮਾ ਕਰਨ ਸਮੇਂ ਕਿਸੇ ਮਾਹਿਰ ਟੀਮ ਜਾਂ ਯੂਨੀਵਰਸਿਟੀ ਵੱਲੋਂ ਮਿਥੇ ਝਾੜ ਨੂੰ ਮੁੱਖ ਰੱਖ ਕੇ ਉਤਨੀ ਹੀ ਕੀਮਤ ਦਾ ਬੀਮਾ ਕੀਤਾ ਜਾਵੇ ਤਾਂ ਜੋ ਕਲੇਮ ਸਮੇਂ ਕਿਸੇ ਵਾਦ-ਵਿਵਾਦ ਤੋਂ ਬਚਿਆ ਜਾ ਸਕੇ। ਫਸਲ ਦੇ ਲਾਗਤ ਖਰਚੇ ਤੈਅ ਕਰਨ ਸਮੇਂ ਕਿਸਾਨ ਦੀ ਮਿਹਨਤ ਅਤੇ ਜ਼ਮੀਨ ਦਾ ਠੇਕਾ ਵਿੱਚ ਸ਼ਾਮਲ ਕੀਤਾ ਜਾਵੇ (ਜਿਵੇਂ ਕਿ ਸਵਾਮੀਨਾਥਨ ਕਮਿਸ਼ਨ ਵੱਲੋਂ ਸਿਫਾਰਸ਼ ਕੀਤੀ ਗਈ ਸੀ) ਪਰ ਪ੍ਰੀਮੀਅਮ ਲੈਣ ਸਮੇਂ ਕਿਸਾਨ ਦੀ ਮਿਹਨਤ ਅਤੇ ਠੇਕਾ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ ਕਿਉਂਕਿ ਇਹ ਯੋਗਦਾਨ ਤਾਂ ਕਿਸਾਨ ਵੱਲੋਂ ਪਾਇਆ ਹੀ ਜਾ ਰਿਹਾ ਹੈ।

7.ਸਾਰੀਆਂ ਸਰਕਾਰੀ ਅਤੇ ਪ੍ਰਾਈਵੇਟ ਕੰਪਨੀਆਂ ਇਹ ਪਾਲਿਸੀ ਕਰਨ ਲਈ ਪਾਬੰਦ ਹੋਣ ਅਤੇ ਕਿਸਾਨ ਕਿਤੇ ਵੀ ਸਿੱਧਾ ਜਾ ਕੇ ਬੀਮਾ ਕਰਵਾ ਸਕਦਾ ਹੋਵੇ।

8.ਅਗਰ ਕਿਸੇ ਕੰਪਨੀ ਦੀ ਸਰਵਿਸ ਕਿਸਾਨ ਨੂੰ ਠੀਕ ਨਾ ਲੱਗੇ ਤਾਂ ਦੂਜੇ ਬੀਮੇ ਦੀ ਤਰ੍ਹਾਂ ਉਹ ਨਵੀਂ ਪਾਲਿਸੀ ਕਰਨ ਸਮੇਂ ਕੰਪਨੀ ਬਦਲ ਸਕਦਾ ਹੋਵੇ।

9.ਮੀਂਹ, ਹਨੇਰੀ ਜਾਂ ਝੱਖੜ ਨਾਲ ਸਭ ਤੋਂ ਵੱਧ ਨੁਕਸਾਨ ਫਲਦਾਰ ਬਾਗਾਂ ਅਤੇ ਸਬਜੀਆਂ ਦਾ ਹੁੰਦਾ ਹੈ। ਬੀਮਾ ਕੰਪਨੀਆਂ ਵੱਲੋਂ ਇਨ੍ਹਾਂ ਦਾ ਬੀਮਾ ਕਰਨ ਤੋਂ ਟਾਲਾ ਵੱਟਿਆ ਜਾਂਦਾ ਹੈ, ਜਦ ਕਿ ਇਨ੍ਹਾਂ ਦਾ ਬੀਮਾ ਪਹਿਲ ਦੇ ਆਧਾਰ ਉੱਤੇ ਕਰਨ ਦੀ ਲੋੜ ਹੈ।

ਉਪਰੋਕਤ ਤੋਂ ਇਲਾਵਾ ਮਾਹਿਰਾਂ ਦੀ ਸਲਾਹ ਅਨੁਸਾਰ ਕਿਸਾਨ ਹਿਤ ਵਿੱਚ ਹੋਰ ਕਾਫੀ ਕੁਝ ਸ਼ਾਮਲ ਕੀਤਾ ਜਾ ਸਕਦਾ ਹੈ। ਭਾਵੇਂ ਕਿ ਆਰਥਿਕ ਬੋਝ ਕਰਕੇ ਸਰਕਾਰਾਂ ਪੂਰੀ ਨੁਕਸਾਨ ਪੂਰਤੀ ਵਾਲੀ ਪਾਲਿਸੀ ਬਨਾਉਣ ਤੋਂ ਟਾਲਾ ਵੱਟਦੀਆਂ ਹਨ, ਪਰ ਇਸ ਨੂੰ ਅਜੰਡਾ ਬਣਾ ਕੇ ਲਾਮਬੰਦੀ ਕਰਨ ਨਾਲ ਲਾਗੂ ਕਰਵਾਇਆ ਜਾ ਸਕਦਾ ਹੈ।

## ਪਾਠਕ ਪ੍ਰਤੀਕਰਮ

ਅੱਜ ਤਰਕਸ਼ੀਲ ਮੈਗਜ਼ੀਨ ਦੇ ਜੁਲਾਈ-ਅਗਸਤ ਦੇ ਅੰਕ ਵਿੱਚ ਡਾਕਟਰ ਨਵਤੇਜ ਸਿੰਘ, ਐੱਮ.ਡੀ. (ਪਥੋਲੋਜੀ) ਦਾ ਅਲਸੀ ਦੇ ਬਾਰੇ ਲੇਖ ਪੜ੍ਹ ਕੇ ਮਨ ਬਹੁਤ ਖੁਸ਼ ਹੋਇਆ ਅਤੇ ਸਾਡੇ ਵਰਗੇ ਸੀਨੀਅਰ ਸਿਟੀਜਨ ਦੀ ਸਿਹਤ ਦਾ ਖਿਆਲ ਰੱਖਣ ਵਾਸਤੇ ਅਦਾਰਾ ਤਰਕਸ਼ੀਲ ਦਾ ਬਹੁਤ ਬਹੁਤ ਧੰਨਵਾਦ। ਆਸ ਕੀਤੀ ਜਾਂਦੀ ਹੈ ਕਿ ਅਦਾਰਾ ਤਰਕਸ਼ੀਲ ਅੱਗੋਂ ਵੀ ਹੋਰ ਬਿਮਾਰੀਆਂ ਤੋਂ ਰੋਕਥਾਮ ਲਈ ਹਰ ਨਵੇਂ ਮੈਗਜ਼ੀਨ ਵਿੱਚ ਇਸ ਤਰ੍ਹਾਂ ਦੇ ਲੇਖ ਲਿਖਦਾ ਰਹੇਗਾ ਤਾਂ ਕਿ ਸੀਨੀਅਰ ਸਿਟੀਜ਼ਨ ਦਾ ਬੁਢਾਪਾ ਕਿਸੇ ਬਿਮਾਰੀ ਤੋਂ ਰਹਿਤ ਨਿਕਲ ਜਾਵੇ। ਆਪ ਜੀ ਦਾ ਅਤਿ ਧੰਨਵਾਦੀ।

**ਕੰਵਲਜੀਤ ਸਿੰਘ**

**ਅੰਮ੍ਰਿਤਸਰ।**

ਚਲੰਤ ਮਸਲੇ

# ਪੰਜਾਬ ਵਿੱਚ ਪਰਵਾਸੀਆਂ ਦਾ ਮੁੱਦਾ

ਹੇਮ ਰਾਜ ਸਟੈਨੋ

ਸਾਡੇ ਪੰਜਾਬ ਦੇ ਇੱਕ ਸ਼ਹਿਰ 'ਚ ਕਿਸੇ ਪਰਵਾਸੀ ਵੱਲੋਂ ਇੱਕ ਬੱਚੇ ਦਾ ਦਰਦਨਾਕ ਕਤਲ ਕਰ ਦਿੱਤਾ ਗਿਆ। ਇਸ 'ਤੇ ਸਮੁੱਚੇ ਪ੍ਰਵਾਸੀਆਂ ਦੇ ਵਿਰੋਧ ਦਾ ਮਸਲਾ ਉੱਠ ਖੜ੍ਹਾ ਹੋਇਆ। ਮੋਟੇ ਤੌਰ 'ਤੇ ਦੋ ਤਰ੍ਹਾਂ ਦੀਆਂ ਆਵਾਜ਼ਾਂ ਉੱਠ ਖੜ੍ਹੀਆਂ। ਪਹਿਲੀ, ਇਹ ਕਿ ਸਮੁੱਚੇ ਪ੍ਰਵਾਸੀਆਂ ਨੂੰ ਬਾਹਰ ਕੱਢਿਆ ਜਾਵੇ। ਦੂਸਰੀ, ਇਹ ਕਿ ਸਮੁੱਚੇ ਪ੍ਰਵਾਸੀਆਂ ਦਾ ਕੋਈ ਕਸੂਰ ਨਹੀਂ ਹੈ, ਜਿਸ ਵੀ ਸ਼ੈਤਾਨ ਨੇ ਇਹ ਕਰੂਰ ਕਾਰਾ ਕੀਤਾ ਹੈ, ਉਸਨੂੰ ਕਾਨੂੰਨ ਅਨੁਸਾਰ ਬਣਦੀ ਸਖਤ ਸਜ਼ਾ ਦਿੱਤੀ ਜਾਵੇ। ਪਹਿਲਾਂ ਆਪਾਂ ਪਰਵਾਸ ਦੇ ਨੁਕਤੇ ਨੂੰ ਹੀ ਵਿਚਾਰਦੇ ਹਾਂ।

ਪਰਵਾਸ ਕੀ ਹੈ? ਕਿਸੇ ਵੀ ਮਨੁੱਖ ਜਾਂ ਮਨੁੱਖੀ ਸਮੂਹ ਦਾ ਆਪਣੇ ਮੁਢਲੇ ਟਿਕਾਣੇ ਨੂੰ ਛੱਡਕੇ ਕਿਸੇ ਹੋਰ ਸਥਾਨ 'ਤੇ ਟਿਕਾਣਾ ਬਣਾਉਣਾ ਅਤੇ ਉੱਥੇ ਆਪਣੀ ਕਿਰਤ ਕਰਨੀ, ਇਹ ਹੈ ਪਰਵਾਸ ਦੀ ਪ੍ਰੀਭਾਸ਼ਾ। ਜਦੋਂ ਅਸੀਂ ਇਸ ਪ੍ਰੀਭਾਸ਼ਾ ਅਨੁਸਾਰ ਦੇਖਦੇ ਹਾਂ ਤਾਂ ਸਮੁੱਚਾ ਮੁੱਢਲਾ ਮਨੁੱਖੀ ਇਤਿਹਾਸ ਹੀ ਪਰਵਾਸੀ ਇਤਿਹਾਸ ਹੈ। ਕਿਉਂ? ਕਿਉਂਕਿ ਪਹਿਲ-ਪ੍ਰਿਥਮੇ ਮਨੁੱਖ ਟੋਲੀਆਂ ਦੇ ਰੂਪ 'ਚ ਜੰਗਲਾਂ 'ਚ ਰਹਿੰਦਾ ਸੀ। ਜਿਉਂ ਜਿਉਂ ਮਨੁੱਖੀ ਨਸਲ ਵਧਦੀ ਗਈ ਅਤੇ ਨਵੇਂ ਤੋਂ ਨਵੇਂ ਕਿੱਤੇ ਅਪਣਾਉਂਦੀ ਗਈ ਤਾਂ ਉਹ ਜੰਗਲਾਂ 'ਚੋਂ ਬਾਹਰ ਆਕੇ ਨਦੀਆਂ ਦੇ ਕੰਢੇ ਜਾਂ ਧਰਤੀ ਦੇ ਹੋਰ ਸਥਾਨਾਂ ਵੱਲ ਪ੍ਰਵਾਸ ਕਰਨ ਲੱਗਿਆ ਅਤੇ ਤਰ੍ਹਾਂ ਤਰ੍ਹਾਂ ਦੇ ਕਿੱਤੇ ਅਪਣਾਉਣ ਲੱਗਿਆ। ਇਸ ਤੋਂ ਬਾਅਦ ਹੀ ਪਿੰਡ-ਸ਼ਹਿਰ ਆਦਿ ਹੋਂਦ 'ਚ ਆਏ ਅਤੇ ਮਨੁੱਖ ਜਾਂਗਲੀ ਤੋਂ ਸਭਿਅਕ ਮਨੁੱਖ ਬਣਿਆ। ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਜੇਕਰ ਮਨੁੱਖ ਨੇ ਪ੍ਰਵਾਸ ਨਾ ਕੀਤਾ ਹੁੰਦਾ ਤਾਂ ਉਹ ਸਭਿਅਤਾ ਦੇ ਪੜਾਅ 'ਤੇ ਨਾ ਪਹੁੰਚਿਆ ਹੁੰਦਾ। ਸੋ ਪਰਵਾਸ ਨੂੰ ਮੁੱਢੋਂ-ਸੁੱਢੋਂ ਰੱਦ ਕਰਨਾ ਕਿਸੇ ਤਰ੍ਹਾਂ ਵੀ ਉਸਾਰੂ ਨਹੀਂ ਕਿਹਾ ਜਾ ਸਕਦਾ।

ਹੁਣ ਪਰਵਾਸੀਆਂ ਦੇ ਪੰਜਾਬ 'ਚੋਂ ਕੱਢ ਦੇਣ ਵਾਲੇ ਨੁਕਤੇ 'ਤੇ ਆਉਂਦੇ ਹਾਂ। ਸਾਨੂੰ ਇਸ ਬਾਰੇ ਪਹਿਲਾਂ ਇਹ ਸੋਚਣ ਦੀ ਲੋੜ ਹੈ ਕਿ ਕੀ ਸਾਡੇ ਪੰਜਾਬ ਦੇ ਪੰਜਾਬੀ ਬਾਹਰਲੇ ਸੂਬਿਆਂ- ਰਾਜਸਥਾਨ, ਯੂ.ਪੀ., ਗੁਜਰਾਤ, ਮੱਧ ਪ੍ਰਦੇਸ਼ ਅਤੇ ਹੋਰ ਸੂਬਿਆਂ 'ਚ ਨਹੀਂ ਗਏ? ਗਏ ਹਨ। ਅਤੇ ਕੋਈ ਕੱਲਾ-ਕਹਿਰਾ ਪੰਜਾਬੀ ਨਹੀਂ, ਬਲਕਿ ਹਜ਼ਾਰਾਂ ਦੀ ਗਿਣਤੀ 'ਚ ਇਨ੍ਹਾਂ ਸੂਬਿਆਂ 'ਚ ਜਾ ਕੇ ਖੇਤੀਬਾੜੀ ਜਾਂ ਹੋਰ ਕੰਮ ਧੰਦੇ ਕਰਦੇ ਹਨ। ਜੇਕਰ ਪੰਜਾਬੀ ਇਹ ਮੰਗ ਕਰਨਗੇ ਕਿ ਸਾਡੇ ਇੱਥੋਂ ਬਾਹਰਲੇ ਸੂਬਿਆਂ ਦੇ ਪਰਵਾਸੀ ਚਲੇ ਜਾਣ ਤਾਂ ਇਸ ਕ੍ਰਿਆ ਦੀ ਪ੍ਰਤੀਕ੍ਰਿਆ ਇਹ ਹੋਵੇਗੀ ਕਿ ਜਿੱਥੇ ਜਿੱਥੇ ਵੀ ਪੰਜਾਬੀ ਵਸਦੇ ਹਨ ਤਾਂ ਉਨ੍ਹਾਂ ਸੂਬਿਆਂ ਦੇ ਲੋਕ ਇਹ ਮੰਗ ਕਰਨ ਲੱਗਣਗੇ ਕਿ ਉਨ੍ਹਾਂ ਦੇ ਸੂਬਿਆਂ ਵਿੱਚੋਂ ਪੰਜਾਬੀਆਂ ਨੂੰ ਬਾਹਰ ਕੱਢਿਆ ਜਾਵੇ। ਕਹਿਣ ਤੋਂ ਭਾਵ ਕਿ ਇਹ ਇੱਕ ਨਵੀਂ ਕਿਸਮ ਦਾ ਹੱਲਾ-ਗੁੱਲਾ ਖੜ੍ਹਾ ਹੋ ਜਾਵੇਗਾ। ਅਤੇ ਇਹ ਪੰਜਾਬ ਦੇ ਬਾਹਰ ਵਸਦੇ ਪੰਜਾਬੀਆਂ ਦੇ ਲਈ ਨੁਕਸਾਨਦਾਇਕ ਸਿੱਧ ਹੋਵੇਗਾ। ਇਸਨੂੰ ਥੋੜ੍ਹਾ ਜਿਹਾ ਵੀ ਅਣਗੌਲਿਆਂ ਕਰਨਾ ਬਹੁਤ ਹੀ ਤਬਾਹਕੁੰਨ ਹੋਵੇਗਾ।

ਇਸ ਤੋਂ ਇਲਾਵਾ ਸਾਡੇ ਪੰਜਾਬ ਦੇ ਲੋਕ ਤਾਂ ਬਾਹਰਲੇ ਮੁਲਕਾਂ 'ਚ ਵੀ ਪਰਵਾਸੀ ਬਣ ਕੇ ਰਹਿ ਰਹੇ ਹਨ? ਕੀ ਇਸ ਤਰ੍ਹਾਂ ਦੇ ਹੱਲੇ-ਗੁੱਲੇ ਦਾ ਉਨ੍ਹਾਂ 'ਤੇ ਦੂਰ-ਪ੍ਰਭਾਵ ਨਹੀਂ ਪਵੇਗਾ? ਜ਼ਰੂਰ ਪਵੇਗਾ ਅਤੇ ਉਨ੍ਹਾਂ ਲਈ ਵੀ ਨਵਾਂ ਸੰਕਟ ਖੜ੍ਹਾ ਹੋ ਜਾਵੇਗਾ।

ਪਰਵਾਸੀਆਂ ਨੂੰ ਪੰਜਾਬ ਤੋਂ ਬਾਹਰ ਕਰ ਦੇਣ ਦੇ ਹੱਕ 'ਚ ਇੱਕ ਹੋਰ ਨੁਕਤਾ ਪੇਸ਼ ਕੀਤਾ ਜਾਂਦਾ ਹੈ, ਉਹ ਹੈ ਸਭਿਆਚਾਰ ਵਾਲਾ।

ਇਹ ਨੁਕਤਾ ਇਸ ਤਰ੍ਹਾਂ ਉਠਾਇਆ ਜਾਂਦਾ ਹੈ ਕਿ ਪਰਵਾਸੀਆਂ ਦੇ ਆਉਣ ਨਾਲ ਸਾਡੇ ਪੰਜਾਬੀ ਸਭਿਆਚਾਰ ਨੂੰ ਖੋਰਾ ਲੱਗਦਾ ਹੈ। ਇਸ ਨੁਕਤੇ ਨੂੰ ਧਰਮ ਨਾਲ ਵੀ ਜੋੜ ਲਿਆ ਜਾਂਦਾ ਹੈ। ਸਾਡੇ ਪੰਜਾਬ ਦਾ ਵੱਡਾ ਧਰਮ ਸਿੱਖ ਧਰਮ ਹੈ। ਇਸ ਧਰਮ ਦਾ ਇੱਕ ਤਖਤ ਬਿਹਾਰ ਦੇ ਪਟਨਾ ਸਾਹਿਬ ਵਿੱਚ ਸ਼ੁਸ਼ੋਭਿਤ ਹੈ। ਇਸ ਤਰ੍ਹਾਂ ਹੋਰ ਸੂਬਿਆਂ ਅੰਦਰ ਵੀ ਵੱਖੋ-ਵੱਖਰੇ ਤਖਤ ਸਾਹਿਬ ਅਤੇ ਗੁਰਦੁਆਰੇ ਸਾਹਿਬ ਵੀ ਹਨ। ਕੀ ਇਨ੍ਹਾਂ ਥਾਵਾਂ 'ਤੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਕਰ ਰਹੇ ਸਿੱਖਾਂ 'ਤੇ ਇਸ ਤਰ੍ਹਾਂ ਦਾ ਕੋਈ ਪ੍ਰਭਾਵ ਪਿਆ ਕਿ ਉਨ੍ਹਾਂ ਸਿੱਖਾਂ ਨੇ ਆਪਣੇ ਧਰਮ ਜਾਂ ਆਪਣੀਆਂ ਸਿੱਖ ਰੀਤੀ-ਰਿਵਾਜਾਂ-ਪ੍ਰੰਪਰਾਵਾਂ ਨੂੰ ਛੱਡਿਆ ਹੋਵੇ? ਨਹੀਂ, ਬਿਲਕੁਲ ਵੀ ਨਹੀਂ।

ਅਸਲ 'ਚ ਸਭਿਆਚਾਰ ਬਦਲ ਜਾਣ ਦਾ ਇਹ ਭੁਲੇਖਾ ਕਿਉਂ ਖੜ੍ਹਾ ਹੁੰਦਾ ਹੈ? ਇਸ ਭੁਲੇਖੇ ਦਾ ਕਾਰਨ ਸਭਿਆਚਾਰ ਦੇ ਉਸਰਨ ਅਤੇ ਬਦਲਣ ਦੇ ਪਦਾਰਥਕ ਆਧਾਰ ਬਾਰੇ ਸਹੀ ਜਾਣਕਾਰੀ ਦਾ ਨਾ ਹੋਣਾ ਹੈ। ਉਹ ਕਿਵੇਂ? ਸਭਿਆਚਾਰ ਕੋਈ ਹਵਾ-ਹਵਾਈ ਆਧਾਰ 'ਤੇ ਨਹੀਂ ਉੱਸਰਦਾ। ਇਸ ਦੇ ਉਸਰਨ ਦਾ ਆਧਾਰ ਉਸ ਵੇਲੇ ਦਾ ਪੈਦਾਵਾਰੀ ਅਮਲ ਹੀ ਬਣਦਾ ਹੈ। ਇੱਕ ਮਿਸਾਲ ਲਵੋ। ਜਦੋਂ ਕਿਸਾਨ ਆਪਣਾ ਸਾਰਾ ਕੰਮ ਆਪਣੇ ਹੱਥੀਂ ਆਪ ਕਰਦੇ ਸਨ ਤਾਂ ਕਿਸਾਨ ਨੂੰ ਹਲ ਵਾਹੁਣ ਤੋਂ ਬਾਅਦ ਪਸ਼ੂਆਂ ਲਈ ਚਾਰਾ ਆਦਿ ਵੀ ਆਪਣੇ

ਹੱਥੀਂ ਵੱਢਣਾ ਪੈਂਦਾ ਸੀ। ਇਸੇ ਪੈਦਾਵਾਰੀ ਅਮਲ ਦੇ ਪ੍ਰਚੱਲਿਤ ਹੋਣ ਕਰਕੇ ਉਦੋਂ ਇੱਕ ਕਹਾਵਤ ਬੜੀ ਪ੍ਰਚੱਲਿਤ ਰਹੀ ਹੈ ਕਿ 'ਜੱਟਾ ਤੇਰੀ ਜੂਨ ਬੁਰੀ, ਹਲ ਛੱਡਕੇ ਚਰੀ ਨੂੰ ਜਾਣਾ'। ਜਦੋਂ ਹੀ ਬਹੁਤਾ ਕੰਮ ਹੱਥਾਂ ਦੀ ਬਜਾਏ ਮਸ਼ੀਨਰੀ ਨਾਲ ਹੋਣ ਲੱਗਿਆ ਤਾਂ ਅੱਜ ਇਸ ਕਹਾਵਤ ਦਾ ਨਾਮੋ-ਨਿਸ਼ਾਨ ਨਹੀਂ ਰਿਹਾ। ਇਹ ਵਿਸ਼ਾ ਬੜਾ ਲੰਬਾ ਹੈ, ਪਰ ਅਸੀਂ ਇਸਨੂੰ ਇਹੀ ਕਹਿਕੇ ਨਿਬੇੜਦੇ ਹਾਂ ਕਿ ਸਭਿਆਚਾਰ 'ਚ ਤਬਦੀਲੀ ਵੀ ਪੈਦਾਵਾਰੀ ਅਮਲ 'ਚ ਆਉਂਦੀ ਤਬਦੀਲੀ ਨਾਲ ਹੀ ਜੁੜੀ ਹੋਈ ਹੁੰਦੀ ਹੈ ਨਾ ਕਿ ਵਸੋਂ 'ਚ ਆਉਂਦੀ ਤਬਦੀਲੀ ਨਾਲ। ਸੋ ਇਹ ਕਹਿਣਾ ਕਿ ਪਰਵਾਸੀਆਂ ਦੇ ਆਉਣ ਨਾਲ ਸਾਥੋਂ ਸਾਡਾ (ਪੰਜਾਬੀ) ਸਭਿਆਚਾਰ ਖੁੱਸ ਜਾਵੇਗਾ, ਸਹੀ ਨਹੀਂ ਹੈ। ਸਗੋਂ ਆਮ ਦੇਖਣ 'ਚ ਆਉਂਦਾ ਹੈ ਕਿ ਪਰਵਾਸੀਆਂ ਦੇ ਬੱਚੇ ਇੱਥੇ ਆ ਕੇ ਪੰਜਾਬੀ ਪੜ੍ਹਣ ਲੱਗ ਜਾਂਦੇ ਹਨ। ਇਹ ਗੈਰ-ਕੁਦਰਤੀ ਵੀ ਨਹੀਂ ਹੈ ਕਿਉਂਕਿ ਸਾਡੇ ਪੰਜਾਬੀ ਬੋਲੀ ਭਾਰੂ ਹੈ। ਇਸ ਲਈ ਸਭਿਆਚਾਰ ਦੇ ਨੁਕਤੇ 'ਤੇ ਵੀ ਪਰਵਾਸੀਆਂ ਦਾ ਵਿਰੋਧ ਜ਼ਾਇਜ਼ ਨਹੀਂ ਜਾਪਦਾ।

ਪਰਵਾਸੀਆਂ ਨੂੰ ਬਾਹਰ ਕਰ ਦੇਣ ਲਈ ਇੱਕ ਹੋਰ ਦਲੀਲ ਵੀ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਇਨ੍ਹਾਂ ਦੇ ਆਉਣ ਨਾਲ ਜੁਰਮ ਵਧਦੇ ਹਨ। ਇੱਥੇ ਤਾਂ ਅੰਕੜੇ ਦੇਣ ਦੀ ਵੀ ਲੋੜ ਨਹੀਂ ਕਿਉਂਕਿ ਹਰ ਰੋਜ਼ ਟੀ.ਵੀ. 'ਤੇ ਖਬਰਾਂ ਆਉਂਦੀਆਂ ਰਹਿੰਦੀਆਂ ਹਨ, ਗੈਂਗਸਟਰਾਂ ਨੇ ਫਲਾਣੇ ਵਿਅਕਤੀ ਤੋਂ ਫਿਰੌਤੀ ਮੰਗ ਲਈ ਜਾਂ ਮਾਰ ਦਿੱਤਾ ਜਾਂ ਫਿਰ ਗੈਂਗਸਟਰਾਂ ਕਾਰਨ ਸਾਡੇ ਪੰਜਾਬ ਅੰਦਰ ਅਪਰਾਧ ਵਧ ਰਹੇ ਹਨ ਵਗੈਰਾ ਵਗੈਰਾ। ਇਸ ਲਈ ਅਪਰਾਧਾਂ ਨੂੰ ਸਿਰਫ ਤੇ ਸਿਰਫ ਪਰਵਾਸੀਆਂ ਦੇ ਸਿਰ ਮੜ੍ਹਕੇ ਉਨ੍ਹਾਂ ਨੂੰ ਪੰਜਾਬ 'ਚੋਂ ਬਾਹਰ ਕਰਨ ਦੀ ਦਲੀਲ 'ਚ ਕੋਈ ਦਮ ਨਹੀਂ ਹੈ।

ਇਸਤੋਂ ਇਲਾਵਾ ਪਰਵਾਸ ਦੇ ਸਬੰਧ 'ਚ ਸਾਡੇ ਦੇਸ਼ ਅੰਦਰ ਕਾਨੂੰਨ ਵੀ ਬਣਿਆ ਹੋਇਆ ਹੈ। ਸੰਨ 1979 'ਚ ਸੰਸਦ ਨੇ -ਇੰਟਰ-ਸਟੇਟ ਮਾਈਗ੍ਰੇਂਟ ਵਰਕਮੈਨ ਰੈਗੂਲੇਸ਼ਨ ਆਫ ਇੰਪਲੋਇਮੈਂਟ ਐਂਡ ਕੰਡੀਸਨਜ਼ ਆਫ ਸਰਵਿਸ- ਐਕਟ ਬਣਾਇਆ ਸੀ, ਜਿਸਦਾ ਮਕਸਦ ਰਾਜਾਂ ਵਿੱਚ ਬਾਹਰੋਂ ਕੰਮ ਕਰਨ ਆਉਣ ਵਾਲੇ ਮਜ਼ਦੂਰਾਂ ਦੀ ਰੱਖਿਆ ਕਰਨਾ ਹੈ। ਮੋਟੇ ਤੌਰ 'ਤੇ ਇਹ ਕਾਨੂੰਨ ਹੇਠ ਲਿਖੇ ਅਨੁਸਾਰ ਹੈ:-

1. ਇਸ ਕਾਨੂੰਨ ਰਾਹੀਂ ਮਜ਼ਦੂਰਾਂ ਦੇ ਪਿਛੋਕੜ ਦੀ ਜਾਂਚ ਅਤੇ ਪੁਲਿਸ ਵੈਰੀਫਿਕੇਸ਼ਨ ਕਰਨਾ ਸੰਭਵ ਹੈ।

2. ਇਹ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਨਿਯਮਤ ਤਨਖਾਹ ਮਿਲੇ ਅਤੇ ਸਥਾਨਕ ਮਜ਼ਦੂਰਾਂ ਦੀ ਘੱਟ ਤਨਖਾਹ 'ਤੇ ਹਾਨੀ ਨਾ ਹੋਵੇ।

3. ਮਾਈਗ੍ਰੇਂਟ ਮਜ਼ਦੂਰਾਂ ਲਈ ਸਨਮਾਨ ਅਤੇ ਇੱਜ਼ਤ ਬਣੀ ਰਹੇ, ਉਨ੍ਹਾਂ ਨਾਲ ਭੇਦਭਾਵ ਨਾ ਹੋਵੇ।

4. ਕਾਨੂੰਨ ਮੁਤਾਬਕ ਕੰਮ ਦੇਣ ਵਾਲੇ ਦੀ ਜ਼ਿੰਮੇਵਾਰੀ ਹੈ ਕਿ ਮਜ਼ਦੂਰਾਂ ਨੂੰ ਠੀਕ ਰਿਹਾਇਸ਼, ਪਾਣੀ, ਸਫ਼ਾਈ ਅਤੇ ਸੁਰੱਖਿਅਤ ਘਰ ਮੁਹੱਈਆ ਕਰਵਾਏ।

5. ਜੇ ਕੰਮ ਦੇਣ ਵਾਲਾ ਨਿਯਮਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਉੱਤੇ ਕਾਰਵਾਈ ਹੋ ਸਕਦੀ ਹੈ।

ਇਸ ਕਾਨੂੰਨ ਨੂੰ ਇੱਥੇ ਦਰਸਾਉਣ ਤੋਂ ਸਾਡਾ ਭਾਵ ਇਹ ਹੈ ਕਿ ਪਰਵਾਸੀਆਂ ਦੇ ਆਉਣ-ਜਾਣ ਨੂੰ ਕਾਨੂੰਨ ਨੇ ਵੀ ਮਾਨਤਾ ਦਿੱਤੀ ਹੋਈ ਹੈ।

ਮੁਕਦੀ ਗੱਲ, ਇਹ ਕਿ ਨਾ ਤਾਂ ਪਰਵਾਸ ਨੂੰ ਮੁੱਢੋਂ-ਸੁੱਢੋਂ ਰੱਦ ਕਰਨ, ਨਾ ਹੀ ਸਭਿਆਚਾਰ ਨੂੰ ਆਧਾਰ ਬਣਾਕੇ, ਨਾ ਹੀ ਜੁਰਮ ਦੇ ਵਧ ਜਾਣ ਕਰਕੇ ਪਰਵਾਸੀਆਂ ਨੂੰ ਪੰਜਾਬ 'ਚੋਂ ਬਾਹਰ ਕਰਨ ਵਾਲੀਆਂ ਦਲੀਲਾਂ 'ਚ ਦਮ ਨਹੀਂ ਹੈ। ਇਸਦੇ ਉਲਟ ਪਰਵਾਸੀਆਂ ਲਈ ਬਕਾਇਦਾ ਸਾਡੇ ਦੇਸ਼ ਅੰਦਰ ਕਾਨੂੰਨ ਬਣਿਆ ਹੋਇਆ ਹੈ। ਇਸ ਲਈ ਪਰਵਾਸੀਆਂ ਵਿਰੁੱਧ ਉੱਠਦੀ ਆਵਾਜ਼, ਚਾਹੇ ਉਹ ਕਿੰਨੀ ਵੀ ਨੇਕ-ਨੀਅਤੀ ਨਾਲ ਕੀਤੀ ਗਈ ਹੋਵੇ, ਉਹ ਲਾਭਦਾਇਕ ਹੋਣ ਦੀ ਬਜਾਏ ਨੁਕਸਾਨਦਾਇਕ ਹੀ ਸਿੱਧ ਹੋਵੇਗੀ। ਇਸ ਨਾਲ ਤਾਂ ਕੇਂਦਰ 'ਚ ਬੈਠੀ ਹਕੂਮਤ, ਜਿਹੜੀ ਲੋਕਾਂ ਨੂੰ ਆਪਸ ਵਿੱਚ ਲੜਾਉਣ-ਭੜਾਉਣ ਦੇ ਮੌਕੇ ਦੀ ਤਾਕ 'ਚ ਹੀ ਰਹਿੰਦੀ ਹੈ, ਉਸਨੂੰ ਪੰਜਾਬ ਨੂੰ ਹੋਰ ਬਲਦੀ ਦੇ ਬੁੱਥੇ 'ਚ ਦੇਣ ਦਾ ਸੁਨਹਿਰੀ ਮੌਕਾ ਪ੍ਰਾਪਤ ਹੋਵੇਗਾ।

98769-53561

**ਸਭਿਆਚਾਰ ਦੀ ਦੁਹਾਈ**

*ਫਿਰਕਾਪ੍ਰਸਤੀ ਹਮੇਸ਼ਾ ਸਭਿਆਚਾਰ ਦੀ ਦੁਹਾਈ ਦਿੰਦੀ ਹੈ। ਉਸ ਨੂੰ ਆਪਣੀ ਅਸਲੀ ਪਛਾਣ ਨਾਲ ਬਾਹਰ ਨਿਕਲਣ ਵਿੱਚ ਸ਼ਰਮ ਆਉਂਦੀ ਹੈ, ਇਸ ਲਈ ਉਹ ਉਸ ਗਧੇ ਵਾਂਗ ਜਿਹੜਾ ਸ਼ੇਰ ਦੀ ਖੱਲ ਪਾਕੇ ਦੂਜੇ ਜਾਨਵਰਾਂ ਉੱਤੇ ਰੋਅਬ ਮਾਰਦਾ ਫਿਰਦਾ ਹੁੰਦਾ ਸੀ, ਸਭਿਆਚਾਰ ਦਾ ਮਖੌਟਾ ਪਾਕੇ ਤੁਰਦੀ ਹੈ।*

*- ਮੁਨਸ਼ੀ ਪ੍ਰੇਮ ਚੰਦ*

ਕੇਸ ਰਿਪੋਰਟ

# ਕਰਜ਼ੇ ਦੀਆਂ ਕਿਸ਼ਤਾਂ

- ਜਸਕਰਨ ਲੰਡੇ

ਤਰਕਸ਼ੀਲ ਸੁਸਾਇਟੀ ਮਨੋਰੋਗ ਮਸ਼ਵਰਾ ਕੇਂਦਰ ਬਰਗਾੜੀ ਵਿੱਚ ਵੱਖ-ਵੱਖ ਤਰ੍ਹਾਂ ਦੇ ਕੇਸ ਆਉਂਦੇ ਹਨ, ਜਿਨਾਂ ਵਿੱਚੋਂ ਜ਼ਿਆਦਾ ਮਾਨਸਿਕ ਤੌਰ 'ਤੇ ਬਿਮਾਰ ਹੁੰਦੇ ਹਨ। ਤਰਕਸ਼ੀਲ ਸੁਸਾਇਟੀ ਦੇ ਕਾਮੇ ਇਥੇ ਮਾਹਿਰ ਮਨੋਰੋਗ ਡਾਕਟਰਾਂ ਦੀ ਜਾਣਕਾਰੀ, ਉਨਾਂ ਦਾ ਰਿਹਾਇਸ਼ੀ ਪਤਾ, ਹਸਪਤਾਲ ਆਦਿ ਬਾਰੇ ਜਾਣਕਾਰੀ ਦਿੰਦੇ ਹਨ ਤੇ ਭੂਤਾਂ, ਪ੍ਰੇਤਾਂ ਵਾਲੇ ਕੇਸ ਨੂੰ ਆਪਣੇ ਪੱਧਰ 'ਤੇ ਹੱਲ ਵੀ ਕਰਦੇ ਹਨ। ਇਸ ਕੰਮ ਲਈ ਚੰਨਣ ਵਾਂਦਰ, ਰਾਜ ਮੱਲਾ ਤੇ ਮੈਂ (ਜਸਕਰਨ ਲੰਡੇ) ਹਰ ਸ਼ਨੀਵਾਰ ਆਪਣੀ ਡਿਊਟੀ ਦਿੰਦੇ ਹਾਂ। ਇਕ ਦਿਨ ਡਾ. ਚੰਨਣ ਵਾਂਦਰ ਨੂੰ ਕੋਈ ਖਾਸ ਕੰਮ ਹੋਣ ਕਰਕੇ ਉਹ ਮਨੋਰੋਗ ਕੇਂਦਰ ਵਿੱਚ ਨਹੀਂ ਸੀ ਪਹੁੰਚ ਸਕੇ ਤੇ ਸਾਰੇ ਮਰੀਜ਼ਾਂ ਦੀ ਜ਼ਿੰਮੇਂਵਾਰੀ ਤਕਰੀਬਨ ਮੇਰੇ ਮੋਢਿਆਂ 'ਤੇ ਸੀ। ਜਿੱਥੇ ਹੋਰ ਕੇਸ ਆਏ ਉਨ੍ਹਾਂ ਦੇ ਨਾਲ ਇੱਕ ਵੱਖਰਾ ਕੇਸ ਜੋ ਕਿ ਪਹਿਲੀ ਵਾਰ ਦੇਖਣ ਨੂੰ ਮਿਲਿਆ ਸੀ।

ਮੈਂ ਦੂਰੋਂ ਵੇਖਿਆ ਕਿ ਇੱਕ ਔਰਤ ਸੀ ਜਿਸ ਨੂੰ ਤਿੰਨ ਬੰਦੇ ਫੜ੍ਹ ਕੇ ਲਿਆ ਰਹੇ ਸਨ। ਅੰਦਰ ਲਿਆ ਕੇ ਪੀੜਤ ਔਰਤ ਨੂੰ ਉਨ੍ਹਾਂ ਨੇ ਥੱਲੇ ਹੀ ਬਿਠਾ ਦਿੱਤਾ। ਅਸੀਂ ਕੁਰਸੀ 'ਤੇ ਬੈਠਣ ਨੂੰ ਕਿਹਾ ਪਰ ਉਨ੍ਹਾਂ ਨੇ ਇਹ ਕਹਿ ਕੇ ਥੱਲੇ ਬਿਠਾ ਦਿੱਤਾ ਕਿ ਇਹ ਕੁਰਸੀ ਤੋਂ ਚੱਕਰ ਖਾ ਕੇ ਡਿੱਗ ਪੈਂਦੀ ਹੈ। ਇਹਦੇ ਵਿੱਚ ਕੋਈ ਕਸਰ ਆਉਂਦੀ ਹੈ। ਉਸ ਦੀ ਵਾਰੀ ਆਉਣ ਤੇ ਪਹਿਲਾਂ ਅਸੀਂ ਉਸਦੇ ਪਤੀ ਨਾਲ ਗੱਲ ਕੀਤੀ ਅਤੇ ਮੈਂ ਉਨ੍ਹਾਂ ਨੂੰ ਉਸ ਪੀੜਤ ਔਰਤ ਨੂੰ ਮੇਰੇ ਕੋਲ ਇਕੱਲੀ ਛੱਡਣ ਲਈ ਕਿਹਾ। ਥੋੜ੍ਹਾ ਸ਼ਾਂਤ ਮਾਹੌਲ ਹੋਣ 'ਤੇ ਮੈਂ ਉਸ ਨੂੰ ਪਹਿਲਾ ਸਵਾਲ ਕੀਤਾ, "ਭੈਣ ਜੀ, ਕੀ ਤੁਸੀਂ ਠੀਕ ਹੋਣਾ ਚਾਹੁੰਦੇ ਹੋ?" ਉਨ੍ਹਾਂ ਨੇ ਹਾਂ ਵਿੱਚ ਸਿਰ ਹਿਲਾਇਆ। ਮੈਂ ਉਨ੍ਹਾਂ ਨੂੰ ਕਿਹਾ, "ਭੈਣ ਜੀ, ਨਾ ਤਾਂ ਤੁਹਾਨੂੰ ਮਿਰਗੀ ਤੇ ਨਾ ਹੀ ਤੁਹਾਨੂੰ ਹੋਰ ਕੋਈ ਸਰੀਰਕ ਦੌਰਾ ਪੈਂਦਾ ਹੈ। ਇਹ ਇਕ ਮਾਨਸਿਕ ਦੌਰਾ ਹੈ।" ਇਸ ਬਾਰੇ ਮੈਂ ਉਨ੍ਹਾਂ ਦੇ ਪਤੀ ਤੋਂ ਦੌਰੇ ਦੇ ਲੱਛਣਾਂ ਬਾਰੇ ਪਹਿਲਾਂ ਹੀ ਪੁੱਛ ਲਿਆ ਸੀ। ਇਸੇ ਕਰਕੇ ਮੈਂ ਉਨ੍ਹਾਂ ਨੂੰ ਇਹ ਕਿਹਾ ਸੀ। ਫਿਰ ਮੈਂ ਉਸ ਪੀੜਤ ਔਰਤ ਨੂੰ ਕਿਹਾ, "ਭੈਣ ਜੀ, ਤੁਸੀਂ ਇਸ ਬਿਮਾਰੀ ਬਾਰੇ ਚੰਗੀ ਤਰ੍ਹਾਂ ਜਾਣਦੇ ਹੋ ਅਤੇ ਤੁਹਾਡੇ ਤੋਂ ਬਿਨਾਂ ਇਸ ਬਿਮਾਰੀ ਬਾਰੇ ਹੋਰ ਕੋਈ ਵੀ ਨਹੀਂ ਜਾਣਦਾ। ਜੇ ਤੁਸੀਂ ਮੈਨੂੰ ਇਸ ਬਿਮਾਰੀ ਦਾ ਸਹੀ ਕਾਰਨ ਦੱਸੋਗੇ ਤਾਂ ਅਸੀਂ ਤੁਹਾਡਾ ਇਲਾਜ ਅੱਜ ਹੀ, ਹੁਣੇ ਹੀ ਕਰ ਦੇਵਾਂਗੇ ਤੇ ਤੁਸੀਂ ਅੱਜ ਤੋਂ ਬਾਅਦ ਵਧੀਆ ਨਾਰਮਲ ਜ਼ਿੰਦਗੀ ਜੀ ਸਕੋਗੇ। ਹਾਂ ਇਕ ਮੈਂ ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ ਤੁਸੀਂ ਜੋ ਵੀ ਮੈਨੂੰ ਦੱਸੋਗੇ, ਉਹ ਗੱਲ ਮੈਂ ਹੋਰ ਕਿਸੇ ਨੂੰ ਵੀ ਨਹੀਂ ਦੱਸਾਂਗਾ। ਇਹ ਗੱਲ ਸਿਰਫ ਤੁਹਾਡੇ ਤੇ ਮੇਰੇ ਵਿੱਚ ਹੀ ਰਹੇਗੀ।"

ਉਹ ਮੇਰੀ ਗੱਲ ਨੂੰ ਧਿਆਨ ਨਾਲ ਸੁਣ ਰਹੀ ਸੀ। ਮੈਨੂੰ ਲੱਗਾ, ਉਸ ਨੇ ਮੇਰੇ 'ਤੇ ਵਿਸ਼ਵਾਸ ਕਰ ਲਿਆ ਸੀ। ਮੈਨੂੰ ਵੀ ਵਿਸ਼ਵਾਸ ਸੀ ਕਿ ਉਹ ਆਪਣੇ ਦਿਲ ਦੀ ਗੱਲ ਮੇਰੇ ਨਾਲ ਜਰੂਰ ਸਾਂਝੀ ਕਰੇਗੀ। ਉਸ ਔਰਤ ਨੇ ਮੈਨੂੰ ਕਿਹਾ, "ਵੀਰ ਜੀ, ਮੇਰੇ ਘਰ ਵਾਲੇ ਨੂੰ ਕਿਸੇ ਵੀ ਗੱਲ ਦੀ ਭਿਣਕ ਤੱਕ ਨਹੀਂ ਲੱਗਣੀ ਚਾਹੀਦੀ। ਮੈਂ ਤੁਹਾਨੂੰ ਸਾਰੀ ਗੱਲ ਵੇਰਵੇ ਨਾਲ ਦੱਸਾਂਗੀ।"

ਮੈਂ ਇੱਕ ਵਾਰ ਫਿਰ ਉਸ ਨੂੰ ਵਿਸ਼ਵਾਸ ਦਿਵਾਇਆ ਕਿ ਤੁਹਾਡੀ ਗੱਲ ਸਿਰਫ ਤੁਹਾਡੇ ਅਤੇ ਮੇਰੇ ਵਿਚਕਾਰ ਰਹੇਗੀ। ਤੁਸੀਂ ਮੈਨੂੰ ਆਪਣਾ ਰਾਜ਼ਦਾਰ ਸਮਝੋ ਅਤੇ ਸਹੀ ਸਹੀ ਗੱਲ ਦੱਸੋ। ਆਪਾਂ ਉਸਦਾ ਵਧੀਆ ਸਾਰਥਿਕ ਹੱਲ ਕੱਢਾਂਗੇ।

ਉਸ ਨੇ ਕਿਹਾ, 'ਵੀਰ ਜੀ, ਇਹ ਗੱਲ ਅੱਜ ਤੋਂ ਪੰਜ ਕੁ ਮਹੀਨੇ ਪਹਿਲਾਂ ਦੀ ਹੈ। ਮੇਰੀ ਆਪਣੇ ਪਤੀ ਨਾਲ ਕਿਸੇ ਗੱਲੋਂ ਲੜਾਈ ਹੋ ਗਈ ਜਿਸ ਵਿੱਚ ਮੇਰੇ ਪਤੀ ਨੇ ਮੇਰੇ ਸਿਰ ਵਿੱਚ ਡਾਂਗ ਮਾਰ ਦਿੱਤੀ। ਮੈਂ ਲਹੂ ਲੁਹਾਣ ਅਤੇ ਬੇਹੋਸ਼ ਹੋ ਗਈ। ਮੇਰੀ ਦਰਾਣੀ ਨੇ ਮੇਰੇ ਭਰਾ ਨੂੰ ਫੋਨ ਕਰ ਦਿੱਤਾ। ਮੇਰੇ ਭਰਾ ਸਾਡੇ ਸ਼ਹਿਰ ਹੀ ਰਹਿੰਦੇ ਹਨ। ਮੇਰਾ ਭਰਾ ਤੁਰੰਤ ਮੇਰੇ ਘਰ ਆਇਆ ਅਤੇ ਮੈਨੂੰ ਜ਼ਖ਼ਮੀ ਹਾਲਤ ਵਿੱਚ ਚੁੱਕ ਕੇ ਹਸਪਤਾਲ ਵਿੱਚ ਦਾਖਲ ਕਰਾ ਦਿੱਤਾ। ਨਾਲ ਹੀ ਉਸਨੇ ਸਬੰਧਿਤ ਥਾਣੇ ਵਿੱਚ ਮੇਰੇ ਪਤੀ ਖ਼ਿਲਾਫ਼ ਰਿਪੋਰਟ ਦੇ ਦਿੱਤੀ। ਮੈਂ ਅਗਲੇ ਦਿਨ ਤੱਕ ਬਿਲਕੁਲ ਠੀਕ ਹੋ ਚੁੱਕੀ ਸੀ। ਉਸ ਤੋਂ ਅਗਲੇ ਦਿਨ ਥਾਣੇ ਵਿੱਚੋਂ ਦੋ ਪੁਲਿਸ ਕਰਮਚਾਰੀ ਮੇਰੇ ਕੋਲੋਂ ਬਿਆਨ ਲੈਣ ਲਈ ਆ ਰਹੇ ਸਨ, ਜਿਸਦਾ ਮੈਨੂੰ ਤੇ ਮੇਰੀ ਮਾਂ ਨੂੰ ਪਹਿਲਾਂ ਪਤਾ ਲੱਗ ਚੁੱਕਾ ਸੀ। ਮੇਰੀ ਮਾਂ ਮੈਨੂੰ ਕਹਿਣ ਲੱਗੀ, "ਪੁੱਤ ਵੱਸਣਾ ਤਾਂ ਤੂੰ ਇੱਥੇ ਹੀ ਹੈ। ਇਸ ਕਰਕੇ ਜਦੋਂ ਪੁਲਿਸ ਵਾਲੇ ਤੇਰੇ ਕੋਲੋਂ ਘਟਨਾ ਬਾਰੇ ਪੁੱਛਣ ਤਾਂ ਤੂੰ ਉਨ੍ਹਾਂ ਨੂੰ ਕਹਿਣਾ ਕਿ ਮੈਂ ਪੌੜੀਆਂ ਤੋਂ ਡਿੱਗ ਪਈ ਸੀ।" ਚਲੋ ਜੋ ਕੁਝ ਹੋਇਆ ਸੀ ਤਾਂ ਬਹੁਤ ਦੁਖਦਾਈ ਪਰ ਇਹ ਆਪਣੀ ਗਲਤੀ ਮੰਨ ਗਏ। ਆਖਰ ਮੇਰਾ ਪਤੀ ਸੀ ਅਤੇ ਮੇਰਾ ਮਨ ਵੀ ਪਸੀਜ ਗਿਆ। ਮੇਰੀ ਮਾਂ ਨੇ ਕਿਹਾ, "ਧੀਏ, ਇਸ ਨੂੰ ਮਾਫ ਕਰ ਦੇ ਮੇਰੀ ਧੀ ਬਣ ਕੇ।" ਮੈਂ ਸੋਚਿਆ ਮੇਰਾ ਪਤੀ ਹੈ। ਆਪਣਾ ਘਰ ਹੈ। ਮੇਰੇ ਬੱਚੇ ਹੋਣਗੇ। ਮੇਰਾ ਘਰ ਵਸੇਗਾ। ਮੇਰੀ ਇਸ ਸੋਚ ਨੇ ਆਪਣੇ ਮਨ

ਦਾ ਬੋਝ ਉਤਾਰ ਦਿੱਤਾ। ਜਦੋਂ ਪੁਲਿਸ ਕਰਮਚਾਰੀ ਮੇਰਾ ਬਿਆਨ ਲੈਣ ਆਏ ਤਾਂ ਮੈ ਬਿਆਨ ਦਿੱਤਾ ਕਿ ਮੈਂ ਪੌੜੀਆਂ ਤੋਂ ਅਚਾਨਕ ਤਿਲਕ ਕੇ ਡਿੱਗ ਪਈ ਸੀ ਤਾਂ ਕਰਕੇ ਮੇਰੇ ਸਿਰ ਵਿੱਚ ਸੱਟ ਵੱਜੀ ਹੈ। ਪੁਲਿਸ ਕਰਮਚਾਰੀ ਮੇਰਾ ਬਿਆਨ ਨੋਟ ਕਰਕੇ ਵਾਪਸ ਚਲੇ ਗਏ ਪਰ ਮੇਰਾ ਭਰਾ ਮੇਰੇ ਨਾਲ ਬਹੁਤ ਗੁੱਸੇ ਹੋਇਆ। ਉਸ ਨੇ ਹੁਣ ਤੱਕ ਮੇਰੇ ਇਲਾਜ ਤੇ ਹਜ਼ਾਰਾਂ ਰੁਪਏ ਲਾ ਦਿੱਤੇ ਸੀ ਜਿਹੜੇ ਪੈਸੇ ਮੇਰੇ ਭਰਾ ਨੇ ਮੇਰੇ ਇਲਾਜ ਤੇ ਖਰਚੇ ਸਨ ਹੁਣ ਉਹ ਪੈਸੇ ਮੇਰੇ ਕੋਲੋਂ ਮੰਗ ਰਿਹਾ ਸੀ। ਮੇਰੇ ਕੋਲ ਆਪਣੇ ਭਰਾ ਨੂੰ ਦੇਣ ਲਈ ਫੁੱਟੀ ਕੌਡੀ ਵੀ ਨਹੀਂ ਸੀ।

ਭਰਾ ਦਾ ਕਰਜ਼ਾ ਉਤਾਰਨ ਲਈ ਮੈਂ ਅਤੇ ਮੇਰੀ ਮਾਂ, ਅਸੀਂ ਇੱਕ ਫਾਇਨਾਂਸ ਕੰਪਨੀ ਤੋਂ ਕਰਜ਼ਾ ਲਿਆ ਜਿਸਦੀ ਉਨ੍ਹਾਂ ਨੇ ਮਹੀਨਾ ਵਾਰ ਕਿਸ਼ਤ ਬੰਨ ਦਿੱਤੀ ਸੀ। ਪਹਿਲੀ ਕਿਸ਼ਤ ਮੇਰੀ ਮਾਂ ਨੇ ਮੋੜ ਦਿੱਤੀ। ਉਸ ਤੋਂ ਅਗਲੀ ਕਿਸ਼ਤ ਉਤਾਰਨ ਲਈ ਮੇਰੇ ਕੋਲੇ ਕੁੱਝ ਪੈਸੇ ਜੁੜੇ ਸਨ। ਉਹ ਉਹਦੇ ਨਾਲ ਮੁੜ ਗਈ। ਤੀਜੀ ਕਿਸ਼ਤ ਮੈਂ ਆਪਣੇ ਸਹੁਰੇ ਤੋਂ ਪੈਸੇ ਲੈ ਕੇ ਮੋੜ ਦਿੱਤੀ। ਅਗਲੀ ਕਿਸ਼ਤ ਮੋੜਨ ਲਈ ਮੇਰੇ ਕੋਲ ਕੋਈ ਹੋਰ ਵਸੀਲਾ ਨਹੀਂ ਸੀ ਅਤੇ ਮਜਬੂਰੀ ਵਸ ਮੈਨੂੰ ਚੌਥੀ ਕਿਸ਼ਤ ਮੋੜਨ ਲਈ ਇਨ੍ਹਾਂ ਦੀ ਜੇਬ ਕੱਟਣ ਲਈ ਮਜਬੂਰ ਹੋਣਾ ਪਿਆ। ਇਨ੍ਹਾਂ ਦੇ ਕੱਪੜਿਆਂ ਵਿੱਚੋਂ ਚੋਰੀ ਹੋਏ ਪੈਸੇ, ਜਿਨ੍ਹਾਂ ਦਾ ਇਨ੍ਹਾਂ ਨੂੰ ਕੱਪੜਿਆਂ ਵਿੱਚ ਪਏ ਹੋਣ ਦਾ ਪੱਕਾ ਪਤਾ ਸੀ, ਬਾਰੇ ਇਹ ਸਸ਼ੋਪੰਜ ਵਿੱਚ ਰਹਿਣ ਲੱਗੇ ਪਰ ਘਰ ਵਿੱਚ ਦੁਬਾਰਾ ਕਲੇਸ਼ ਦੇ ਡਰੋਂ ਇਹ ਚੁੱਪ ਰਹਿਣ ਲੱਗ ਪਏ। ਭੇਦ ਲੁਕਾਉਣ ਲਈ ਮੈਂ ਇਨ੍ਹਾਂ ਨੂੰ ਕਿਹਾ, 'ਜਦ ਮੈਂ ਤੁਹਾਡੇ ਕੱਪੜੇ ਧੋਣ ਲਈ ਚੁੱਕੇ ਤਾਂ ਉਹ ਮੈਨੂੰ ਕਈ ਥਾਵਾਂ ਤੋਂ ਕੱਟੇ ਹੋਏ ਲੱਗੇ। ਮੈਨੂੰ ਪੂਰਾ ਯਕੀਨ ਹੈ ਕਿ ਕਿਸੇ ਭੂਤ ਚੁੜੇਲ ਨੇ ਤੁਹਾਡੇ ਕੱਪੜੇ ਕੱਟ ਦਿੱਤੇ ਹਨ।' ਮੈਨੂੰ ਆਪਣੇ ਅੰਦਰਲਾ ਡਰ ਸਤਾਉਣ ਲੱਗਾ। ਅੰਦਰਲੇ ਡਰ ਕਾਰਨ ਮੇਰੀ ਜ਼ਿੰਦਗੀ ਵਿੱਚ ਉਥਲ ਪੁਥਲ ਮੱਚ ਗਿਆ। ਮੈਨੂੰ ਧੁੱਪ, ਛਾਂ, ਗਰਮੀ, ਸਰਦੀ ਦਾ ਕੋਈ ਪਤਾ ਨਹੀਂ ਸੀ ਲੱਗਦਾ। ਫਿਰ ਫਿਰ ਮੈਨੂੰ ਦੌਰਿਆਂ ਦਾ ਪ੍ਰਚਲਣ ਸ਼ੁਰੂ ਹੋ ਗਿਆ। ਪ੍ਰੇਸ਼ਾਨੀ ਵਿੱਚ ਮੈਂ ਕਦੇ ਕਦੇ ਸਿਰ ਵੀ ਘੁਮਾਉਣ ਲੱਗ ਗਈ ਸੀ ਕਿਉਂਕਿ ਅਗਲੀ ਕਿਸ਼ਤ ਵੀ ਨੇੜੇ ਹੀ ਆ ਚੁੱਕੀ ਸੀ। ਫਾਇਨਾਂਸ ਵਾਲੇ ਵੀ ਮੈਨੂੰ ਕਿਸ਼ਤ ਮੋੜਨ ਲਈ ਤਿੰਨ ਚਾਰ ਵਾਰ ਫੋਨ ਕਰ ਚੁੱਕੇ ਸਨ। ਉਨ੍ਹਾਂ ਨੂੰ ਸ਼ਾਇਦ ਸ਼ੱਕ ਸੀ ਕਿ ਮੈਂ ਉਨ੍ਹਾਂ ਦੀ ਕਿਸ਼ਤ ਮੋੜਨ ਲਈ ਪੈਸੇ ਆਪਣੇ ਪਤੀ ਦੇ ਚੋਰੀ ਕੀਤੇ ਹਨ ਜਿਸ ਕਰਕੇ ਉਹ ਮੈਨੂੰ ਗਲਤ ਵਰਤਣਾ ਚਾਹੁੰਦੇ ਸਨ। ਉਨ੍ਹਾਂ ਮੈਨੂੰ ਇਕੱਲੀ ਨੂੰ ਫਾਇਨਾਂਸ ਕੰਪਨੀ ਦੇ ਦਫਤਰ ਵਿੱਚ ਆਉਣ ਲਈ ਕਈ ਵਾਰ ਫੋਨ ਕੀਤਾ। ਇਕ ਪਤੀ ਦੇ ਚੋਰੀ ਕੀਤੇ ਪੈਸੇ, ਦੂਜਾ ਫਾਇਨਾਂਸ ਕੰਪਨੀ ਵੱਲੋਂ ਵਾਰ-ਵਾਰ ਫੋਨ ਆਉਣਾ, ਮੇਰਾ ਦਿਮਾਗ ਇੰਨੇ ਬੋਝ ਨੂੰ ਝੱਲ ਨਾ ਸਕਿਆ ਅਤੇ ਮੈਂ ਡਿਪਰੈਸ਼ਨ ਦਾ ਸ਼ਿਕਾਰ ਹੋ ਗਈ। ਪ੍ਰੇਸ਼ਾਨੀ ਦੇ ਬੋਝ ਥੱਲੇ ਮੈਂ ਸਿਰ ਘੁਮਾਉਣਾ ਸ਼ੁਰੂ ਕਰ ਦਿਤਾ ਅਤੇ ਮੈਨੂੰ ਦੰਦਲਾਂ ਪੈਣ ਲੱਗ ਪਈਆਂ। ਇਸੇ ਦੌਰ ਵਿੱਚ ਮੈਂ ਥਾਂ-ਥਾਂ ਕਈ ਵਾਰ ਡਿੱਗਦੀ ਰਹੀ। ਮੇਰੀ ਹਾਲਤ ਵੇਖ ਕੇ ਮੈਨੂੰ ਫਿਰ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਜਿੱਥੇ ਕਿ ਡਾਕਟਰਾਂ ਨੇ ਕਈ ਹਜ਼ਾਰ ਰੁਪਏ ਇਲਾਜ ਲਈ ਲੈ ਲਏ। ਪਰ ਮੈਨੂੰ ਕੋਈ ਖਾਸ ਫਰਕ ਨਹੀਂ ਪਿਆ। ਫਿਰ ਵੀਰ ਜੀ ਸਾਡੇ ਕਿਸੇ ਦੋਸਤ ਨੇ ਤੁਹਾਡੇ ਬਾਰੇ ਜਾਣਕਾਰੀ ਦਿੱਤੀ। ਮੈਂ ਹੁਣ ਤੁਹਾਡੇ ਕੋਲ ਆਈ ਹਾਂ। ਮੇਰੇ ਕੋਲ ਤੁਹਾਨੂੰ ਹੋਰ ਦੱਸਣ ਲਈ ਕੁੱਝ ਵੀ ਬਾਕੀ ਨਹੀਂ ਰਿਹਾ। ਮੇਰੀ ਜ਼ਿੰਦਗੀ ਤੁਹਾਡੇ ਹੱਥ ਹੈ। ਮੇਰੇ ਦੁੱਖਾਂ ਦਾ ਵੀ ਤੁਹਾਡੇ ਕੋਲ ਹੱਲ ਹੈ। ਕ੍ਰਿਪਾ ਕਰਕੇ ਤੁਸੀਂ ਜੋ ਕੁੱਝ ਕਰ ਸਕਦੇ ਹੋ ਤਾਂ ਕਰੋ। ਪਰ ਮੇਰੇ ਘਰ ਦੁਬਾਰਾ ਕਲੇਸ਼ ਨਹੀਂ ਹੋਣਾ ਚਾਹੀਦਾ।'

ਬੇਸ਼ੱਕ ਗੱਲ ਤਾਂ ਸਾਫ ਹੋ ਗਈ ਸੀ ਪਰ ਮੇਰੇ ਲਈ ਇਹ ਹੁਣ ਮੁਸ਼ਕਿਲ ਕੰਮ ਸੀ ਕਿ ਭੈਣ ਦੇ ਕਹਿਣ ਮੁਤਾਬਿਕ ਤਾਂ ਉਸਦੇ ਪਤੀ ਨੂੰ ਕਿਸੇ ਗੱਲ ਦਾ ਪਤਾ ਨਹੀਂ ਲੱਗਣਾ ਚਾਹੀਦਾ ਸੀ। ਦੂਜੇ ਪਾਸੇ ਇਹ ਗੱਲ ਵੀ ਸਹੀ ਸੀ ਕਿ ਜਿੰਨੀ ਦੇਰ ਤੱਕ ਉਸ ਫਾਇਨਾਂਸ ਕੰਪਨੀ ਦੇ ਪੈਸੇ ਵਾਪਸ ਨਹੀਂ ਹੁੰਦੇ, ਉਨੀ ਦੇਰ ਤੱਕ ਪੀੜਿਤ ਔਰਤ ਦਾ ਠੀਕ ਹੋਣਾ ਮੁਸ਼ਕਿਲ ਸੀ। ਇਸ ਲਈ ਫਾਇਨਾਂਸ ਕੰਪਨੀ ਦੇ ਪੈਸਿਆਂ ਦਾ ਕੀ ਹੱਲ ਕੀਤਾ ਜਾਵੇ? ਇਸ ਲਈ ਮੈਂ ਉਸ ਭੈਣ ਨੂੰ ਵਿਸ਼ਵਾਸ਼ ਦਿਵਾਇਆ ਕਿ ਮੈਂ ਆਪੇ ਇਸ ਮਸਲੇ ਦਾ ਹੱਲ ਕਰਾਂਗਾ। ਇੰਨੇ ਕੁ ਸਮੇਂ ਦੌਰਾਨ ਉਹ ਨਾਰਮਲ ਹੋ ਗਈ ਸੀ।

ਮੈਂ ਉਸਨੂੰ ਕਿਹਾ ਕਿ, "ਮੈਂ ਤੁਹਾਡੇ ਪਤੀ ਨਾਲ ਆਪਣੇ ਢੰਗ ਨਾਲ ਗੱਲ ਕਰਾਂਗਾ ਪਰ ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾਂ ਹਾਂ ਕਿ ਤੁਹਾਡਾ ਪਤੀ ਤੁਹਾਡੇ ਨਾਲ ਪਿਆਰ ਨਾਲ ਪੇਸ਼ ਆਵੇਗਾ। ਆਪਾਂ ਉਸ ਤੋਂ ਲਿਖਤੀ ਵਾਅਦਾ ਲਵਾਂਗੇ। ਜੇਕਰ ਉਹ ਫਿਰ ਵੀ ਤੁਹਾਡੇ ਨਾਲ ਵਧੀਕੀ ਕਰੇਗਾ ਤਾਂ ਮੈਂ ਉਸ ਨੂੰ ਕਾਨੂੰਨ ਦਾ ਪਾਠ ਵੀ ਪੜ੍ਹਾਵਾਂਗਾ। ਮੇਰਾ ਫੋਨ ਨੰਬਰ ਨੋਟ ਕਰ ਲਵੋ। ਜੇਕਰ ਤੁਹਾਨੂੰ ਸਥਿਤੀ ਵਿਗੜਦੀ ਲੱਗੇ ਤਾਂ ਮੈਨੂੰ ਫੋਨ ਕਰ ਲੈਣਾ।" ਪੀੜਿਤ ਔਰਤ ਦਾ ਮੇਰੇ ਉੱਤੇ ਵਿਸ਼ਵਾਸ ਬੱਝ ਚੁੱਕਾ ਸੀ ਅਤੇ ਉਸ ਨੇ ਮੇਰੀ ਹਰ ਗੱਲ ਉੱਤੇ ਹਾਮੀ ਭਰਨੀ ਲਾਜ਼ਮੀ ਸਮਝੀ।

ਹੁਣ ਮੈਂ ਉਸਦੇ ਪਤੀ ਨੂੰ ਅੰਦਰ ਬੁਲਾਇਆ ਤੇ ਉਸ ਨੂੰ ਪੁੱਛਿਆ ਕਿ "ਵੀਰ ਜਦੋਂ ਤੁਹਾਡੀ ਲੜਾਈ ਹੋਈ ਸੀ, ਜਿਸ ਵਿੱਚ ਇਹਦੇ ਸੱਟਾਂ ਵੱਜੀਆਂ ਸੀ, ਉਸ ਸਮੇਂ ਜੋ ਖਰਚਾ ਆਇਆ

ਸੀ, ਉਹ ਕਿਸ ਨੇ ਦਿੱਤਾ?' ਉਸ ਨੇ ਕਿਹਾ ਕਿ ਉਹ ਪੈਸੇ ਇਹਦੇ ਪੇਕਿਆਂ ਨੇ ਦਿੱਤੇ ਸਨ। ਮੈਂ ਅਗਲਾ ਸਵਾਲ ਕੀਤਾ 'ਵੀਰ, ਇਹ ਤੇਰੀ ਪਤਨੀ ਹੈ। ਜੀਵਨ ਸਾਥਣ ਹੈ। ਤੇਰੇ ਬੱਚਿਆਂ ਦੀ ਮਾਂ ਹੈ। ਹੁਣ ਜਦੋਂ ਇਹ ਤੇਰੇ ਹੱਕ ਵਿੱਚ ਭੁਗਤ ਗਈ ਤਾਂ ਫਿਰ ਇਹਦੇ ਪੇਕੇ ਪੈਸੇ ਕਿਉਂ ਦੇਣਗੇ? ਉਹ ਗੁੱਸੇ ਨਾ ਹੋਣਗੇ?' ਉਹ ਕਹਿਣ ਲੱਗਾ, 'ਹਾਂ ਜੀ ਇਸ ਬਾਰੇ ਤਾਂ ਮੈ ਸੋਚਿਆ ਹੀ ਨਹੀਂ ਸੀ।' ਮੈਂ ਅਗਲਾ ਸਵਾਲ ਕੀਤਾ, 'ਵੀਰ ਜੀ, ਕੀ ਤੁਸੀਂ ਹਰ ਮਹੀਨੇ ਹਜ਼ਾਰਾਂ ਰੁਪਏ ਡਾਕਟਰ ਨੂੰ ਦੇਣੇ ਤੇ ਇਸ ਨੂੰ ਇਸ ਤੋਂ ਵੀ ਵੱਧ ਬਿਮਾਰ ਦੇਖਣਾ ਚਾਹੁੰਦੇ ਹੋ ਜਾਂ ਇਸਨੂੰ ਤੰਦਰੁਸਤ ਦੇਖਣਾ ਚਾਹੁੰਦੇ ਹੋ?' ਉਸ ਨੇ ਕਿਹਾ, 'ਮੈਂ ਹਜ਼ਾਰਾਂ ਰੁਪਏ ਡਾਕਟਰ ਨੂੰ ਕਿਉਂ ਦੇਵਾਂਗਾ। ਮੈਂ ਤਾਂ ਬਸ ਆਪਣੀ ਪਤਨੀ ਨੂੰ ਤੰਦਰੁਸਤ ਦੇਖਣਾ ਚਾਹੁੰਦਾ ਹਾਂ। ਇਹ ਮੇਰੀ ਜ਼ਿੰਦਗੀ ਹੈ। ਜੀਵਨ ਸਾਥਣ ਹੈ।' ਮੈਂ ਉਸ ਨੂੰ ਪਿਆਰ ਨਾਲ ਘਰ ਵਿੱਚ ਵਾਪਰੀ ਸਾਰੀ ਘਟਨਾ ਦੱਸੀ। ਉਹ ਸਾਰੀ ਗੱਲ ਸਮਝ ਗਿਆ ਅਤੇ ਘਟਨਾ ਦੌਰਾਨ ਚੜ੍ਹਿਆ ਕਰਜ਼ਾ ਉਤਾਰਨ ਲਈ ਸਹਿਮਤ ਹੋ ਗਿਆ। ਉਸ ਨੇ ਲਿਖਤੀ ਵਾਅਦਾ ਕੀਤਾ। ਇਹ ਵੇਖ ਕੇ ਉਸਦੀ ਪੀੜਤ ਪਤਨੀ ਦੇ ਚਿਹਰੇ ਤੇ ਖੁਸ਼ੀਆਂ ਪਰਤ ਆਈਆਂ ਮਹਿਸੂਸ ਹੁੰਦੀਆਂ ਸਨ। ਮੈਂ ਉਸ ਕੁੜੀ ਨੂੰ ਕਿਹਾ ਕਿ ਹੁਣ ਤੁਸੀਂ ਵੀ ਲਿਖਤੀ ਵਾਅਦਾ ਕਰੋ ਕਿ ਅੱਜ ਤੋਂ ਤੁਸੀਂ ਕਿਸੇ ਤਰ੍ਹਾਂ ਦਾ ਪਖੰਡ ਨਹੀਂ ਕਰੋਗੇ। ਕਿਸੇ ਤਰ੍ਹਾਂ ਦਾ ਸਿਰ ਨਹੀਂ ਘੁੰਮਾਉਂਗੇ ਅਤੇ ਨਾ ਹੀ ਪਰਿਵਾਰ ਨੂੰ ਕਿਸੇ ਮੁਸ਼ਕਿਲ ਵਿੱਚ ਪਾਵੋਗੇ।

ਇਸ ਤਰੀਕੇ ਨਾਲ ਇਹ ਕੇਸ ਹੱਲ ਹੋ ਗਿਆ ਤੇ ਉਹ ਭੈਣ ਮੇਰੇ ਕੋਲੋਂ ਹੱਸਦੀ ਹੱਸਦੀ ਬਾਹਰ ਜਾ ਰਹੀ ਸੀ। ਉਸ ਨੂੰ ਜਾਂਦੀ ਨੂੰ ਦੇਖ ਕੇ ਜਿਹੜੇ ਬੰਦੇ ਉਸ ਨੂੰ ਫੜ ਕੇ ਲਿਆਏ ਸੀ, ਉਹ ਮੇਰੇ ਕੋਲ ਅੰਦਰ ਆਏ ਤੇ ਮੈਨੂੰ ਕਹਿਣ ਲੱਗੇ, 'ਅਸੀਂ ਤੇ ਇਸ ਨੂੰ ਮਸਾਂ ਲੈ ਕੇ ਆਂਦਾ ਸੀ। ਤੁਸੀਂ ਇਹਦੇ 'ਤੇ ਕੀ ਜਾਦੂ ਕਰ ਦਿੱਤਾ? ਇਸ ਤਰ੍ਹਾਂ ਜਾ ਰਹੀ ਹੈ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ।' ਮੈਂ ਉਨ੍ਹਾਂ ਨੂੰ ਕਿਹਾ, 'ਵੀਰ ਜੀ, ਹੁਣ ਇਹ ਕਦੇ ਬਿਮਾਰ ਨਹੀਂ ਹੋਏਗੀ।'

ਇਸ ਘਟਨਾ ਨੂੰ ਲੱਗ ਭੱਗ ਚਾਰ ਸਾਲ ਹੋ ਚੁੱਕੇ ਹਨ। ਉਸ ਭੈਣ ਦਾ ਫੋਨ ਹੁਣ ਵੀ ਕਦੇ ਕਦੇ ਆਉਂਦਾ ਤੇ ਉਸ ਦੇ ਬੋਲ ਹਰ ਵਾਰ ਇਹੀ ਕੰਨੀ ਪੈਂਦੇ ਹਨ। 'ਵੀਰ ਜੀ, ਜੇਕਰ ਤੁਸੀਂ ਮੇਰੀ ਜ਼ਿੰਦਗੀ ਵਿੱਚ ਨਾ ਆਉਂਦੇ ਤਾਂ ਇਸ ਨਿਮਾਣੀ ਜਿਹੀ ਜ਼ਿੰਦਗੀ ਨੇ ਪਤਾ ਨਹੀਂਓ, ਕਦੋਂ ਦੀ ਸਿਵਿਆਂ ਦੀ ਰਾਖ ਬਣ ਜਾਣਾ ਸੀ।'

94171 03413

## ਵੱਖ-ਵੱਖ ਇਕਾਈਆਂ ਵੱਲੋਂ ਇਕੱਠਾ ਕੀਤਾ ਗਿਆ ਹੜ੍ਹ-ਪੀੜਤ ਸਹਾਇਤਾ ਫੰਡ

1. ਮੋਹਾਲੀ – 1,67,800 ਰੁਪਏ
2. ਬਠਿੰਡਾ – 1,00,400 ਰੁਪਏ
3. ਸ਼ਾਹਕੋਟ – 60,000 ਰੁਪਏ
4. ਰੋਪੜ – 54,100 ਰੁਪਏ
5. ਰਾਮਪੁਰਾ – 15,000 ਰੁਪਏ
6. ਬਰਗਾੜੀ – 10,000 ਰੁਪਏ
7. ਖਰੜ – 10,000 ਰੁਪਏ
8. ਸਰਹਿੰਦ – 7,000 ਰੁਪਏ
9. ਨਵਾਂ ਸ਼ਹਿਰ – 25,500 ਰੁਪਏ
10. ਬੰਗਾ – 11,700 ਰੁਪਏ
11. ਗੜ੍ਹਸ਼ੰਕਰ – 5500 ਰੁਪਏ
12. ਫਗਵਾੜਾ – 30,000 ਰੁਪਏ
13. ਤਲਵੰਡੀ ਸਾਬੋ – 3,000 ਰੁਪਏ
14. ਜਲੰਧਰ – 7000 ਰੁਪਏ
15. ਟਿੱਬਾ – 10,000 ਰੁਪਏ
16. ਅੰਮ੍ਰਿਤਸਰ – 8000 ਰੁਪਏ
17. ਭਦੌੜ – 95,000 ਰੁਪਏ
18. ਬਰਨਾਲਾ – 5500 ਰੁਪਏ
19. ਸੰਗਰੂਰ – 33,300 ਰੁਪਏ
20. ਦਿੜ੍ਹਬਾ – 15,000 ਰੁਪਏ
21. ਸੁਨਾਮ – 7000 ਰੁਪਏ
22. ਛਾਜਲੀ – 5000 ਰੁਪਏ
23. ਲੌਂਗੋਵਾਲ – 5000 ਰੁਪਏ
24. ਲੁਧਿਆਣਾ – 30,500 ਰੁਪਏ
25. ਸੁਧਾਰ – 10,200 ਰੁਪਏ
26. ਜਗਰਾਉਂ – 15,500 ਰੁਪਏ
27. ਮਲੇਰਕੋਟਲਾ – 53,500 ਰੁਪਏ
28. ਕੋਹਾੜਾ – 34,250 ਰੁਪਏ
29. ਮਾਨਸਾ – 41,900 ਰੁਪਏ
30. ਬੁਢਲਾਡਾ – 5000 ਰੁਪਏ
31. ਖੀਵਾ ਕਲਾਂ – 6000 ਰੁਪਏ
32. ਝੁਨੀਰ – 1500 ਰੁਪਏ

# ਸ਼ਰਧਾ ਦਾ ਸ਼ੁਦਾਅ

**ਅਮੀਨ ਮਲਿਕ**

[illegible] ਦਿਲਚਸਪ ਦ੍ਰਿਸ਼ ਪੇਸ਼ ਕਰਦੇ ਹਨ।

ਇੱਕ ਵੇਰਾਂ ਦਸਵੀਂ ਦਾ ਇਮਤਿਹਾਨ ਦੇ ਕੇ ਪਿਓ ਦਾ ਰੇਲਵੇ ਵਿੱਚੋਂ ਮੁਫਤ ਮਿਲਣ ਵਾਲਾ ਪਾਸ ਲੈ ਕੇ ਵੱਡੇ ਭਰਾ ਨਾਲ ਪਹਿਲੀ ਵਾਰੀ ਕਰਾਚੀ ਤੁਰਨ ਫਿਰਨ ਗਿਆ। ਪਿਉ ਕੋਲੋਂ ਕੋਈ ਖਰਚ ਪੱਠਾ ਮੰਗਿਆ ਤਾਂ ਬੜੇ ਤਰਲਿਆਂ ਨਾਲ ਸਿਰਫ ਪੰਜ ਰੁਪਏ ਲੱਭੇ। 1957 ਵਿੱਚ ਪੰਜ ਵੀ ਮੇਰੇ ਜਿਹੇ ਲਈ ਬੜੇ ਸਨ। ਅਗਲੇ ਦਿਨ ਕਰਾਚੀ ਤੋਂ ਵਾਪਸੀ ਗੱਡੀ ਚੜ੍ਹਨਾ ਸੀ ਤੇ ਸਮੁੰਦਰ ਕੰਢੇ ਕਲਿਫਟਨ ਦੇਖਣ ਚਲੇ ਗਏ। ਸੱਤਾਂ ਦਿਨਾਂ ਵਿੱਚ ਪੰਜ ਰੁਪਏ ਦਾ ਫੱਕਾ ਮਾਰ ਲਿਆ ਸੀ। ਪਰ ਸਮੁੰਦਰ ਕੰਢੇ ਸਿੱਪੀਆਂ ਘੋਗਿਆਂ ਦਾ ਇੱਕ ਹਾਰ ਵੇਖਿਆ ਤੇ ਛੱਬੋ ਯਾਦ ਆ ਗਈ। ਹੁਣ ਕੀ ਕਰਾਂ? ਪੱਲੇ ਪੈਸੇ ਜ਼ਹਿਰ ਖਾਣ ਨੂੰ ਵੀ ਨਹੀਂ ਸਨ, ਹਾਰ ਲਈ ਸਵਾ ਰੁਪਇਆ ਕਿੱਥੋਂ ਲਵਾਂ। ਭਰਾ ਕੋਲੋਂ ਚਵਾਨੀ ਵਿਆਜ 'ਤੇ ਦੋ ਰੁਪਏ ਫੜੇ ਤੇ ਉਧਾਰ ਨਾਲ ਖਰੀਦਿਆ ਹਾਰ ਪਿਆਰ ਨਾਲ ਬੋਝੇ ਪਾ ਲਿਆ।

ਜਦੋਂ ਸਮੁੰਦਰ ਕੰਢੇ ਦੀਆਂ ਸਾਰੀਆਂ ਰੌਣਕਾਂ ਚੱਖ ਲਈਆਂ ਤਾਂ ਉਸ ਦੇ ਨਾਲ ਹੀ ਸੰਗਮਰਮਰ ਦਾ ਇੱਕ ਛੱਤਿਆ ਹੋਇਆ ਵੱਡਾ ਸਾਰਾ ਕਿਸੇ ਫ਼ਕੀਰ ਦਾ ਮਜ਼ਾਰ ਵੀ ਸੀ, ਜਿਸ ਦੇ ਦਰਸ਼ਨ ਕਰਨ ਲਈ ਅਸੀਂ ਅੰਦਰ ਵੜ ਗਏ। ਅੰਦਰ ਵੜਦਿਆਂ ਹੀ ਮੇਰੇ ਤਾਂ ਡੇਲੇ ਬਾਹਰ ਆ ਗਏ। ਮੀਂਹ ਵਾਂਗ ਵਰ੍ਹਦਾ ਹੋਇਆ ਪੈਸਾ ਵੇਖ ਕੇ ਮੇਰੇ ਤਾਂ ਟਹੂ ਫੁੱਲ ਗਏ ਸੋਚਿਆ, ਇਸ ਮਜ਼ਾਰ ਦਾ ਪ੍ਰਬੰਧ ਕਰਨ ਵਾਲੇ ਸ਼ਖਸ ਦੇ ਘਰ ਪੈਸਿਆਂ ਦਾ ਛਾਂਛਾ ਪੈ ਰਿਹਾ ਪਰ ਮੇਰੀ ਬੰਜਰ ਧਰਤੀ ਉੱਤੇ ਗਰੀਬੀ ਦਾ ਏਨਾ ਸੋਕਾ ਕਿਉਂ? ਗੱਲ ਇੰਝ ਸੀ ਕਿ ਫ਼ਕੀਰ ਦੀ ਕਬਰ ਦੇ ਆਲੇ ਦਆਲੇ ਬੱਚਿਆਂ ਦੇ ਝੂਲੇ ਜਾਂ ਪਾਲਣੇ ਵਰਗੇ ਪੰਜ ਛੇ ਪੰਘੂੜੇ ਪਏ ਹੋਏ ਸਨ। ਜਿਹੜਾ ਵੀ ਆਉਂਦਾ ਉਹਨਾਂ ਵਿੱਚ ਪੈਸੇ ਸੁੱਟੀ ਜਾਂਦਾ। ਗੱਲ ਕੀ ਉਥੇ ਪੈਸਾ ਗਲ-ਗਲ ਆਇਆ ਪਿਆ ਸੀ। ਹਰ ਕੋਈ ਪੈਸੇ ਸੁੱਟ ਕੇ ਦੁਆ ਮੰਗਦਾ ਤੇ ਚਲਾ ਜਾਂਦਾ। ਪੈਸੇ ਵੇਖ ਕੇ ਮੈਂ ਵੀ ਰੱਬ ਕੋਲੋਂ ਕੁਝ ਮੰਗਿਆ ਅਤੇ ਮੈਂ ਤੇ ਮੇਰੇ ਭਰਾ ਨੇ ਕਬਰ ਦੁਆਲੇ ਤਿੰਨ ਚਾਰ ਫੇਰੇ ਲਾਏ। ਮੈਂ ਦਿਲ ਵਿੱਚ ਆਖਿਆ, ਰੱਬਾ ਇਹ ਦੌਲਤ ਜਾਂਦੀ ਕਿੱਥੇ ਹੈ? ਕਬਰ ਵਿੱਚ ਸੁੱਤਾ ਹੋਇਆ ਤਾਂ ਜਿਉਂਦਾ ਵੀ ਫ਼ਕੀਰ ਸੀ ਤੇ ਹੁਣ ਮਰਨ ਬਾਅਦ ਤਾਂ ਵੈਸੇ ਹੀ ਉਸ ਦੀਆਂ ਲੋੜਾਂ ਮੁੱਕ ਗਈਆਂ ਨੇ।

ਸੋਚ ਹੀ ਰਿਹਾ ਸਾਂ ਕਿ ਇਸ ਦੌਲਤ ਦਾ ਵਾਰਸ ਨਜ਼ਰੀ ਪੈ ਗਿਆ। ਇਸ ਖੁੱਲ੍ਹੇ ਜਿਹੇ ਮਜ਼ਾਰ ਉੱਤੇ ਕਬਰ ਤੋਂ ਥੋੜ੍ਹਾ ਜਿਹਾ ਹਟ ਕੇ, ਇੱਕ ਥੜੇ ਉੱਤੇ ਵਿਛਾਏ ਕਲੀਨ ਉਪਰ, ਘੱਟੋ ਘੱਟ ਢਾਈ ਮਣ ਦਾ ਇੱਕ ਬੰਦਾ ਵੱਡੀਆਂ-ਵੱਡੀਆਂ ਮੁੱਛਾਂ ਨੂੰ ਵੱਟ ਚਾੜ੍ਹੀ, ਆਲੇ ਦੁਆਲੇ ਰੱਖੇ ਰੇਸ਼ਮੀ ਸਿਰਹਾਣਿਆਂ ਨਾਲ ਢੋਅ ਲਾ ਕੇ ਬੈਠਾ ਹੋਇਆ ਸੀ। ਉਸ ਨੇ ਗਲ਼ ਬੜੀ ਹੀ ਮਹਿੰਗੀ ਜਿਹੀ ਵੈਲ ਦਾ ਚਿੱਟਾ ਦੁੱਧ ਕੁੜਤਾ, ਗਲ਼ ਵਿੱਚ ਪੰਜ ਤੋਲੇ ਦੀ ਸੋਨੇ ਦੀ ਸੰਗਲੀ, ਤੇੜ ਲਾਚਾ ਅਤੇ ਸਿਰ ਉੱਤੇ ਫੁੰਮਣਾਂ ਵਾਲੀ ਸ਼ੀਸ਼ੇ ਲੱਗੀ ਟੋਪੀ। ਜਿਸਮਾਨੀ ਸਿਹਤ ਦੀ ਦੌਲਤ ਦੱਸਦੀ ਸੀ ਕਿ ਮਾਇਆ ਦਾ ਕੋਈ ਘਾਟਾ ਨਹੀਂ। ਰੰਗ ਸੂਹਾ ਲਾਲ, ਗਰਦਨ ਗਾਡੀ ਸੰਢੇ ਜਿੱਡੀ ਮੋਟੀ ਅਤੇ ਢਿੱਡ ਦਾ ਖਿਲਾਰ ਦੂਰ ਤੱਕ ਸੀ। ਦੋ ਬੰਦੇ ਮੋਟੀਆਂ ਮੋਟੀਆਂ ਪਿੰਨੀਆਂ ਤੇ ਇੱਕ ਬੰਦਾ ਮੋਰ ਘੁੱਟ ਰਿਹਾ ਸੀ। ਇੱਕ ਬੰਦਾ ਇਵੇਂ ਹੀ ਕੰਨਾਂ ਦੇ ਪਟਾਕੇ ਕੱਢ ਰਿਹਾ ਸੀ। ਮੈਂ ਸੋਚਿਆ ਇਹ ਬੰਦਾ ਬੈਠੇ ਬੈਠੇ ਹੀ ਥੱਕ ਗਿਆ ਹੈ। ਪਰ ਇਸ ਗੱਲ ਦਾ ਮੈਨੂੰ ਕੋਈ ਸਾੜਾ ਨਹੀਂ ਸੀ। ਉਹ ਮੌਜ ਲੁੱਟੇ, ਮੈਨੂੰ ਕੀ? ਦੁੱਖ ਤੇ ਇਹ ਸੀ ਕਿ ਉਹਨਾਂ ਝੋਲਿਆਂ ਵਿੱਚੋਂ ਪਹਿਲੇ ਪੂਰ ਦੇ ਪੈਸਿਆਂ ਦਾ ਉਹਦੇ ਅੱਗੇ ਢੇਰ ਲੱਗਾ ਪਿਆ ਸੀ, ਦੋ ਬੰਦੇ ਦੁਆਨੀਆਂ, ਚਵਾਨੀਆਂ, ਅਠਿਆਨੀਆਂ ਤੇ ਰੁਪਏ ਵੱਖੋ-ਵੱਖ ਕਰਕੇ, ਥੈਲੀਆਂ ਵਿੱਚ ਪਾ ਕੇ, ਉਸਦੇ ਲਾਗੇ ਰੱਖ ਰਹੇ ਸਨ। ਮੈਂ ਆਪਣੇ ਭਰਾ ਨੂੰ ਦੱਸੇ ਬਗੈਰ, ਦੋ ਤਿੰਨ ਫੇਰੀਆਂ ਵਿੱਚ ਭਾਨ ਲੈਣ ਦੇ ਪੱਜ, ਝੋਲਿਆਂ ਵਿੱਚੋਂ ਪੰਜ ਸੱਤ ਮੁੱਠਾਂ ਭਰ ਕੇ ਬੋਝਾ ਭਰ ਲਿਆ ਤੇ ਮਜ਼ਾਰ ਨੂੰ ਸਲਾਮ ਕਰਕੇ ਬਾਹਰ ਆ ਗਏ। ਮੈਂ ਬਾਹਰ ਆ ਕੇ ਫਿਰ ਸਲਾਮ ਕੀਤੀ ਕਿਉਂਕਿ ਮੇਰੀ ਮੁਰਾਦ ਉਥੇ ਹੀ ਪੂਰੀ ਹੋ ਗਈ ਸੀ। ਥੋੜ੍ਹੀ ਦੂਰ ਜਾ ਕੇ ਮੈਂ ਕਿਹਾ, "ਲਓ ਭਰਾ ਜੀ, ਚਵਾਨੀ ਵਿਆਜ ਨਾਲ ਆਪਣੇ ਦੋ ਰੁਪਏ ਫੜੋ ਤੇ ਮੇਰੇ ਸਿਰੋਂ ਭਾਰ ਲੱਥੇ।"

ਉਹ ਹੈਰਾਨ ਹੋ ਗਿਆ ਤੇ ਆਖਣ ਲੱਗਾ "ਓਏ ਇਹ ਪੈਸੇ ਕਿੱਥੋਂ ਲਏ ਨੇ?" ਮੈਂ ਕਿਹਾ, "ਵੀਰ ਜੀ, ਦੌਲਤ ਦੇ ਵਰ੍ਹਦੇ

ਫਾਂਡੇ ਵਿੱਚੋਂ ਦੋ ਚਾਰ ਕਣੀਆਂ ਮੈਂ ਵੀ ਬੋਝੇ ਵਿੱਚ ਪਾ ਲਿਆਇਆ ਹਾਂ। ਤੂੰ ਤੇ ਦੋ ਰੁਪਏ ਵੀ ਚੁਆਨੀ ਵਿਆਜ ਲੈ ਕੇ ਦਿੱਤੇ ਸਨ ਪਰ ਉਸ ਦਾ ਦਿੱਤਾ ਦਾਨ ਵੇਖੋ ਕਿ ਬੋਝਾ ਭਰਿਆ ਪਿਆ ਹੈ। ਲੋਕਾਂ ਨੂੰ ਤੇ ਮਨ ਦੀ ਮੁਰਾਦ ਪਤਾ ਨਹੀਂ ਕਦੋਂ ਲੱਭਣੀ ਏ ਜਾਂ ਹੋ ਸਕਦਾ ਏ ਕੱਖ ਵੀ ਨਾ ਲੱਭੇ, ਪਰ ਮੈਨੂੰ ਮੌਲਾ ਨੇ ਉਸੇ ਵੇਲੇ ਮਾਲੋ-ਮਾਲ ਕਰ ਦਿੱਤਾ ਹੈ।" ਹਨੀਫ ਨੂੰ ਪਤਾ ਲੱਗ ਗਿਆ ਕਿ ਮੈਂ ਉਥੋਂ ਪੈਸੇ ਚੁੱਕ ਲਿਆਇਆ ਹਾਂ। ਹੁਣ ਸਾਡੀਆਂ ਆਪਾ ਵਿਰੋਧੀ ਸ਼ਰਧਾਂ ਜਾਂ ਅਕੀਦਤਾਂ ਇੱਕ ਦੂਜੇ ਨਾਲ ਭਿੜਨ ਲੱਗ ਪਈਆਂ। ਉਹ ਮੈਨੂੰ ਆਖਣ ਲੱਗਾ, "ਓਏ ਪਾਪੀਆ! ਤੂੰ ਵੇਖਿਆ ਨਹੀਂ ਕਿ ਉੱਥੇ ਪੈਸਿਆਂ ਦੀ ਰਾਖੀ ਕਰਨ ਵਾਲਾ ਕੋਈ ਵੀ ਨਹੀਂ ਸੀ, ਕਿਉਂਕਿ ਸੁਣਿਆ ਏ ਇਥੋਂ ਜਿਹੜਾ ਪੈਸੇ ਚੋਰੀ ਕਰੇਗਾ ਉਹ ਅੰਨਾ ਹੋ ਜਾਂਦਾ ਏ।" ਮੈਂ ਕਿਹਾ, "ਭਰਾ ਜੀ ਤੁਹਾਡੀ ਸ਼ਰਧਾ ਅੰਨ੍ਹੀ ਹੈ। ਮੇਰੀਆਂ ਅੱਖਾਂ ਵਾਲੀ ਸ਼ਰਧਾ ਆਖਦੀ ਹੈ ਕਿ ਬਗੈਰ ਸੋਚੇ ਸਮਝੇ ਉਥੇ ਪੈਸੇ ਸੁੱਟਣ ਵਾਲੇ ਅੰਨ੍ਹੇ ਜਾਂ ਮੁਨਾਖੇ ਨੇ ਤੇ ਅੱਖ ਬਚਾ ਕੇ ਚੁੱਕਣ ਵਾਲੇ ਹੀ ਸੁਜਾਖੇ ਨੇ। ਸਭ ਤੋਂ ਵੱਡਾ ਸੁਜਾਖਾ ਤਾਂ ਉਹ ਮੋਟੇ ਗਾਟੇ ਵਾਲਾ ਹੈ ਜਿਸ ਦੇ ਅੱਗੇ ਢੇਰ ਲੱਗਾ ਪਿਆ ਸੀ। ਹੁਣ ਤੂੰ ਮੇਰੇ ਵੱਲ ਹੀ ਵੇਖ ਲੈ, ਸੱਖਣੇ ਬੋਝੇ ਨਾਲ ਮੈਨੂੰ ਹਨੇਰ ਪਿਆ ਹੋਇਆ ਸੀ ਤੇ ਹੁਣ ਦੁਨੀਆ ਹੀ ਚਾਨਣ ਹੋਈ ਪਈ ਏ ਤੇ ਅੱਖਾਂ ਖੁੱਲ ਗਈਆਂ ਨੇ।"

ਉਹ ਆਖਣ ਲੱਗਾ, "ਇਹ ਪਾਪ ਹੈ।" ਮੈਂ ਆਖਿਆ, "ਜੇ ਅਕਲ ਦੀ ਵਰਤੋਂ ਕਰਨਾ ਪਾਪ ਹੈ ਤਾਂ ਅੰਨ੍ਹੇਵਾਹ ਕੁਝ ਕਰੀ ਜਾਣਾ ਕਿਥੋਂ ਦਾ ਪੁੰਨ ਹੈ? ਮੈਂ ਅੰਨ੍ਹਾ ਨਹੀਂ ਉਹ ਪੈਸੇ ਸੁੱਟਣ ਵਾਲੇ ਅੰਨ੍ਹੇ ਸਨ। ਮੈਂ ਤੇ ਸਿਰਫ ਸਾਢੇ ਅੱਠ ਰੁਪਏ ਹੀ ਲਿਆਂਦੇ ਨੇ ਤੇ ਅੱਖਾਂ ਵਿੱਚ ਨੂਰ ਆ ਗਿਆ ਹੈ। ਉਹ ਜਿਹੜਾ ਆਲੇ ਦੁਆਲੇ ਮੁਜਰੇ ਵਰਗੇ ਤਕੀਏ ਰੱਖ ਕੇ ਲੱਤਾਂ ਘੁਟਵਾ ਰਿਹਾ ਸੀ ਉਸ ਕੋਲੋਂ ਪੁੱਛ ਕੇ ਵੇਖ ਹਰ ਪਾਸੇ ਚਾਨਣ ਹੀ ਚਾਨਣ ਹੈ। ਉਹ ਰਾਤ ਨੂੰ ਜਦੋਂ 'ਰਾਇਲ ਸਲਿਊਟ' ਦੀ ਬੋਤਲ ਖੋਲ੍ਹ ਕੇ ਬੈਠੇਗਾ ਤਾਂ ਤੇਰੇ ਵਰਗੇ ਸ਼ੁਦਾਈਆਂ ਉੱਤੇ ਖਿੜ ਖਿੜ ਹੱਸੇਗਾ ਕਿਉਂਕਿ ਉਸਨੂੰ ਪਤਾ ਹੈ ਕਿ ਮੇਰੀ ਬੋਤਲ ਭਰੀ ਹੋਈ ਹੈ ਤੇ ਸ਼ੁਦਾਈਆਂ ਦੀ ਅਕਲ ਵਾਲੀ ਬੋਤਲ ਸੱਖਣੀ ਪਈ ਹੈ। ਅੰਨ੍ਹੇਵਾਹ ਪੈਸੇ ਸੁੱਟਣ ਵਾਲੇ ਇੰਝ ਹੀ ਹਨ, ਜਿਵੇਂ ਅੰਨੀ ਪੀਹੇ ਤੇ ਕੁੱਤੀ ਚੱਟੇ।" ਮੈਂ ਆਖਿਆ, "ਭਰਾਵਾ ਛੱਡ ਤੂੰ ਸਾਰੀਆਂ ਗੱਲਾਂ ਨੂੰ, ਆ ਤੈਨੂੰ ਨਾਨ ਕਬਾਬ ਦਾ ਨੁਕਲ ਕਰਾਵਾਂ।" ਉਤੋਂ ਮੈਂ ਇੱਕ ਦੁਆਨੀ ਫ਼ਕੀਰ ਨੂੰ ਵੀ ਦਾਨ ਕਰ ਦਿੱਤੀ।

ਹਨੀਫ ਦੀ ਸ਼ਰਧਾ ਇਨ੍ਹਾਂ ਪੈਸਿਆਂ ਦੇ ਨਾਲ ਕਬਾਬ ਖਾਣ ਅੱਗੇ ਵੀ ਲੱਤਾਂ ਅੜਾਉਂਦੀ ਸੀ, ਪਰ ਅਖੀਰ ਝੂਠੀ ਸ਼ਰਧਾ ਦੀਆਂ ਲੱਤਾਂ ਥਿੜਕ ਗਈਆਂ ਤੇ ਲੇਹੜ ਮਾਰ ਲਿਆ। ਪਰ ਉਸ ਦੀ ਸ਼ਰਧਾ ਵਿੱਚੋਂ ਇੱਕ ਹੋਰ ਢਕੌਂਸਲਾ ਨਿਕਲਿਆ ਤੇ ਆਖਣ ਲੱਗਾ, "ਓਏ ਤੂੰ ਦਸਵੀਂ ਦਾ ਇਮਤਿਹਾਨ ਦਿੱਤਾ ਹੋਇਆ ਹੈ ਫੇਲ੍ਹ ਹੋ ਜਾਏਂਗਾ।" ਮੈਂ ਕਿਹਾ, "ਵੀਰ ਜੀ ਤੁਸੀਂ ਵਹਿਮ ਨਾ ਕਰੋ। ਮੇਰੇ ਪਰਚੇ ਉਸ ਮੋਟੇ ਗਾਟੇ ਵਾਲੇ ਕੋਲ ਨਹੀਂ ਆਉਣੇ। ਉਹ ਸਿਰਫ ਪੈਸਿਆਂ ਦੀ ਹੀ ਮਾਰਕਿੰਗ ਕਰਦਾ ਤੇ ਅੰਨ੍ਹਿਆਂ ਦੀਆਂ ਅੱਖਾਂ ਵਿੱਚ ਧੂੜ ਪਾਉਂਦੇ।"

## ਮਾਰੇ ਜਾਣਗੇ

ਜੋ ਬੋਲਣਗੇ
ਉਹ ਤਾਂ ਮਾਰੇ ਹੀ ਜਾਣਗੇ
ਉਹ ਵੀ ਮਾਰੇ ਜਾਣਗੇ
ਜੋ ਚੁੱਪ ਰਹਿਣਗੇ

ਜੋ ਗਾਉਣਗੇ
ਵਡਿਆਈ ਦੇ ਗੀਤ
ਪੜ੍ਹਨਗੇ ਕਸੀਦੇ
ਚੱਟਣਗੇ ਤਲਵੇ
ਬਚਣਗੇ ਉਹ ਵੀ ਨਹੀਂ

ਅੱਗ ਦੀ ਦੁਕਾਨ ਖੋਲ੍ਹ ਕੇ
ਵਸੇ ਹੋਏ ਨੇ ਵਿੱਚ ਬਜ਼ਾਰ
ਇੱਕ ਹੋਵੇ
ਭਾਵੇਂ ਹੋਣ ਹਜ਼ਾਰ

ਉਹਨਾਂ ਦੀ ਹੋਲੀ ਵੀ ਸੜੇਗੀ
ਬੇਸਮਝ ਹੁੰਦੀ ਏ ਅੱਗ
ਕੁਝ ਮਰਨਗੇ ਸੜ ਕੇ
ਕੁਝ ਮਾਰ ਕੇ
ਸਾੜੇ ਜਾਣਗੇ

ਮਾਰਨ ਤੋਂ ਠੀਕ ਪਹਿਲਾਂ
ਕੁਝ ਲੋਕ ਹੋਣਗੇ ਜਿਉਂਦੇ
ਪਰ ਜੋ ਪਹਿਲਾਂ ਤੋਂ ਹੀ ਮਰੇ ਹੋਏ ਨੇ
ਉਹ ਵੀ ਮਾਰੇ ਜਾਣਗੇ

*ਮੂਲ ਲਿਖਤ - ਧ੍ਰੁਬਨਾਥ ਪਾਂਡੇ*
*ਪੰਜਾਬੀ ਤਰਜਮਾ - ਲਖਵੀਰ ਸਿੰਘ*

ਕਾਰਪੋਰੇਟ ਲੁੱਟ ਦਾ ਵਿਰੋਧ ਕਰਨ 'ਤੇ

# ਸੱਤਾ ਦੀਆਂ ਅੱਖਾਂ ਵਿਚ ਰੜਕਣ ਲੱਗਾ ਸੋਨਮ ਵਾਂਗਚੁੱਕ

ਕੁਲਦੀਪ ਸਿੰਘ ਦੀਪ (ਡਾ.)

ਇਟਲੀ ਦਾ ਮਹਾਨ ਦਾਰਸ਼ਨਿਕ ਉਂਬੇਰਟੋ ਈਕੋ (Umberto Eco) ਆਪਣੇ ਇਕ ਲੇਖ ਵਿੱਚ ਕਹਿੰਦਾ ਹੈ ਕਿ ਫ਼ਾਸ਼ੀਵਾਦ ਦੇ ਦੌਰਾਨ 'ਅਸਹਿਮਤੀ ਦਾ ਅਪਰਾਧੀਕਰਨ' ਕਰ ਦਿੱਤਾ ਜਾਂਦਾ ਹੈ। ਅਸਹਿਮਤੀ ਆਮ ਵਰਤਾਰਾ ਨਹੀਂ ਰਹਿੰਦੀ ਬਲਕਿ ਇਸ ਨੂੰ ਸੱਤਾ ਦੇ ਖਿਲਾਫ਼ ਬਗਾਵਤ ਦੇ ਤੌਰ 'ਤੇ ਮੰਨ ਲਿਆ ਜਾਂਦਾ ਹੈ। ਇਹ ਸਿੱਧੇ ਤੌਰ 'ਤੇ ਦਰਸ਼ਨ ਦੀ ਮੌਤ ਹੈ ਕਿਉਂਕਿ ਦਰਸ਼ਨ ਦਾ ਤਾਂ ਆਧਾਰ ਹੀ ਸਥਾਪਤੀ ਨਾਲ ਅਸਹਿਮਤੀ ਹੈ।

ਭਾਰਤ ਵਿਚ ਵੀ ਇੰਝ ਹੀ ਵਾਪਰ ਰਿਹਾ ਹੈ ਅਤੇ ਇਸ ਦੀ ਤਾਜ਼ਾ ਉਦਾਹਰਨ ਸੋਨਮ ਵਾਂਗਚੁੱਕ ਹੈ।

ਸੋਨਮ ਵਾਂਗਚੁੱਕ ਚਰਵਾਹਿਆਂ ਤੇ ਚਰਾਂਦਾਂ ਦੀ ਧਰਤੀ ਲੱਦਾਖ ਦਾ ਨਾਇਕ ਹੈ ਤੇ ਨਾਇਕ ਕਦੇ ਵੀ ਸੱਤਾ ਨੂੰ ਰਾਸ ਨਹੀਂ ਆਉਂਦੇ। ਸੱਤਾ ਨੂੰ ਜੀ ਹਜ਼ੂਰੀਏ ਚਾਹੀਦੇ ਹਨ ਜੋ ਭੇਡਾਂ ਵਾਂਗ ਸਿਰ ਸੁੱਟ ਕੇ ਉਸ ਦੇ ਮਗਰ ਮਗਰ ਚਲਣ...ਉਸ ਦੀ ਹਾਂ ਵਿਚ ਹਾਂ ਮਿਲਾਉਣ...ਪਰ ਕਦੇ ਵੀ ਕੁਸਕਣ ਨਾ...

ਲੱਦਾਖ ਬੋਧੀ ਚਰਵਾਹਿਆਂ ਦੀ ਧਰਤੀ ਹੈ। ਦੂਰ ਦੂਰ ਤਕ ਚਰਾਂਦਾਂ ਹਨ ਜਿੱਥੇ ਪਸ਼ਮੀਨਾ ਬਕਰੀਆਂ, ਯਾਕ ਤੇ ਭੇਡਾਂ ਚਰਦੀਆਂ ਨੇ। ਇਹ ਚਰਵਾਹੇ ਇਹਨਾਂ ਪਸ਼ੂਆਂ ਦੀ ਫ਼ਰ ਵੇਚਦੇ ਨੇ...ਇਹਨਾਂ ਦਾ ਦੁੱਧ ਪੀਂਦੇ ਨੇ....ਇਹਨਾਂ ਦੀ ਸਵਾਰੀ ਕਰਦੇ ਨੇ ਅਤੇ ਆਪਣੀ ਧਰਤੀ 'ਤੇ ਆਪਣੀ ਹੀ ਮਸਤੀ ਵਿਚ ਜਿਉਂਦੇ ਨੇ।

ਇਹ ਚਰਾਂਦਾਂ ਇਹਨਾਂ ਦੀਆਂ ਜੀਵਨ ਰੇਖਾਵਾਂ ਹਨ ਜਿੱਥੋਂ ਇਹਨਾਂ ਦਾ ਇਤਿਹਾਸ ਪੈਦਾ ਹੁੰਦਾ ਹੈ, ਸੱਭਿਆਚਾਰ ਵਿਕਸਿਤ ਹੁੰਦਾ ਹੈ..ਅਰਥਚਾਰਾ ਮਜ਼ਬੂਤ ਹੁੰਦਾ ਹੈ ਅਤੇ ਇਹਨਾਂ ਦੀ ਪਛਾਣ ਬਣਦੀ ਹੈ। ਪਰ ਜਦ ਤੋਂ ਜੰਮੂ ਕਸ਼ਮੀਰ ਨੂੰ ਤੋੜ ਕੇ ਲੱਦਾਖ ਨੂੰ ਕੇਂਦਰੀ ਸ਼ਾਸਿਤ ਪ੍ਰਦੇਸ਼ ਬਣਾਇਆ ਹੈ, ਉਦੋਂ ਤੋਂ ਸੱਤਾ ਨੇ ਸਾਜਿਸ਼ ਦੇ ਨਾਲ ਕਾਰਪੋਰੇਟ ਲਈ ਇਸ ਖਿੱਤੇ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਇੱਥੋਂ ਦੀ ਸਭ ਤੋਂ ਵੱਡੀ ਚਰਾਂਦ.. 'ਚਾਂਗਥਾਂਗ ਚਰਾਂਦ' ਵਿਚ 20 ਹਜ਼ਾਰ ਏਕੜ ਥਾਂ 'ਤੇ ਸੋਲਰ ਪ੍ਰਾਜੈਕਟ ਲਗਾ ਕੇ ਇਸ ਨੂੰ ਉਜਾੜਿਆ ਜਾ ਰਿਹਾ ਹੈ।

ਇਕ ਹੋਰ ਜ਼ਰੂਰੀ ਗੱਲ:

ਇਹਨਾਂ ਚਰਾਗਾਹਾਂ ਦੇ ਹੇਠਾਂ ਲੀਥੀਅਮ ਵਰਗੇ ਖਣਿਜ ਪਦਾਰਥ ਹੋਣ ਦਾ ਅੰਦਾਜ਼ਾ ਹੈ।

ਜਿਸ ਤਰ੍ਹਾਂ ਮੈਦਾਨੀ ਇਲਾਕਿਆਂ ਤੇ ਕਬਜ਼ਾ ਕਰਨ ਲਈ ਸੰਸਦ ਵਿਚ ਤਿੰਨ ਕਾਨੂੰਨ ਲਿਆਂਦੇ ਸਨ, ਬਿਲਕੁਲ ਉਸੇ ਤਰ੍ਹਾਂ 2023 ਵਿਚ ਸੰਸਦ ਵਿਚ ਕਾਨੂੰਨ (MMDR Amendment, 2023) ਪਾਸ ਕਰਕੇ ਲੀਥੀਅਮ, ਟਾਈਟੇਨੀਅਮ ਅਤੇ ਜ਼ਿਰਕੋਨੀਅਮ ਵਰਗੇ ਖਣਿਜਾਂ ਨੂੰ Atomic Minerals (ਪ੍ਰਮਾਣੂ ਖਣਿਜਾਂ) ਦੇ ਵਰਗ 'ਚੋਂ ਬਾਹਰ ਕੱਢ ਕੇ ਕਾਰਪੋਰੇਟ ਦੀ ਲੁੱਟ ਲਈ ਰਾਹ ਪੱਧਰਾ ਕਰ ਦਿੱਤਾ ਹੈ। ਭਵਿੱਖ ਵਿਚ ਕੀ ਹੋਣ ਦੀਆਂ ਸੰਭਾਵਨਾਵਾਂ ਹਨ :

- ਚਰਾਂਦਾਂ ਸੁੰਗੜ ਜਾਣਗੀਆਂ...
- ਪਸ਼ਮੀਨਾ ਬੱਕਰੀਆਂ ਭੁੱਖੀਆਂ ਮਰਨਗੀਆਂ....
- ਚਰਵਾਹਿਆਂ ਦੀ ਰੋਜ਼ੀ-ਰੋਟੀ ਦੇ ਵਸੀਲੇ ਕਾਰਪੋਰੇਟ ਦੇ ਢਿੱਡ ਵਿਚ ਪੈ ਜਾਣਗੇ...
- ਲੀਥੀਅਮ ਵਰਗੇ ਤੱਤਾਂ ਦੇ ਵਪਾਰ ਲਈ ਖੁਦਾਈ ਹੋਏਗੀ....
- ਚਰਾਂਦਾਂ ਉੱਜੜ ਜਾਣਗੀਆਂ ਅਤੇ ਲੱਦਾਖ ਦਾ ਸਾਰਾ ਈਕੋ ਸਿਸਟਮ ਤਬਾਹ ਹੋ ਜਾਏਗਾ...
- ਗਲੇਸ਼ੀਅਰ ਤੇ ਝੀਲਾਂ ਤਬਾਹ ਹੋਣ ਵਾਲੇ ਪਾਸੇ ਤੁਰ ਪੈਣਗੀਆਂ....
- ਜੈਵਿਕ ਵੰਨ-ਸੁਵੰਨਤਾ ਬਰਬਾਦ ਹੋ ਜਾਏਗੀ...
- ਭਵਿੱਖ ਵਿਚ ਵੱਡੇ ਸੱਭਿਆਚਾਰਕ ਤੇ ਵਾਤਾਵਰਨਿਕ ਸੰਕਟ ਪੈਦਾ ਹੋਣਗੇ...
- ਚਰਵਾਹਿਆਂ ਦੀ ਸਦੀਆਂ ਦੀ ਪਛਾਣ ਨੂੰ ਖੋਰਾ ਲੱਗੇਗਾ...

ਇਹ ਖਦਸ਼ੇ ਹਨ ਜਿਨ੍ਹਾਂ 'ਚੋਂ ਸੋਨਮ ਵਾਂਗਚੁੱਕ ਦਾ ਇਹ ਅੰਦੋਲਨ ਜਨਮਿਆਂ ਤੇ ਪ੍ਰਵਾਨ ਚੜ੍ਹਿਆ। ਕਦੇ ਲੱਦਾਖ ਨੂੰ ਇਹ ਇਤਰਾਜ਼ ਸੀ ਕਿ ਜੰਮੂ ਕਸ਼ਮੀਰ ਵਿਚ ਰਹਿਣ ਕਰਕੇ ਉਹਨਾਂ ਦੇ ਖਿੱਤੇ ਦਾ ਵਿਕਾਸ ਨਾ ਹੋ ਸਕਿਆ। ਜਦ ਲੱਦਾਖ ਨੂੰ ਵੱਖਰਾ ਕੀਤਾ ਗਿਆ ਤਾਂ ਇਕ ਵਾਰ ਤਾਂ ਉਹਨਾਂ ਨੂੰ ਲੱਗਿਆ ਕਿ ਹੁਣ ਕੁਝ 'ਚੰਗਾ' ਵਾਪਰੇਗਾ ਅਤੇ ਇਸ ਖਿੱਤੇ ਦਾ ਵਿਕਾਸ ਹੋਏਗਾ।

ਹੋਣਾ ਤਾਂ ਇਹ ਚਾਹੀਦਾ ਸੀ ਕਿ ਇਸ ਧਰਤੀ ਦੀ ਖਸਲਤ ਨੂੰ ਧਿਆਨ ਵਿਚ ਰਖਦੇ ਹੋਏ ਇੱਥੋਂ ਦਾ ਵਿਕਾਸ ਹੁੰਦਾ...ਵਿਦਿਅਕ ਸੰਸਥਾਵਾਂ ਖੁਲ੍ਹਦੀਆਂ ਅਤੇ ਲੋਕਾਂ ਦੀ ਆਰਥਿਕਤਾ ਨੂੰ ਕਿਸੇ ਨਾ ਕਿਸੇ ਰੂਪ ਵਿਚ ਹੁਲਾਰਾ ਮਿਲਦਾ..ਪਰ ਹੋਇਆ ਸਭ ਕੁਝ ਉਲਟ। ਸਰਕਾਰ ਨੇ ਕੁਦਰਤੀ

ਦੌਲਤ ਨਾਲ ਮਾਲਾਮਾਲ ਇਹ ਇਲਾਕਾ ਕਾਰਪੋਰੇਟੀ ਜਮਦੂਤਾਂ ਨੂੰ ਪਲੇਟ ਵਿਚ ਰਖ ਕੇ ਦੇਣ ਦੇ ਮਨਸੂਬੇ ਘੜ ਲਏ।

ਸੋਨਮ ਵਾਂਗਚੁੱਕ, ਜਿਸ ਨੇ ਕਦੇ ਭਾਰਤੀ ਫੌਜ ਲਈ ਵਿਸ਼ੇਸ਼ ਤੰਬੂ ਤਿਆਰ ਕਰ ਕੇ ਦਿੱਤੇ...ਆਪਣੇ ਲੋਕਾਂ ਦੀ ਪਿਆਸ ਦਾ ਹੱਲ ਕਰਨ ਲਈ ਬਰਫ਼ ਦੇ ਸਤੂਪ (ਟਿੱਲੇ) ਉਸਾਰੇ... ਵਿਦਿਅਕ ਸੰਸਥਾਵਾਂ ਰਾਹੀਂ ਆਪਣੇ ਲੋਕਾਂ ਨੂੰ ਇਲਮ ਦੇ ਰਾਹ ਤੋਰਨ ਦਾ ਯਤਨ ਕੀਤਾ ਅਤੇ ਜਦ ਉਸ ਨੂੰ ਆਪਣੀ ਧਰਤੀ ਉੱਤੇ ਡਾਕੇ ਵੱਜਣ ਦੀਆਂ ਕਨਸੋਆਂ ਆਈਆਂ ਤਾਂ ਉਹ ਸੰਘਰਸ਼ ਦੇ ਮੈਦਾਨ ਵਿਚ ਕੁੱਦ ਪਿਆ।

ਕੱਲ੍ਹ ਤਕ ਸੱਤਾ ਜਿਹੜੀਆਂ ਉਸ ਨਾਲ ਫੋਟੋਆਂ ਖਿਚਵਾਉਂਦੀ ਸੀ...ਉਸ ਨੂੰ ਐਵਾਰਡ ਦਿੰਦੀ ਸੀ...ਉਸ ਦੇ ਨਾਂ 'ਤੇ ਟਵੀਟ ਕਰਦੀ ਸੀ...ਰਾਤੋ ਰਾਤ ਉਸ ਦੀ ਦੁਸ਼ਮਣ ਬਣ ਗਈ ਤੇ ਉਸ ਉੱਪਰ ਦੇਸ਼ ਧਰੋਹ ਦਾ ਪਰਚਾ ਦਰਜ ਕੇ ਜੋਧਪੁਰ ਜੇਲ੍ਹ ਵਿਚ ਬੰਦ ਕਰ ਦਿੱਤਾ...

ਇਹੀ ਭਗਵਾਂ ਫਾਸ਼ੀਵਾਦ ਹੈ। ਜਿਹੜਾ ਵੀ ਸੱਤਾ ਤੋਂ ਆਪਣਾ ਹੱਕ ਮੰਗਦਾ ਹੈ, ਉਸ ਉੱਪਰ ਦੇਸ਼-ਧ੍ਰੋਹ ਦਾ ਪਰਚਾ ਦਰਜ਼ ਕਰੋ...ਜੇਲ੍ਹ ਵਿਚ ਸੁੱਟੋ ਤੇ ਆਵਾਜ਼ ਬੰਦ ਕਰ ਦਿਓ...

ਉਥੋਂ ਦੇ ਸਥਾਨਕ ਗਾਇਕ ਚੁੰਨੀ ਦੇਰਜੀ ਨੇ ਆਪਣੇ ਯਾਕ/ਪਸ਼ਮੀਨਾ ਬੱਕਰੀ ਨੂੰ ਪ੍ਰਤੀਕ ਬਣਾ ਕੇ ਆਪਣੇ ਲੋਕਾਂ ਦੀ ਬੇਬਸੀ ਅਤੇ ਦਮਨ ਦਾ ਗੀਤ ਗਾਇਆ ਹੈ:

ਪਹਾੜਾਂ ਦੀ ਘਾਹ ਚਰਦਾ ਸੀ
ਪੀ ਝੀਲਾਂ ਦਾ ਪਾਣੀ ਮੈਂ ਢਿੱਡ ਭਰਦਾ ਸੀ
ਚਰਾਂਦਾਂ ਦੇ ਵਿਚ ਨੱਚਦਾ ਸੀ
ਪਸ਼ਮੀਨੇ ਨਾਲ ਜਚਦਾ ਸੀ...

ਇਕ ਇਕ ਕਰਕੇ ਸਾਰੇ ਝੁੰਡ ਨੂੰ ਮਾਰ ਦਿਤਾ
ਆਪਣੇ ਲਾਲਚ ਮੈਨੂੰ ਫਾਹੇ ਚਾੜ੍ਹ ਦਿੱਤਾ
ਚਰਾਂਦਾਂ ਨੂੰ ਹੀ ਕਤਲਗਾਹਾਂ ਵਿਚ ਬਦਲ ਦਿੱਤਾ
ਚੁੱਕ ਤਲਵਾਰਾਂ ਆਕੇ ਮੈਨੂੰ ਕਤਲ ਕੀਤਾ....

ਇਸ ਸਾਰੇ ਪ੍ਰਸੰਗ ਵਿੱਚੋਂ ਲੱਦਾਖੀ ਲੋਕ ਸੜਕਾਂ 'ਤੇ ਆਏ ਅਤੇ ਮੰਗ ਕੀਤੀ ਕਿ :

• ਸਾਨੂੰ ਲੰਗੜੀ ਸੱਤਾ ਮੰਨਜ਼ੂਰ ਨਹੀਂ ਹੈ। ਸਾਨੂੰ ਯੂ.ਟੀ. ਤੋਂ ਮੁਕੰਮਲ ਰਾਜ ਦਾ ਦਰਜਾ ਦਿਓ...
• ਸਾਡੀ ਧਰਤੀ ਨੂੰ ਅਸਾਮ, ਮੇਘਾਲਿਆ, ਤ੍ਰਿਪੁਰਾ ਅਤੇ ਮਿਜ਼ੋਰਮ ਵਰਗੇ ਰਾਜਾਂ ਦੀ ਤਰ੍ਹਾਂ ਸੰਵਿਧਾਨ ਦੀ ਛੇਵੀਂ ਅਨੁਸੂਚੀ ਵਿਚ ਸ਼ਾਮਿਲ ਕਰੋ ਤਾਂ ਜੋ ਅਸੀਂ ਵਿਸ਼ੇਸ਼ ਅਧਿਕਾਰਾਂ ਨਾਲ ਆਪਣੀ ਪਛਾਣ ਨੂੰ ਵੀ ਕਾਇਮ ਰੱਖ ਸਕੀਏ ਤੇ ਅਸਤਿੱਤਵ ਨੂੰ ਵੀ ਬਣਾ ਸਕੀਏ...
• ਉਸ ਦੀ ਲੜਾਈ ਸਿਰਫ਼ ਲੱਦਾਖ ਤੱਕ ਸੀਮਿਤ ਨਹੀਂ ਹੈ ਸਗੋਂ ਪੂਰੇ ਹਿਮਾਲਿਆਈ ਖੇਤਰ ਦੇ ਵਾਤਾਵਰਣ, ਸੱਭਿਆਚਾਰ ਅਤੇ ਲੋਕਾਂ ਦੇ ਹੱਕਾਂ ਲਈ ਹੈ।

ਪਰ ਸੱਤਾ ਨੂੰ ਇਹ ਮਨਜ਼ੂਰ ਕਿੱਥੇ..

ਰਬਿੰਦਰ ਮਸਰੂਰ ਦਾ ਸ਼ਿਅਰ ਚੇਤੇ ਆ ਰਿਹਾ ਹੈ :

ਕਦੀ ਹੱਕ ਦਾ ਪੰਛੀ ਜੇ ਪਰ ਤੋਲਦਾ ਹੈ
ਤਾਂ ਗਿਰਝਾਂ ਦਾ ਆਸਮਾਨ ਕਿਉਂ ਡੋਲਦਾ ਹੈ...

ਆਓ ਗਿਰਝਾਂ ਦਾ ਵਿਰੋਧ ਕਰੀਏ, ਕਿਉਂਕਿ ਸੋਨਮ ਵਾਂਗਚੁੱਕ ਸਾਡੀ ਉਸੇ ਲੜਾਈ ਦਾ ਹਿੱਸਾ ਹੈ ਜੋ ਅਸੀਂ ਪੂਰਾ ਇਕ ਸਾਲ ਕਿਸਾਨੀ ਨੂੰ ਬਚਾਉਣ ਲਈ ਦਿੱਲੀ ਦੇ ਬਾਰਡਰਾਂ ਤੇ ਲੜੀ... ਉਸ ਵਕਤ ਪੂਰਾ ਮੁਲਕ ਸਾਡੇ ਨਾਲ ਆ ਗਿਆ ਸੀ। ਆਓ ਆਪਾਂ ਵੀ ਸੋਨਮ ਵਾਂਗਚੁੱਕ ਦੇ ਹੱਕ ਵਿਚ ਹਾਅ ਦਾ ਨਾਹਰਾ ਮਾਰੀਏ।

ਲੱਦਾਖ ਦੇ ਲੋਕ ਉਸ ਦੇ ਸੰਘਰਸ਼ ਨੂੰ ਅੱਗੇ ਤੋਰ ਰਹੇ ਹਨ....

ਆਓ...ਉਸ ਦੇ ਸੰਘਰਸ਼ ਦਾ ਸਾਥ ਦਈਏ...

98768 20600

A quote by Noam Chomsky, "If the truth threatens power, it will be buried under noise,"

ਅਮਰੀਕਾ ਦੇ ਪ੍ਰਸਿੱਧ ਲੋਕ-ਪੱਖੀ ਚਿੰਤਕ ਨੋਮ ਚੌਮਸਕੀ ਦਾ ਕਥਨ ਹੈ, 'ਜੇ ਸੱਚ ਤੋਂ ਸੱਤਾ ਨੂੰ ਖਤਰਾ ਪੈਦਾ ਹੁੰਦਾ ਹੈ ਤਾਂ ਇਸ ਨੂੰ ਸ਼ੋਰ ਹੇਠ ਦਬਾ ਦਿੱਤਾ ਜਾਵੇਗਾ।' ਇਸਦਾ ਅਰਥ ਨਿਕਲਦਾ ਹੈ ਕਿ ਸੱਤਾ ਵਿੱਚ ਬੈਠੇ ਲੋਕਾਂ ਨੂੰ ਜਦ ਉਨ੍ਹਾਂ ਲਈ ਨੁਕਸਾਨਦਾਇਕ ਜਾਂ ਤੰਗ ਕਰਨ ਵਾਲੀਆਂ ਸਚਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਇਨ੍ਹਾਂ ਸਚਾਈਆਂ ਨੂੰ ਗਲਤ ਬਿਆਨੀਆਂ ਅਤੇ ਧਿਆਨ-ਭਟਕਾਊ ਜਾਂ ਬੇਮਤਲਬ ਦੀਆਂ ਬਹਿਸਾਂ ਦੇ ਰੌਲੇ ਹੇਠ ਦਬਾਉਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਦਾ ਨਿਸ਼ਾਨਾ ਜਨਤਾ ਨੂੰ ਐਨੇ 'ਸ਼ੋਰ' ਨਾਲ ਬੌਂਦਲਾਅ ਦੇਣਾ ਹੁੰਦਾ ਹੈ ਜਿਸ ਨਾਲ ਅਸਲ ਸੱਚ ਲੁਕ ਜਾਵੇ, ਪਛਾਣਨਾ ਮੁਸ਼ਕਿਲ ਹੋ ਜਾਵੇ ਜਾਂ ਅਣਗੌਲਿਆ ਹੋ ਜਾਵੇ। ਇਹ ਸੱਚ ਨੂੰ ਆਪਣਾ ਪ੍ਰਭਾਵ ਬਨਾਉਣ ਅਤੇ ਸਥਾਪਤ ਸੱਤਾ ਨੂੰ ਵੰਗਾਰਣ ਤੋਂ ਰੋਕ ਦਿੰਦਾ ਹੈ।

ਪ੍ਰੇਰਕ ਪ੍ਰਸੰਗ

# ਹੱਡੀਆਂ ਟੁੱਟੀਆਂ, ਹੌਸਲਾ ਨਹੀਂ

- ਜਸਪਾਲ ਨਿੱਪਾ

ਪੰਦਰਾਂ ਸਾਲ ਦੀ ਐਲਿਜ਼ਾਬੈੱਥ ਨੂੰ ਹਰ ਰੋਜ਼ ਸਕੂਲ ਤੋਂ ਘਰ ਜਾਣ ਲਈ ਟ੍ਰੇਨ ਫੜਨੀ ਪੈਂਦੀ ਸੀ। ਸਹੇਲੀਆਂ ਦੇ ਨਾਲ ਸਮਾਂ ਬਿਤਾਉਣ ਕਾਰਨ ਉਹ ਅਕਸਰ ਦੇਰ ਕਰ ਜਾਇਆ ਕਰਦੀ। ਟ੍ਰੇਨ ਸਟੇਸ਼ਨ 'ਤੇ ਬਹੁਤ ਥੋੜ੍ਹੇ ਸਮੇਂ ਲਈ ਹੀ ਰੁਕਦੀ ਸੀ। ਉਸਨੂੰ ਫੜਨ ਲਈ ਬਿਜਲੀ ਦੀ ਗਤੀ ਨਾਲ ਦੌੜਦੀ ਆਉਂਦੀ ਐਲਿਜ਼ਾਬੈੱਥ ਨੂੰ ਦੇਖਣਾ, ਉਸਦੇ ਬਾਇਓਲੌਜੀ ਅਧਿਆਪਕ ਚਾਰਲਸ ਪ੍ਰਾਈਸ ਨੂੰ ਖਿੱਚਦਾ ਸੀ, ਜੋ ਖ਼ੁਦ ਵੀ ਹਰ ਰੋਜ਼ ਉਸੇ ਟ੍ਰੇਨ 'ਤੇ ਯਾਤਰਾ ਕਰਦਾ ਸੀ। ਪ੍ਰਾਈਸ ਇੱਕ ਜ਼ਮਾਨੇ ਵਿੱਚ ਐਥਲੀਟ ਰਹਿ ਚੁੱਕਾ ਸੀ। ਇੱਕ ਦਿਨ ਉਸਨੇ ਆਪਣੀ ਸਟਾਪ-ਵਾਚ ਨਾਲ ਐਲਿਜ਼ਾਬੈੱਥ ਦੀ ਦੌੜਨ ਦੀ ਰਫ਼ਤਾਰ ਨਾਪੀ ਤਾਂ ਉਹ ਹੈਰਾਨ ਰਹਿ ਗਿਆ।

ਉਸਦੀ ਪ੍ਰੇਰਣਾ ਨਾਲ ਐਲਿਜ਼ਾਬੈੱਥ ਨੇ ਬਾਕਾਇਦਾ ਦੌੜਨਾ ਸ਼ੁਰੂ ਕੀਤਾ ਤੇ ਉਸਦੀ ਕਾਬਲੀਅਤ ਦਾ ਐਸਾ ਡੰਕਾ ਵੱਜਿਆ ਕਿ ਕੁਝ ਮਹੀਨਿਆਂ ਵਿੱਚ ਹੀ ਉਹ ਇੱਕ ਇਨਡੋਰ ਮੁਕਾਬਲੇ ਵਿੱਚ 100 ਮੀਟਰ ਰੇਸ ਦੀ ਅਮਰੀਕੀ ਚੈਂਪੀਅਨ ਹੈਲਨ ਫਿਲਕੀ ਨਾਲ ਦੌੜ ਰਹੀ ਸੀ। ਇਸ ਵਾਰ ਉਹ ਦੂਜੇ ਨੰਬਰ 'ਤੇ ਰਹੀ, ਪਰ ਤਿੰਨ ਮਹੀਨੇ ਬਾਅਦ ਉਸਨੇ ਨਾ ਸਿਰਫ ਫਿਲਕੀ ਨੂੰ ਹਰਾਇਆ, ਬਲਕਿ ਨਵਾਂ ਵਿਸ਼ਵ ਰਿਕਾਰਡ ਵੀ ਬਣਾਇਆ।

ਉਸਦਾ ਤੀਜਾ ਵੱਡਾ ਮੁਕਾਬਲਾ ਉਸੇ ਸਾਲ ਐਮਸਟਰਡਮ ਓਲੰਪਿਕ ਦੇ ਰੂਪ ਵਿੱਚ ਸੀ, ਜਿੱਥੇ ਉਹ 100 ਮੀਟਰ ਦੀ ਰੇਸ ਦੇ ਫਾਈਨਲ ਲਈ ਕਵਾਲੀਫਾਈ ਕਰਨ ਵਾਲੀ ਇਕੱਲੀ ਅਮਰੀਕੀ ਬਣੀ। ਧਿਆਨਯੋਗ ਹੈ ਕਿ ਉਸ ਸਾਲ ਪਹਿਲੀ ਵਾਰ ਮਹਿਲਾਵਾਂ ਨੂੰ ਓਲੰਪਿਕ ਦੇ ਐਥਲੈਟਿਕਸ ਵਿੱਚ ਭਾਗ ਲੈਣ ਦੀ ਆਗਿਆ ਮਿਲੀ ਸੀ। ਐਲਿਜ਼ਾਬੈੱਥ ਨੇ ਰੇਸ ਜਿੱਤੀ ਅਤੇ ਕੁੱਲ ਸੋਲਾਂ ਸਾਲ ਦੀ ਉਮਰ ਵਿੱਚ ਪਹਿਲੀ 100 ਮੀਟਰ ਓਲੰਪਿਕ ਚੈਂਪੀਅਨ ਬਣੀ। ਸਭ ਤੋਂ ਘੱਟ ਉਮਰ ਵਿੱਚ ਇਹ ਕਾਰਨਾਮਾ ਕਰਨ ਦਾ ਉਸਦਾ ਰਿਕਾਰਡ ਅੱਜ ਤੱਕ ਕੋਈ ਨਹੀਂ ਤੋੜ ਸਕਿਆ।

ਅਮਰੀਕਾ ਵਾਪਸੀ 'ਤੇ ਉਸਦਾ ਇਤਿਹਾਸਕ ਸਵਾਗਤ ਹੋਇਆ ਅਤੇ ਸੁਨਹਿਰੇ ਬਾਬ-ਕੱਟ ਵਾਲਾਂ ਵਾਲੀ, ਪਤਲੀ ਜਿਹੀ ਐਲਿਜ਼ਾਬੈੱਥ ਰਾਬਿਨਸਨ ਅਮਰੀਕਾ ਦੀ ਚਹੇਤੀ ਐਥਲੀਟ ਬਣ ਗਈ। ਇਹ 1928 ਦਾ ਸਾਲ ਸੀ। ਉਸਨੇ ਅਗਲੇ ਓਲੰਪਿਕ ਲਈ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ ਉਹ ਜਦ ਵੀ ਦੌੜਦੀ, ਕੋਈ ਨਵਾਂ ਰਿਕਾਰਡ ਬਣਾ ਦਿੰਦੀ।

1931 ਦੇ ਜੂਨ ਮਹੀਨੇ ਵਿੱਚ ਉਹ ਆਪਣੇ ਰਿਸ਼ਤੇਦਾਰ ਭਰਾ ਵਿੱਲ ਦੇ ਛੋਟੇ ਜਿਹੇ ਪ੍ਰਾਈਵੇਟ ਜਹਾਜ਼ ਵਿੱਚ ਉਡਾਣ ਭਰ ਰਹੀ ਸੀ, ਜਦੋਂ 600 ਮੀਟਰ ਦੀ ਉੱਚਾਈ 'ਤੇ ਜਹਾਜ਼ ਕਰੈਸ਼ ਹੋ ਗਿਆ। ਜਹਾਜ਼ ਸਿੱਧਾ ਨੱਕ ਦੇ ਬਲ ਹੇਠਾਂ ਡਿੱਗਿਆ ਅਤੇ ਦਲਦਲ ਵਿੱਚ ਧੱਸ ਗਿਆ। ਰਾਹਤਕਰਮੀਆਂ ਨੇ ਦੋਵਾਂ ਨੂੰ ਬੇਹੋਸ਼ ਪਾਇਆ। ਜਿਸ ਆਦਮੀ ਨੇ ਐਲਿਜ਼ਾਬੈੱਥ ਨੂੰ ਚੁੱਕਿਆ, ਉਸਨੂੰ ਲੱਗਾ ਕਿ ਉਹ ਮਰ ਗਈ ਹੈ।

ਉਸਨੇ ਐਲਿਜ਼ਾਬੈੱਥ ਨੂੰ ਆਪਣੀ ਗੱਡੀ ਦੀ ਡਿੱਗੀ ਵਿੱਚ ਸੁੱਟਿਆ ਅਤੇ ਹਸਪਤਾਲ ਲੈ ਜਾਣ ਦੀ ਬਜਾਏ ਸਿੱਧਾ ਅੰਡਰਟੇਕਰ ਕੋਲ ਲੈ ਗਿਆ। (ਮ੍ਰਿਤਕ ਦੇ ਅੰਤਿਮ ਸਸਕਾਰ ਦੀ ਤਿਆਰੀ ਕਰਨ ਵਾਲੇ ਨੂੰ ਅੰਡਰਟੇਕਰ ਕਿਹਾ ਜਾਂਦਾ ਹੈ।) ਅੰਡਰਟੇਕਰ ਨੂੰ ਉਸਦੀ ਦੇਹ ਵਿੱਚ ਹਲਕੀ-ਜਿਹੀ ਹਰਕਤ ਮਹਿਸੂਸ ਹੋਈ ਅਤੇ ਉਸਨੂੰ ਹਸਪਤਾਲ ਪਹੁੰਚਾਇਆ। ਉਸਦੀ ਲੱਤ, ਚੂਲੇ ਅਤੇ ਬਾਂਹ ਦੀਆਂ ਹੱਡੀਆਂ ਚਕਨਾ-ਚੂਰ ਹੋ ਗਈਆਂ ਸਨ ਪਰ ਉਹ ਬਚ ਗਈ। ਵਿੱਲ ਨੂੰ ਵੀ ਗੰਭੀਰ ਚੋਟਾਂ ਆਈਆਂ ਅਤੇ ਕੁਝ ਸਮੇਂ ਬਾਅਦ ਉਸਦੀ ਲੱਤ ਕੱਟਣੀ ਪਈ।

ਹਸਪਤਾਲ ਤੋਂ ਛੁੱਟੀ ਦੇਣ ਵੇਲੇ ਡਾਕਟਰਾਂ ਨੇ ਐਲਿਜ਼ਾਬੈੱਥ ਨੂੰ ਦੱਸਿਆ ਕਿ ਕੁਝ ਸਮੇਂ ਬਾਅਦ ਹੀ ਉਹ ਤੁਰ ਸਕੇਗੀ। ਉਸਦੀ ਚਾਲ ਵਿੱਚ ਇੱਕ ਲਚਕ ਆ ਜਾਣੀ ਸੀ। ਡਾਕਟਰਾਂ ਨੇ ਇਹ ਵੀ ਕਿਹਾ ਕਿ ਦੁਬਾਰਾ ਦੌੜਨ ਲਈ ਉਸਨੂੰ ਨਵਾਂ ਜਨਮ ਲੈਣਾ ਪਵੇਗਾ। ਓਲੰਪਿਕ ਵਿੱਚ ਇਕ ਹੋਰ ਮੈਡਲ ਜਿੱਤਣ ਦਾ ਸੁਪਨਾ ਟੁੱਟ ਗਿਆ।

ਹੌਲੀ-ਹੌਲੀ ਐਲਿਜ਼ਾਬੈੱਥ ਨੇ ਬੈਸਾਖੀਆਂ ਨਾਲ ਤੁਰਨਾ ਸ਼ੁਰੂ ਕੀਤਾ। ਕੁਝ ਮਹੀਨਿਆਂ ਬਾਅਦ ਬੈਸਾਖੀਆਂ ਛੱਡ ਕੇ ਤੁਰਨਾ ਸ਼ੁਰੂ ਕੀਤਾ। ਫਿਰ ਹੌਲੀ-ਹੌਲੀ ਦੌੜਨਾ ਸ਼ੁਰੂ ਕੀਤਾ। ਚਾਰ ਸਾਲ ਬਾਅਦ ਉਹ ਬਾਕਾਇਦਾ ਦੌੜ ਰਹੀ ਸੀ। ਗੋਡੇ ਦੀ ਸੱਟ ਨੇ ਉਸਨੂੰ 100 ਮੀਟਰ ਦੀ ਰੇਸ ਲਈ ਅਣਉਪਯੋਗੀ ਬਣਾ ਦਿੱਤਾ ਸੀ, ਕਿਉਂਕਿ ਦੌੜ ਦੀ ਸ਼ੁਰੂਆਤ ਵਿੱਚ ਧਾਵਕਾਂ ਨੂੰ ਝੁਕ ਕੇ ਆਪਣੀ ਪੋਜ਼ੀਸ਼ਨ ਲੈਣੀ ਪੈਂਦੀ ਹੈ, ਜੋ ਉਹ ਨਹੀਂ ਕਰ ਸਕਦੀ ਸੀ। ਅਮਰੀਕੀ ਓਲੰਪਿਕ ਸੰਘ ਨੇ ਉਸਨੂੰ 4 × 100 ਮੀਟਰ ਦੀ ਰੀਲੇਅ ਰੇਸ ਲਈ ਚੁਣ ਲਿਆ।

ਬਰਲਿਨ ਵਿੱਚ 8 ਅਗਸਤ 1936 ਨੂੰ ਹੋਈ ਇਸ ਰੇਸ

ਦੇ ਫਾਈਨਲ ਵਿੱਚ ਅਮਰੀਕਾ ਦਾ ਮੁਕਾਬਲਾ ਮੇਜ਼ਬਾਨ ਜਰਮਨੀ ਨਾਲ ਸੀ। ਦੂਜੇ ਰਾਊਂਡ ਤੱਕ ਜਰਮਨੀ ਦੀਆਂ ਲੜਕੀਆਂ ਅੱਗੇ ਸਨ। ਤੀਜੇ ਰਾਊਂਡ ਵਿੱਚ ਐਲਿਜ਼ਾਬੈੱਥ ਨੇ ਜਰਮਨ ਖਿਡਾਰੀ ਨੂੰ ਪਿੱਛੇ ਛੱਡ ਕੇ ਲੀਡ ਲੈ ਲਈ ਅਤੇ ਆਖਰੀ ਰਾਊਂਡ ਲਈ ਹੈਲਨ ਸਟੀਫਨਜ਼ ਨੂੰ ਬੈਟਨ ਸੌਂਪੀ।ਅਮਰੀਕੀ ਟੀਮ ਨੇ ਸੋਨਾ ਜਿੱਤਿਆ। ਐਲਿਜ਼ਾਬੈੱਥ ਉਰਫ਼ ਬੈਟੀ ਰਾਬਿਨਸਨ ਦਾ ਇਹ ਦੂਜਾ ਓਲੰਪਿਕ ਗੋਲਡ ਮੈਡਲ ਖੇਡ ਇਤਿਹਾਸ ਦੀਆਂ ਸਭ ਤੋਂ ਬੇਮਿਸਾਲ ਉਪਲੱਬਧੀਆਂ ਵਿੱਚ ਗਿਣਿਆ ਜਾਂਦਾ ਹੈ।

ਇਸ ਤੋਂ ਬਾਅਦ ਐਲਿਜ਼ਾਬੈੱਥ ਨੇ ਟਰੈਕ ਤੋਂ ਸੰਨਿਆਸ ਲੈ ਲਿਆ ਅਤੇ ਹੌਲੀ-ਹੌਲੀ ਲੋਕ ਉਸਨੂੰ ਭੁੱਲਣ ਲੱਗੇ। ਚਾਲੀ ਸਾਲ ਬਾਅਦ 1977 ਵਿੱਚ ਉਸਨੂੰ ਅਮਰੀਕਨ ਹਾਲ ਆਫ਼ ਫੇਮ ਵਿੱਚ ਜਗ੍ਹਾ ਮਿਲੀ। ਬਹਿਰਹਾਲ ਹੋਰ ਉੱਨੀ ਸਾਲ ਲੰਘ ਗਏ।

1996 ਵਿੱਚ, ਜਦੋਂ ਉਹ ਡੈਨਵਰ ਵਿੱਚ ਰਹਿ ਰਹੀ ਸੀ, ਅਟਲਾਂਟਾ ਓਲੰਪਿਕ ਖੇਡਾਂ ਦੀ ਮਸ਼ਾਲ ਉਸਦੇ ਸ਼ਹਿਰ ਤੋਂ ਲੰਘੀ। ਕਮਜ਼ੋਰ ਹੋ ਚੁੱਕੀ ਐਲਿਜ਼ਾਬੈੱਥ ਰਾਬਿਨਸਨ ਨੂੰ ਕੁਝ ਦੂਰੀ ਤੱਕ ਉਹਨੂੰ ਲੈ ਕੇ ਦੌੜਨ ਦੀ ਬੇਨਤੀ ਕੀਤੀ ਗਈ। ਓਲੰਪਿਕ ਐਸੋਸੀਏਸ਼ਨ ਨੇ ਉਸਦੀ ਹਾਲਤ ਦੇਖਦਿਆਂ ਸਹਾਇਕਾਂ ਦੀ ਵਿਵਸਥਾ ਕੀਤੀ ਸੀ ਪਰ ਉਸਨੇ ਕਿਸੇ ਵੀ ਤਰ੍ਹਾਂ ਦੀ ਮਦਦ ਲੈਣ ਤੋਂ ਇਨਕਾਰ ਕਰ ਦਿੱਤਾ।

ਡੈਨਵਰ ਦੀਆਂ ਗਲੀਆਂ ਵਿੱਚ ਭਾਰੀ ਓਲੰਪਿਕ ਮਸ਼ਾਲ ਹੱਥਾਂ ਵਿੱਚ ਫੜੀ 84 ਸਾਲ ਦੀ ਉਸ ਮਾਂ ਨੂੰ ਜਿਸ ਵੀ ਪੁਰਾਣੇ ਖੇਲ-ਪ੍ਰੇਮੀ ਨੇ ਦੇਖਿਆ, ਉਸਨੂੰ ਉਸਦੇ ਚਿਹਰੇ 'ਤੇ 1928 ਵਿੱਚ ਓਲੰਪਿਕ ਸੋਨਾ ਜਿੱਤਣ ਵਾਲੀ, ਕੱਟੇ ਵਾਲਾਂ ਵਾਲੀ ਉਸੇ ਨਿਮਰ ਕੁੜੀ ਦੀ ਝਲਕ ਨਜ਼ਰ ਆਈ, ਜਿਸਨੂੰ ਮੌਤ ਵੀ ਹਰਾਉਣ ਵਿੱਚ ਨਾਕਾਮ ਰਹੀ ਸੀ।

## ਕੀ A.I. ਮਨੁੱਖੀ ਦਿਮਾਗ ਨੂੰ ਕੰਟਰੋਲ ਕਰ ਸਕਦੀ ਹੈ ?

ਜਦ ਵੀ ਏ.ਆਈ. ਬਾਰੇ ਗੱਲ ਚਲਦੀ ਹੈ ਤਾਂ ਇੱਕ ਵੱਡਾ ਖਤਰਾ ਇਹ ਜਾਹਿਰ ਕੀਤਾ ਜਾਂਦਾ ਹੈ ਕਿ A.I. ਮਨੁੱਖੀ ਦਿਮਾਗ ਨੂੰ ਕੰਟਰੋਲ ਕਰ ਕੇ ਮਨੁੱਖਾਂ ਨੂੰ ਆਪਣਾ ਗੁਲਾਮ ਬਣਾ ਲਵੇਗੀ।ਹੁਸ਼ਿਆਰਪੁਰ ਤੋਂ ਤੇਜਿੰਦਰਪਾਲ ਸਿੰਘ ਨੇ ਇਹ ਸਵਾਲ ਸਿੱਧਾ ਏ.ਆਈ. ਨੂੰ ਹੀ ਪੁੱਛ ਲਿਆ ਕਿ ਬਈ ਤੂੰ ਖ਼ੁਦ ਹੀ ਦੱਸ ਦੇ ਕਿ ਇਹ ਸੰਭਾਵਨਾ ਕਿੰਨੀ ਕ ਹੈ? ਉਨ੍ਹਾਂ ਵੱਲੋਂ ਪੁੱਛਿਆ ਸਵਾਲ ਅਤੇ ਏ.ਆਈ. ਵੱਲੋਂ ਦਿੱਤਾ ਜਵਾਬ ਅਸੀਂ ਤੇਜਿੰਦਰਪਾਲ ਸਿੰਘ ਹੋਰਾਂ ਦੀ ਫੇਸਬੁੱਕ ਪੋਸਟ ਤੋਂ ਕਾਪੀ ਕਰਕੇ ਸ਼ੇਅਰ ਕਰ ਰਹੇ ਹਾਂ :

***ਹੈਲੋ*** Grok, ***ਕੀ*** A.I.***ਮਨੁੱਖੀ ਦਿਮਾਗ ਨੂੰ ਕੰਟਰੋਲ ਕਰ ਸਕਦੀ ਹੈ?***

A.I.ਪਲੇਟਫਾਰਮ 'ਗਰੋਕ' ਵੱਲੋਂ ਦਿੱਤਾ ਗਿਆ ਉੱਤਰ :

ਹੁਣ ਤੱਕ ਦੀ ਤਕਨੀਕੀ ਸਮਰੱਥਾ ਦੇ ਹਿਸਾਬ ਨਾਲ, A.I. ਸਿੱਧੇ ਤੌਰ 'ਤੇ ਮਨੁੱਖੀ ਦਿਮਾਗ ਨੂੰ 'ਕੰਟਰੋਲ' ਨਹੀਂ ਕਰ ਸਕਦੀ। ਇਸ ਦਾ ਮਤਲਬ ਇਹ ਹੈ ਕਿ A.I. ਕਿਸੇ ਦੇ ਵਿਚਾਰ, ਇੱਛਾਵਾਂ, ਜਾਂ ਫੈਸਲੇ ਆਪਣੇ ਹੱਥ ਵਿੱਚ ਨਹੀਂ ਲੈ ਸਕਦੀ ਹੈ, ਜਿਵੇਂ ਕੋਈ ਸਾਇੰਸ-ਫਿਕਸ਼ਨ ਫਿਲਮ ਵਿੱਚ ਦਿਖਾਇਆ ਜਾਂਦਾ ਹੈ ਪਰ A.I. ਦੀ ਸਮਰੱਥਾ ਅਤੇ ਪ੍ਰਭਾਵ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ :

**ਪ੍ਰਭਾਵ ਪਾਉਣ ਦੀ ਸਮਰੱਥਾ:** A.I. ਪਹਿਲਾਂ ਹੀ ਮਨੁੱਖੀ ਵਿਵਹਾਰ 'ਤੇ ਪ੍ਰਭਾਵ ਪਾ ਰਹੀ ਹੈ। ਸੋਸ਼ਲ ਮੀਡੀਆ ਐਲਗੋਰਿਦਮ, ਸਿਫਾਰਸ਼ ਸਿਸਟਮ (recommendation systems), ਅਤੇ ਵਿਗਿਆਪਨਾਂ ਰਾਹੀਂ A.I. ਇਹ ਤੈਅ ਕਰ ਸਕਦੀ ਹੈ ਕਿ ਤੂੰ ਕੀ ਵੇਖੇਂ, ਕੀ ਪੜ੍ਹੇਂ, ਅਤੇ ਕਿਸ ਤਰ੍ਹਾਂ ਸੋਚੇਂ। ਇਹ 'ਕੰਟਰੋਲ' ਨਹੀਂ, ਸਗੋਂ 'ਪ੍ਰਭਾਵ' (influence) ਹੈ।

**ਨਿਊਰੋ-ਤਕਨੀਕ:** ਭਵਿੱਖ ਵਿੱਚ, ਨਿਊਰਲ ਇੰਟਰਫੇਸ (ਜਿਵੇਂ ਐਲਨ ਮਸਕ ਦੀ Neuralink) ਦੇ ਵਿਕਾਸ ਨਾਲ A.I. ਦਿਮਾਗ ਨਾਲ ਸਿੱਧਾ ਸੰਚਾਰ ਕਰ ਸਕਦੀ ਹੈ। ਇਹ ਅਜੇ ਸ਼ੁਰੂਆਤੀ ਪੜਾਅ 'ਤੇ ਹੈ ਅਤੇ ਇਸ ਦਾ ਮਕਸਦ ਜ਼ਿਆਦਾਤਰ ਡਾਕਟਰੀ ਫਾਇਦੇ (ਜਿਵੇਂ ਪੈਰਾਲਾਈਸਿਸ ਦਾ ਇਲਾਜ) ਹਨ, ਨਾ ਕਿ ਕੰਟਰੋਲ।

**ਸੀਮਾਵਾਂ:** ਮਨੁੱਖੀ ਦਿਮਾਗ ਦੀ ਜਟਿਲਤਾ ਅਤੇ ਆਜ਼ਾਦ ਇੱਛਾ (free will) ਅਜੇ ਵੀ A.I. ਦੀ ਪਕੜ ਤੋਂ ਬਾਹਰ ਹਨ। ਏ. ਆਈ. ਡਾਟਾ ਅਤੇ ਪੈਟਰਨ 'ਤੇ ਕੰਮ ਕਰਦੀ ਹੈ, ਪਰ ਇਹ ਤੁਹਾਡੀ ਸੋਚ, ਭਾਵਨਾਵਾਂ, ਜਾਂ ਅੰਤਰ-ਆਤਮਾ ਨੂੰ ਸਮਝਣ ਜਾਂ ਚਲਾਉਣ ਦੇ ਸਮਰੱਥ ਨਹੀਂ।

**ਸਿੱਟਾ:** ਹੁਣ ਲਈ, A.I. ਮਨੁੱਖੀ ਦਿਮਾਗ ਨੂੰ ਸਿੱਧਾ ਕੰਟਰੋਲ ਨਹੀਂ ਕਰ ਸਕਦੀ, ਪਰ ਇਹ ਤੁਹਾਡੇ ਫੈਸਲਿਆਂ, ਆਦਤਾਂ ਅਤੇ ਸੋਚ ਨੂੰ ਬਹੁਤ ਹੱਦ ਤੱਕ ਪ੍ਰਭਾਵਿਤ ਕਰ ਸਕਦੀ ਹੈ।

ਵਿਦਿਆਰਥੀਆਂ ਲਈ

# ਇੰਟਰਨੈਸ਼ਨਲ ਡੇਟ-ਲਾਈਨ ਕੀ ਹੈ ?

ਰਣਧੀਰ ਗਿੱਲਪੱਤੀ

ਅਸੀਂ ਸਾਰੇ ਜਾਣਦੇ ਹਾਂ ਕਿ ਪ੍ਰਿਥਵੀ ਆਪਣੀ ਧੁਰੀ ਦੁਆਲੇ ਲਗਭਗ 24 ਘੰਟੇ ਵਿੱਚ ਇੱਕ ਚੱਕਰ ਪੂਰਾ ਕਰਦੀ ਹੈ। ਦਿਨ ਰਾਤ ਨੂੰ ਮਿਲਾ ਕੇ 24 ਘੰਟੇ ਦਾ ਇਹ ਸਮਾਂ ਇੱਕ ਪੂਰਾ ਦਿਨ ਜਾਂ ਇੱਕ ਤਰੀਕ ਬਣਦਾ ਹੈ। ਪ੍ਰਿਥਵੀ ਉੱਪਰ ਵੱਖ ਵੱਖ ਸਥਾਨਾਂ ਦੀ ਸਥਿਤੀ ਜਾਨਣ ਲਈ ਇਸ ਨੂੰ ਫਰਜ਼ੀ ਰੇਖਾਵਾਂ ਨਾਲ ਵੰਡਿਆ ਹੋਇਆ ਹੈ। ਪ੍ਰਿਥਵੀ ਦੇ ਵਿਚਕਾਰੋਂ ਲੇਟਵੀਂ ਸਥਿਤੀ ਵਿੱਚ ਲੰਘਦੀ ਫਰਜ਼ੀ ਰੇਖਾ ਨੂੰ ਭੂਮੱਧ ਰੇਖਾ ਕਹਿੰਦੇ ਹਨ। ਜੋ ਇਸ ਨੂੰ ਉੱਤਰੀ ਅਤੇ ਦੱਖਣੀ ਦੋ ਭਾਗਾਂ ਵਿੱਚ ਵੰਡਦੀ ਹੈ। ਭੂਮੱਧ ਰੇਖਾ ਦੇ ਦੋਵੇਂ ਪਾਸੇ ਧਰੁਵਾਂ ਤੱਕ 90-90 ਦਰਜੇ ਤੱਕ ਹੋਰ ਫਰਜ਼ੀ ਰੇਖਾਵਾਂ ਮਿਥੀਆਂ ਗਈਆਂ ਹਨ ਜਿਨ੍ਹਾਂ ਨੂੰ ਅਕਸ਼ਾਂਸ਼ ਰੇਖਾਵਾਂ (Latitude) ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਪ੍ਰਿਥਵੀ ਦੇ ਗੋਲੇ ਉੱਪਰ ਉੱਤਰੀ ਅਤੇ ਦੱਖਣੀ ਧਰੁਵਾਂ ਨੂੰ ਮਿਲਾਉਂਦੀਆਂ 360 ਲੰਬਕਾਰ ਰੇਖਾਵਾਂ ਮਿਥੀਆਂ ਗਈਆਂ ਹਨ ਜਿਨ੍ਹਾਂ ਨੂੰ ਦੇਸ਼ਾਂਤਰ ਰੇਖਾਵਾਂ (Longitude) ਕਿਹਾ ਜਾਂਦਾ ਹੈ। ਇਸ ਪ੍ਰਕਾਰ ਪ੍ਰਿਥਵੀ ਨੂੰ ਫਰਜ਼ੀ ਰੇਖਾਵਾਂ ਦੇ ਜਾਲ ਵਿੱਚ ਵੰਡਿਆ ਹੋਇਆ ਹੈ।

ਪ੍ਰਿਥਵੀ ਪੱਛਮ ਤੋਂ ਪੂਰਬੀ ਦਿਸ਼ਾ ਵੱਲ ਘੁੰਮਦੀ ਹੈ। ਇਸ ਦੇ ਪੂਰਬੀ ਖੇਤਰ ਸੂਰਜ ਦੇ ਸਾਹਮਣੇ ਪਹਿਲਾਂ ਆਉਂਦੇ ਹਨ ਅਤੇ ਪੱਛਮੀ ਖੇਤਰ ਬਾਅਦ ਵਿੱਚ। ਭਾਵ ਨਵੇਂ ਦਿਨ ਦੀ ਸ਼ੁਰੂਆਤ ਧੁਰ ਪੂਰਬ ਵੱਲੋਂ ਹੁੰਦੀ ਹੈ ਅਤੇ ਇਧਰ ਦਿਨ ਦਾ ਸਮਾਂ ਅੱਗੇ ਹੁੰਦਾ ਹੈ ਤੇ ਪੱਛਮ ਦਾ ਪਿੱਛੇ। ਮਿਸਾਲ ਦੇ ਤੌਰ 'ਤੇ ਜਦੋਂ ਭਾਰਤ ਵਿੱਚ ਸ਼ਾਮ ਨੂੰ ਸਾਢੇ ਚਾਰ ਦਾ ਸਮਾਂ ਹੁੰਦਾ ਹੈ, ਉਸ ਵੇਲੇ ਇੰਗਲੈਂਡ ਵਿੱਚ ਦੁਪਹਿਰ 12 ਵਜੇ ਦਾ ਟਾਈਮ ਹੁੰਦਾ ਹੈ।

ਅੰਤਰਰਾਸ਼ਟਰੀ ਪੱਧਰ ਉੱਤੇ ਵਿਦਵਾਨਾਂ ਦੇ ਸਾਹਮਣੇ ਇਹ ਸਵਾਲ ਆਇਆ ਕਿ ਨਵੇਂ ਦਿਨ ਜਾਂ ਨਵੀਂ ਤਰੀਕ ਦੀ ਸ਼ੁਰੂਆਤ ਕਿੱਥੋਂ ਮੰਨੀ ਜਾਵੇ? ਇਸ ਸਮੱਸਿਆ ਦੇ ਹੱਲ ਲਈ 1884 ਨੂੰ ਵਾਸ਼ਿੰਗਟਨ ਵਿੱਚ ਕਈ ਦੇਸ਼ਾਂ ਦੇ ਵਿਦਵਾਨ ਸਿਰ ਜੋੜ ਕੇ ਬੈਠੇ। ਇਸ ਕਾਨਫਰੰਸ ਵਿੱਚ ਫੈਸਲਾ ਹੋਇਆ ਕਿ ਇੰਗਲੈਂਡ ਦੇ ਗਰੀਨਵਿੱਚ ਖੇਤਰ ਵਿੱਚੋਂ ਲੰਘਦੀ ਰੇਖਾ ਨੂੰ ਜ਼ੀਰੋ ਡਿਗਰੀ ਮੈਰੀਡੀਅਨ ਮੰਨ ਲਿਆ ਜਾਵੇ ਤੇ ਇਸ ਦਾ ਨਾਂ ਗਰੀਨਵਿੱਚ ਰੇਖਾ ਰੱਖ ਲਿਆ ਜਾਵੇ। ਇਸ ਸਿਫਰ ਦਰਜੇ ਦੀ ਰੇਖਾ ਤੋਂ 180 ਡਿਗਰੀ ਪੂਰਬ ਅਤੇ 180 ਡਿਗਰੀ ਪੱਛਮ ਵੱਲ ਜੋ ਸਾਂਝੀ ਰੇਖਾ ਬਣਦੀ ਹੈ ਉਸ ਨੂੰ ਤਰੀਕ ਬਦਲਣ ਦੀ ਲਾਈਨ ਮੰਨ ਲਿਆ ਜਾਵੇ। ਇਹੀ ਸਾਂਝੀ ਰੇਖਾ ਅੰਤਰਰਾਸ਼ਟਰੀ ਡੇਟ ਲਾਈਨ ਹੈ, ਜਿੱਥੋਂ ਰਾਤੀ 12 ਵਜੇ ਤੋਂ ਬਾਅਦ ਨਵਾਂ ਦਿਨ ਤੇ ਨਵੀਂ ਤਰੀਕ ਸ਼ੁਰੂ ਹੁੰਦੀ ਹੈ। ਇਹ ਲਾਈਨ ਪ੍ਰਸ਼ਾਂਤ ਮਹਾਂਸਾਗਰ ਦੇ ਲਗਭਗ ਵਿਚਕਾਰੋਂ ਲੰਘਦੀ ਹੈ। ਅੰਤਰਰਾਸ਼ਟਰੀ ਡੇਟ ਲਾਈਨ ਸਿੱਧੀ ਰੇਖਾ ਨਹੀਂ ਹੈ ਸਗੋਂ ਕਈ ਥਾਵਾਂ 'ਤੇ ਇਹ ਟੇਢੀ ਮੇਢੀ ਹੈ। ਇਸਦਾ ਕਾਰਨ ਇਹ ਹੈ ਕਿ ਇਸ ਸਿੱਧੀ ਰੇਖਾ ਦੇ ਰਸਤੇ ਵਿੱਚ ਨਿਊਜ਼ੀਲੈਂਡ ਤੋਂ ਬਿਨਾਂ ਫਿਜੀ ਦੇ ਟਾਪੂ ਅਤੇ ਕੁਝ ਹੋਰ ਸਥਲ ਭਾਗ ਆਉਂਦੇ ਹਨ। ਇਕੋ ਹੀ ਦੇਸ਼ ਜਾਂ ਟਾਪੂ ਵਿੱਚ ਦੋ ਵੱਖ ਵੱਖ ਤਰੀਕਾਂ ਹੋਣ ਦੇ ਝਮੇਲੇ ਤੋਂ ਬਚਣ ਲਈ ਲੋੜ ਅਨੁਸਾਰ ਇਸ ਰੇਖਾ ਨੂੰ ਥੋੜ੍ਹਾ ਮੋੜ ਦਿੱਤਾ ਗਿਆ ਹੈ।

ਇਸ ਰੇਖਾ ਦੇ ਸਥਾਪਿਤ ਹੋਣ ਨਾਲ ਕਈ ਦਿਲਚਸਪ ਪ੍ਰਸਥਿਤੀਆਂ ਪੈਦਾ ਹੋ ਗਈਆਂ ਹਨ। ਅੰਤਰਰਾਸ਼ਟਰੀ ਡੇਟ ਲਾਈਨ ਦੇ ਪੂਰਬ ਵੱਲ ਇਕ ਦਿਨ ਅੱਗੇ ਤੇ ਪੱਛਮ ਵੱਲ ਇੱਕ ਦਿਨ ਪਿੱਛੇ ਹੁੰਦਾ ਹੈ। ਜੇਕਰ ਪੂਰਬ ਵੱਲ ਸੋਮਵਾਰ ਦਾ ਦਿਨ ਅਤੇ ਤਰੀਕ ਹੈ ਤਾਂ ਪੱਛਮ ਵੱਲ ਐਤਵਾਰ ਦਾ ਦਿਨ ਅਤੇ ਅਗਲੀ ਤਰੀਕ ਹੋਵੇਗੀ। ਭਾਵ ਇਸ ਲਾਈਨ ਦੇ ਦੋਵੇਂ ਪਾਸੇ ਵੱਖ ਵੱਖ ਦਿਨ ਹੋਣਗੇ। ਉਦਾਹਰਨ ਵਜੋਂ ਬੇਰਿੰਗ ਜਲ ਡਮਰੂ, ਜਿਸਦੇ ਵਿੱਚੋਂ ਇਹ ਰੇਖਾ ਲੰਘਦੀ ਹੈ, ਦੇ ਇੱਕ ਪਾਸੇ ਅਮਰੀਕਾ ਦਾ ਅਲਾਸਕਾ ਖੇਤਰ ਹੈ ਅਤੇ ਦੂਜੇ ਪਾਸੇ ਰੂਸ ਦਾ ਸਾਇਬੇਰੀਆ। ਜੇ ਅਲਾਸਕਾ ਵਿਚ ਸ਼ੁਕਰਵਾਰ ਹੈ ਤਾਂ ਸਾਇਬੇਰੀਆ ਵਿੱਚ ਸ਼ਨਿਚਰਵਾਰ ਹੋਵੇਗਾ। ਦੋਹਾਂ ਦੇ ਵਿਚਕਾਰ ਕਰੀਬ ਸਾਢੇ ਚਾਰ ਕਿਲੋਮੀਟਰ ਸਮੁੰਦਰ ਨੂੰ ਕੁਝ ਮਿੰਟਾਂ ਵਿੱਚ ਪਾਰ ਕਰਕੇ ਸ਼ਨਿਚਰਵਾਰ ਚੋਂ ਲੰਘ ਰਹੇ ਸਾਇਬੇਰੀਆ ਦੇ ਲੋਕ ਵਾਪਸ ਅਲਾਸਕਾ ਦੇ ਸ਼ੁਕਰਵਾਰ ਵਿੱਚ ਆ ਸਕਦੇ ਹਨ।



## ਸੰਸਾਰ ਦਾ ਸਭ ਤੋਂ ਨੀਵਾਂ ਦੇਸ਼ ਕਿਹੜਾ ਹੈ?

ਭਾਰਤ ਦੇ ਦੱਖਣ ਪੱਛਮ ਵਿੱਚ ਹਿੰਦ ਮਹਾਂਸਾਗਰ ਵਿੱਚ ਸਥਿਤ ਮਾਲਦੀਵਜ਼ ਸਭ ਤੋਂ ਨੀਵਾਂ ਦੇਸ਼ ਹੈ। ਕੁੱਲ 1192 ਟਾਪੂਆਂ ਵਾਲੇ ਏਸ਼ੀਆ ਦੇ ਇਸ ਸਭ ਤੋਂ ਛੋਟੇ ਦੇਸ਼ ਦਾ ਖੇਤਰਫਲ ਕੇਵਲ 297.8 ਵਰਗ ਕਿਲੋਮੀਟਰ ਹੈ ਅਤੇ ਸਮੁੰਦਰੀ ਤਲ ਤੋਂ ਇਸ ਦੀ ਔਸਤ ਉਚਾਈ ਕੇਵਲ ਡੇਢ ਮੀਟਰ (4.9 ਫੁੱਟ) ਹੈ। ਅਕਸਰ ਹੀ ਸਮੁੰਦਰ ਦੀਆਂ ਛੱਲਾਂ ਨਾਲ ਇਸ ਦੇ ਤੱਟੀ ਇਲਾਕਿਆਂ ਵਿੱਚ ਪਾਣੀ ਭਰ ਜਾਂਦਾ ਹੈ। ਗਲੋਬਲ ਵਾਰਮਿੰਗ ਕਾਰਨ ਜੋ ਧਰੁਵਾਂ ਦੀ ਬਰਫ ਪਿਘਲ ਕੇ ਸਮੁੰਦਰ ਦਾ ਲੈਵਲ ਵਧਣ ਦਾ ਖਦਸ਼ਾ ਹੈ, ਉਸ ਦੇ ਸਿੱਟੇ ਵਜੋਂ ਇਸ ਦੇਸ਼ ਦੀ ਹੋਂਦ ਹੀ ਖਤਰੇ ਵਿੱਚ ਹੈ ਕਿਉਂਕਿ ਜੇ ਸਮੁੰਦਰੀ ਤਲ ਉੱਚਾ ਉਠਦਾ ਹੈ ਤਾਂ ਇਸ ਦੇ ਟਾਪੂ ਪਾਣੀ ਵਿੱਚ ਡੁੱਬ ਜਾਣਗੇ।

ਉੱਥੇ ਯੂਰਪ ਦੇ ਵਿਕਸਿਤ ਦੇਸ਼ ਨੀਦਰਲੈਂਡ (ਹਾਲੈਂਡ) ਦਾ 60 ਪ੍ਰਤੀਸ਼ਤ ਭਾਗ ਸਮੁੰਦਰ ਤਲ ਤੋਂ ਵੀ ਨੀਵਾਂ ਹੈ। ਇਸ ਦੇ ਸਾਹਿਲੀ ਖੇਤਰਾਂ ਵਿੱਚ ਕੰਕਰੀਟ ਦੇ ਬੰਨ੍ਹ ਉਸਾਰ ਕੇ ਸਮੁੰਦਰ ਦੇ ਪਾਣੀ ਨੂੰ ਰੋਕਿਆ ਗਿਆ ਹੈ। ਕਈ ਥਾਂਈ ਸਿੰਮ ਕੇ ਆਏ ਪਾਣੀ ਨੂੰ ਪੰਪਾਂ ਨਾਲ ਮੁੜ ਸਮੁੰਦਰ ਵਿੱਚ ਸੁੱਟਣ ਦਾ ਪ੍ਰਬੰਧ ਵੀ ਕੀਤਾ ਹੋਇਆ ਹੈ।




## ਸੰਸਾਰ ਦਾ ਸਭ ਤੋਂ ਉੱਚਾ ਦੇਸ਼ ਕਿਹੜਾ ਹੈ?

ਹਿਮਾਲਿਆ ਪਰਬਤ ਲੜੀ ਦੀਆਂ ਦੱਖਣੀ ਢਲਾਨਾਂ 'ਤੇ ਸਥਿਤ ਦੇਸ਼ ਭੂਟਾਨ ਸਭ ਤੋਂ ਉੱਚਾ ਦੇਸ਼ ਹੈ, ਜਿਸ ਦੀ ਸਮੁੰਦਰੀ ਤਲ ਤੋਂ ਔਸਤ ਉਚਾਈ 3280 ਮੀਟਰ (10760 ਫੁੱਟ) ਹੈ।

ਹਿਮਾਲਿਆ ਖੇਤਰ ਵਿੱਚ ਹੀ ਸਥਿਤ ਨੇਪਾਲ ਦੁਨੀਆਂ ਦਾ ਦੂਜਾ ਸਭ ਤੋਂ ਉੱਚਾ ਦੇਸ਼ ਹੈ। ਭਾਰਤ ਦੇ ਉੱਤਰ ਵਿੱਚ ਸਥਿਤ ਇਸ ਦੇਸ਼ ਦੀ ਸਮੁੰਦਰੀ ਤਲ ਤੋਂ ਔਸਤ ਉਚਾਈ 3266 ਮੀਟਰ (10715 ਫੁੱਟ) ਹੈ, ਜੋ ਭੂਟਾਨ ਨਾਲੋਂ ਮਾਮੂਲੀ ਹੀ ਘੱਟ ਹੈ।

## ਸੰਸਾਰ ਦਾ ਸਭ ਤੋਂ ਉੱਚੀ ਜਗ੍ਹਾ ਵਸਿਆ ਸ਼ਹਿਰ ਕਿਹੜਾ ਹੈ?



ਦੱਖਣੀ ਅਮਰੀਕੀ ਮਹਾਂਦੀਪ ਵਿੱਚ ਸਥਿਤ ਦੇਸ਼ ਪੀਰੂ ਵਿੱਚ ਸਭ ਤੋਂ ਉੱਚੇ ਖੇਤਰ ਵਿੱਚ ਸਥਾਈ ਵਸੋਂ ਹੈ। ਇਸਦਾ ਕਸਬਾ 'ਲਾ ਰਿਕੋਨਾਡਾ' (La Rinconada) ਲਗਪੱਗ 5100 ਮੀਟਰ (16,700 ਫੁੱਟ) ਦੀ ਉਚਾਈ ਉੱਤੇ ਵਸਿਆ ਹੋਇਆ ਹੈ। ਇਸਦੀ ਤੁਲਨਾ ਵਿੱਚ ਸਾਡੇ ਦੇਸ਼ ਵਿੱਚ ਲੇਹ ਕਸਬਾ 3540 ਮੀਟਰ ਦੀ ਉਚਾਈ 'ਤੇ ਸਥਿਤ ਹੈ। ਇਥੇ ਜੀਵਨ ਹਾਲਤਾਂ ਬਹੁਤ ਹੀ ਔਖੀਆਂ ਹਨ। ਐਨੀ ਉਚਾਈ ਉੱਤੇ ਆਕਸੀਜਨ ਦੀ ਘਾਟ ਅਤੇ ਬਹੁਤ ਜਿਆਦਾ ਠੰਢ ਕਾਰਣ ਅਕਸਰ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ ਜਿਨ੍ਹਾਂ ਨੂੰ Altitude Sickness ਵਜੋਂ ਜਾਣਿਆ ਜਾਂਦਾ ਹੈ। ਇਹ ਬਿਮਾਰੀ ਉਥੇ ਹੋਣ ਵਾਲੀਆਂ ਮੌਤਾਂ ਦਾ ਵੱਡਾ ਕਾਰਣ ਬਣਦੀ ਹੈ। ਫਿਰ ਵੀ ਉਥੇ 30,000 ਦੇ ਲਗਪੱਗ ਲੋਕ ਰਹਿੰਦੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਐਨੀਆਂ ਔਖੀਆਂ ਹਾਲਤਾਂ ਦੇ ਬਾਵਜੂਦ ਉਥੇ ਮਨੁੱਖੀ ਵਸੋਂ ਕਿਉਂ ਬਣੀ ਹੋਈ ਹੈ? ਇਸਦਾ ਕਾਰਣ ਹੈ, ਉਥੇ ਸੋਨੇ ਦੀਆਂ ਖਾਣਾਂ ਹਨ। ਜਦ ਕੌਮਾਂਤਰੀ ਮੰਡੀ ਵਿੱਚ ਸੋਨੇ ਦਾ ਭਾਅ ਵਧਿਆ ਤਾਂ ਉਥੋਂ ਦੀ ਆਬਾਦੀ ਵਿੱਚ ਵੀ ਵਾਧਾ ਹੋ ਗਿਆ।

ਉਥੋਂ ਦੇ ਲੋਕਾਂ ਨੂੰ ਕੇਵਲ ਭੈੜੇ ਮੌਸਮ ਨਾਲ ਹੀ ਜੂਝਣਾ ਨਹੀਂ ਪੈਂਦਾ ਬਲਕਿ ਸੋਨਾ ਕੱਢਣ ਅਤੇ ਸਾਫ ਕਰਨ ਵਿੱਚ ਪਾਰਾ ਅਤੇ ਹੋਰ ਭਾਰੀਆਂ ਧਾਤਾਂ ਵਰਤੇ ਜਾਣ ਕਾਰਣ ਉਥੇ ਖਤਰਨਾਕ ਪ੍ਰਦੂਸ਼ਣ ਵੀ ਹੈ। ਉਪਰੋਂ ਪੀਰੂ ਦੀ ਸਰਕਾਰ ਵੀ ਅਜਿਹੀ ਹੈ, ਜੋ ਉਥੇ ਰਹਿਣ ਵਾਲਿਆਂ ਦੀ ਸੁਰੱਖਿਆ ਅਤੇ ਉਨ੍ਹਾਂ ਲਈ ਚੰਗੀਆਂ ਸ਼ਹਿਰੀ ਸਹੂਲਤਾਂ ਦਾ ਕੋਈ ਪ੍ਰਬੰਧ ਨਹੀਂ ਕਰਦੀ। ਫਿਰ ਵੀ ਸੋਨੇ ਦੇ ਲਾਲਚ ਕਾਰਣ ਆਪਣੀਆਂ ਜ਼ਿੰਦਗੀਆਂ ਦਾਅ ਉੱਤੇ ਲਾ ਕੇ ਵੀ ਲੋਕ ਉਥੇ ਜਾਂਦੇ ਅਤੇ ਰਹਿੰਦੇ ਹਨ।

## ਗ਼ਦਰੀ ਸੂਰਬੀਰ : ਸ਼ਹੀਦ ਕਰਤਾਰ ਸਿੰਘ ਸਰਾਭਾ

"ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ" ਜਿਹੇ ਅਮਰ ਬੋਲ ਬੋਲਣ ਵਾਲਾ ਨਾਇਕ ਹੈ ਸ਼ਹੀਦ ਕਰਤਾਰ ਸਿੰਘ ਸਰਾਭਾ। ਕੈਲੇਫੋਰਨੀਆ ਪੜ੍ਹਨ ਗਿਆ ਉਤਸ਼ਾਹੀ ਨੌਜੁਆਨ ਕਰਤਾਰ ਸਿੰਘ ਸਰਾਭਾ ਗ਼ਦਰ ਪਾਰਟੀ ਦੇ ਸੰਪਰਕ ਵਿੱਚ ਆਇਆ। ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਬੁਲੰਦ ਭਾਵਨਾ ਸਦਕਾ ਉਹ ਗ਼ਦਰ ਲਹਿਰ ਦਾ ਹੋ ਗਿਆ।


(ਸ਼ਹਾਦਤ : 16 ਨਵੰਬਰ 1915)

ਇਤਿਹਾਸ ਦੇ ਪੰਨਿਆਂ 'ਤੇ ਇਸ ਨਾਇਕ ਨੂੰ ਗ਼ਦਰ ਪਾਰਟੀ ਦੇ ਛੋਟੀ ਉਮਰ ਦੇ ਜਰਨੈਲ ਵਜੋਂ ਜਾਣਿਆ ਜਾਂਦਾ ਹੈ। ਬੁਲੰਦ ਜਜ਼ਬਿਆਂ ਦਾ ਮਾਲਕ ਤੇ ਆਜ਼ਾਦੀ ਲਈ ਮਰ ਮਿਟਣ ਦੀ ਭਾਵਨਾ ਵਾਲਾ। ਗ਼ਦਰ ਨੂੰ ਹਰ ਦਰ 'ਤੇ ਲਿਜਾਣ ਦਾ ਇਛੁੱਕ। ਗ਼ਦਰ ਲਹਿਰ ਦਾ ਅਣਥੱਕ ਤੇ ਜੁਝਾਰੂ ਨੌਜਵਾਨ। ਭਰ ਜਵਾਨੀ ਵਿੱਚ ਫ਼ਾਂਸੀ ਦਾ ਰੱਸਾ ਚੁੰਮਣ ਵਾਲਾ ਇਹ ਦੇਸ਼ ਭਗਤ ਗੱਭਰੂ ਦੇਸ਼, ਦੁਨੀਆਂ ਲਈ ਮਿਸਾਲ ਬਣਿਆ। ਜਿਸਨੂੰ ਸ਼ਹੀਦ ਏ ਆਜ਼ਮ ਭਗਤ ਸਿੰਘ ਆਪਣਾ ਨਾਇਕ ਮੰਨਦਾ ਸੀ।

ਗ਼ਦਰ ਪਾਰਟੀ ਵੱਲੋਂ ਗਦਰ ਅਖ਼ਬਾਰ ਛਾਪਣ ਦਾ ਫੈਸਲਾ ਲਿਆ। ਇਹ ਅਖਬਾਰ ਚਲਾਉਣ ਵਿੱਚ ਸਰਾਭੇ ਦੀ ਅਹਿਮ ਭੂਮਿਕਾ ਰਹੀ। ਉਹ ਇਸ ਅਖਬਾਰ ਵਿੱਚ ਦੇਸ਼ ਭਗਤੀ ਦੇ ਲੇਖ, ਗ਼ੀਤ ਤੇ ਕਵਿਤਾਵਾਂ ਲਿਖਦਾ।

1914 ਵਿੱਚ ਭਾਰਤ ਪਰਤ ਕੇ ਆਜ਼ਾਦੀ ਲਈ ਅੰਗਰੇਜ਼ ਹਕੂਮਤ ਖਿਲਾਫ਼ ਸੰਘਰਸ਼ ਵਿੱਢਿਆ। ਲੋਕਾਂ ਨੂੰ ਆਜ਼ਾਦੀ ਲਈ ਪ੍ਰੇਰਨ ਲੱਗਾ। ਲਾਹੌਰ ਤੇ ਫਿਰੋਜ਼ਪੁਰ ਵਿੱਚ ਗ਼ਦਰ ਕਰਨ ਦੀ ਕੋਸ਼ਿਸ਼ ਸਫਲ ਨਾ ਹੋ ਸਕੀ। ਕਰਤਾਰ ਸਿੰਘ ਸਰਾਭਾ ਸਾਥੀਆਂ ਸਮੇਤ ਅੰਗਰੇਜ਼ ਪੁਲਿਸ ਦੇ ਹੱਥ ਆ ਗਿਆ। ਪਹਿਲੇ ਲਾਹੌਰ ਸਾਜਿਸ਼ ਕੇਸ ਵਿੱਚ ਸੰਗੀਨ ਧਾਰਾਵਾਂ ਲਗਾ ਕੇ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। 16 ਨਵੰਬਰ 1915 ਨੂੰ ਸਾਢੇ ਉੱਨੀ ਵਰ੍ਹਿਆਂ ਦੇ ਨੌਜਵਾਨ ਕਰਤਾਰ ਸਿੰਘ ਸਰਾਭਾ ਨੂੰ ਅੰਗਰੇਜ਼ ਹਕੂਮਤ ਨੇ ਉਸਦੇ ਛੇ ਹੋਰ ਸਾਥੀਆਂ ਸਮੇਤ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ।

ਗਦਰੀ ਸੂਰਬੀਰ ਬਾਬਾ ਸੋਹਣ ਸਿੰਘ ਭਕਨਾ ਦੀਆਂ ਯਾਦਾਂ ਵਿੱਚ ਇਹ ਜਿਕਰ ਆਉਂਦਾ ਹੈ। ਕਰਤਾਰ ਸਿੰਘ ਸਰਾਭਾ ਨੇ ਜੇਲ੍ਹ ਦੀ ਕੰਧ 'ਤੇ ਲਿਖ ਦਿੱਤਾ ਸੀ ਕਿ "ਸ਼ਹੀਦ ਦਾ ਖ਼ੂਨ ਵਿਅਰਥ ਨਹੀਂ ਜਾਂਦਾ। ਆਖਰ ਇਹ ਰੰਗ ਲਿਆਏਗਾ।" ਬਾਬਾ ਭਕਨਾ ਨੇ ਕਿਹਾ, "ਕਰਤਾਰ ਸਿੰਘ, ਇੱਥੇ ਜੇਲ੍ਹ ਵਿੱਚ ਤਾਂ ਹੱਡੀਆਂ ਵੀ ਗਲ ਜਾਂਦੀਆਂ ਹਨ, ਖ਼ਬਰ ਬਾਹਰ ਕਿਵੇਂ ਜਾਵੇਗੀ ਤੇ ਸ਼ਹੀਦਾਂ ਦਾ ਖ਼ੂਨ ਫਿਰ ਕਿਵੇਂ ਰੰਗ ਲਿਆਵੇਗਾ?" ਸਰਾਭੇ ਦਾ ਜੁਆਬ ਸੀ, "ਪ੍ਰਧਾਨ ਜੀ, ਅੱਜ ਨਹੀਂ ਤਾਂ ਕੱਲ੍ਹ ਜਾਂ ਪਰਸੋਂ ਬਾਹਰ ਜਾ ਕੇ ਖ਼ੂਨ ਰੰਗ ਲਿਆਵੇਗਾ ਹੀ।"

ਅੱਜ ਵੀ ਉਸਦੀ ਕੁਰਬਾਨੀ ਤੇ ਵਿਚਾਰ ਵਿਰਸੇ ਦੀ ਲੋਅ ਬਣ ਰਾਹ ਰੁਸ਼ਨਾਉਂਦੇ ਹਨ।

## ਸ਼ਹੀਦ ਊਧਮ ਸਿੰਘ

**ਭਾਰਤ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਵੇਖਣਾ ਲੋਚਦਾ ਆਜ਼ਾਦੀ ਦਾ ਪਰਵਾਨਾ :** ਸ਼ਹੀਦ ਊਧਮ ਸਿੰਘ ਸਮਾਜਿਕ ਬਰਾਬਰੀ 'ਤੇ ਹੱਕ ਸੱਚ ਨਾਲ ਖੜ੍ਹਨ ਵਾਲਾ। ਉਹ ਅਮਰੀਕਾ ਵਸਦਿਆਂ ਗਦਰ ਪਾਰਟੀ ਦੇ ਪ੍ਰਭਾਵ ਹੇਠ ਆਇਆ। ਗਦਰ ਪਾਰਟੀ ਨੇ ਉਸਦੀ ਡਿਊਟੀ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਗ਼ਦਰੀਆਂ ਦੇ ਗੁਪਤ ਟਿਕਾਣਿਆਂ 'ਤੇ ਪਹੁੰਚਾਉਣ ਤੇ ਪਾਰਟੀ ਲਈ ਫੰਡ ਇਕੱਠਾ ਕਰਨ 'ਤੇ ਲਗਾਈ।


(ਜਨਮ : 26 ਦਸੰਬਰ,1899)

ਨੌਜਵਾਨ ਭਾਰਤ ਸਭਾ ਦੀ ਕਾਨਫਰੰਸ ਵਿੱਚ ਬੋਲਦਿਆਂ ਉਨ੍ਹਾਂ ਆਖਿਆ, ਆਜ਼ਾਦੀ ਦੀ ਬੁਨਿਆਦ ਇਨਕਲਾਬ ਹੈ। ਗੁਲਾਮੀ ਦੇ ਵਿਰੁੱਧ ਇਨਕਲਾਬ, ਮਨੁੱਖਤਾ ਦਾ ਧਰਮ ਹੈ। ਇਹ ਮਨੁੱਖਤਾ ਦਾ ਆਦਰਸ਼ ਹੈ। ਆਜ਼ਾਦੀ ਸਾਡਾ ਜਮਾਂਦਰੂ ਹੱਕ ਹੈ। ਅਸੀਂ ਇਸ ਨੂੰ ਪ੍ਰਾਪਤ ਕਰਕੇ ਰਹਾਂਗੇ। ਅਸੀਂ ਇਨਕਲਾਬ ਦੇ ਦਰ 'ਤੇ ਆਪਣੀਆਂ ਜਵਾਨੀਆਂ ਦੀਆਂ ਬਹਾਰਾਂ ਵਾਰਨ ਲਈ ਤੱਤਪਰ ਹੋ ਗਏ ਹਾਂ। ਇਸ ਮਹਾਨ ਆਦਰਸ਼ ਦੀ ਭੇਂਟ ਆਪਣੀ ਜਵਾਨੀ ਤੋਂ ਘੱਟ ਹੋਰ ਹੋ ਵੀ ਕੀ ਸਕਦਾ ਹੈ।

**ਕਦੇ ਚਾਨਣ ਨਹੀਂ ਮਰਿਆ, ਕਦੇ ਸੂਰਜ ਨਹੀਂ ਠਰਿਆ।' - ਜਸਵਿੰਦਰ**

ਇਨਕਲਾਬ ਦੇ ਅਰਥ ਹਨ, ਵਿਦੇਸ਼ੀ ਖ਼ੂਨੀ ਜਬਾੜਿਆਂ ਤੋਂ ਛੁਟਕਾਰਾ। ਲੁੱਟ ਖਸੁੱਟ ਤੇ ਉਸ ਨਿਜ਼ਾਮ ਦਾ ਅੰਤ ਜੋ ਅਮੀਰ ਨੂੰ ਹੋਰ ਅਮੀਰ ਤੇ ਗਰੀਬ ਨੂੰ ਕੰਗਾਲੀ ਦੇ ਪੁੜਾਂ ਵਿੱਚ ਪੀਸੇ ਜਾਣ ਲਈ ਮਜਬੂਰ ਕਰਦਾ ਸੀ। ਸਾਮਰਾਜੀ ਨਿਜ਼ਾਮ ਕਾਰਣ ਕਰੋੜਾਂ ਕਿਰਤੀ ਕੁੱਲੀ, ਜੁੱਲੀ, ਵਿੱਦਿਆ ਤੇ ਇਲਾਜ ਤੱਕ ਦੀਆਂ ਬੁਨਿਆਦੀ ਲੋੜਾਂ ਦੇ ਮੁਹਤਾਜ਼ ਹਨ। ਕਿਹੜਾ ਐਸਾ ਪੱਥਰ ਦਿਲ ਮਨੁੱਖ ਹੈ, ਕਿਰਤੀਆਂ ਕਿਸਾਨਾਂ ਦੀ ਬੇਵਸੀ ਤੇ ਲਾਚਾਰੀ ਨੂੰ ਵੇਖ ਜਿਸ ਦਾ ਖ਼ੂਨ ਉਬਲ ਨਹੀਂ ਪੈਂਦਾ। ਕਹਿਰ ਹੈ ਯਾਰੋ! ਜਿਹੜਾ ਆਪਣੀ ਜ਼ਿੰਦਗੀ ਤੇ ਖ਼ੂਨ ਨਾਲ ਸਰਮਾਏਦਾਰੀ ਦੇ ਮਹੱਲ ਉਸਾਰਦਾ ਹੈ। ਉਹ ਆਪ ਢਿੱਡੋਂ ਖ਼ਾਲੀ ਤੇ ਕੇਵਲ ਆਕਾਸ਼ ਦੀ ਛੱਤ ਹੇਠ ਸੌਂਵੇਂ। ਅਜਿਹੇ ਨਿਜ਼ਾਮ ਨੂੰ ਸਾੜ ਕੇ ਸੁਆਹ ਕਿਉਂ ਨਹੀਂ ਕਰ ਦਿੱਤਾ ਜਾਂਦਾ। ਹੁਣ ਤਾਂ ਇਨਕਲਾਬ, ਇਨਕਲਾਬ ਦੇ ਵਹਿਣ ਤੇ ਖੜ੍ਹਾ ਹੈ। ਅਸੀਂ ਕਰੋੜਾਂ ਲੋਕੀਂ ਜਿਹੜੇ ਬਦੇਸ਼ੀ ਅੱਗ ਵਿੱਚ ਧੁਖ ਰਹੇ ਹਾਂ। ਜੇਕਰ ਅਸੀਂ 'ਕਿਸਮਤ' ਦੇ ਆਪ ਕਰਿੰਦੇ ਬਣ ਜਾਈਏ ਤਾਂ ਇਸ ਦਾ ਸਿੱਟਾ ਇਨਕਲਾਬ ਹੋਏਗਾ ਅਤੇ ਇਹੋ ਇਨਕਲਾਬ ਸਾਡੀ ਆਜ਼ਾਦੀ ਦੀ ਜ਼ਾਮਨ ਹੈ।

## ਮਨੁੱਖਤਾ ਦੇ ਮੱਥੇ ਦਾ ਸੱਗੀ ਫੁੱਲ - ਐਡੇਲ

ਉਹ ਕਦੇ ਇੱਕ ਫੁੱਲ ਵਾਂਗ ਸੁੰਦਰ ਅਤੇ ਕੋਮਲ ਅਦਾਕਾਰਾ ਸੀ, ਪਰ ਅੱਜ ਉਸਦੀ ਤਾਜ਼ਗੀ ਫਿੱਕੀ ਪੈ ਗਈ ਹੈ। ਉਸਦੇ ਰੇਸ਼ਮੀ ਵਾਲ ਹੁਣ ਉਲਝੇ ਹੋਏ ਹਨ। ਦੋ ਹਫ਼ਤਿਆਂ ਦੇ ਲਗਾਤਾਰ ਸਮੁੰਦਰੀ ਸਫ਼ਰ, ਲਹਿਰਾਂ ਦੇ ਝਟਕੇ, ਸਮੁੰਦਰੀ ਬਿਮਾਰੀ, ਬੇਅਰਾਮੀ ਅਤੇ ਉਨੀਂਦਰੇ ਨੇ ਉਸਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇਹ ਪਛਾਣਨਾ ਮੁਸ਼ਕਲ ਹੈ ਕਿ ਇਹ ਉਹੀ ਐਡੇਲ ਹੈਨੇਲ ਹੈ ਜਿਸਨੇ "ਪੋਰਟਰੇਟ ਆਫ਼ ਏ ਲੇਡੀ ਔਨ ਫਾਇਰ" ਫਿਲਮ ਤੋਂ ਵਿਸ਼ਵ ਪ੍ਰਸਿੱਧੀ ਪ੍ਰਾਪਤ ਕੀਤੀ ਸੀ। ਪੈਰਿਸ ਦੀ ਇਸ ਰਾਜਕੁਮਾਰੀ ਨੇ ਛੋਟੀ ਉਮਰ ਵਿੱਚ ਹੀ ਫਿਲਮੀ ਦੁਨੀਆਂ ਵਿੱਚ ਕਦਮ ਰੱਖਿਆ ਸੀ ਅਤੇ ਦੋ ਵਾਰ "ਸੀਜ਼ਰ ਅਵਾਰਡ" ਜਿੱਤਿਆ ਹੈ। ਉਸਦਾ ਨਾਮ ਫ੍ਰੈਂਚ ਸਿਨੇਮਾ ਦੇ ਪ੍ਰਮੁੱਖ ਅਤੇ ਤੇਜ਼ੀ ਨਾਲ ਉੱਭਰ ਰਹੇ ਸਿਤਾਰਿਆਂ ਵਿੱਚ ਸ਼ਾਮਲ ਸੀ। ਪਰ ਕੁਝ ਮਹੀਨੇ ਪਹਿਲਾਂ ਉਸਨੇ ਚੁੱਪਚਾਪ ਝੂਠੀ ਚਮਕ ਨੂੰ ਅਲਵਿਦਾ ਕਹਿ ਦਿੱਤਾ। ਕਿਉਂ? ਉਸਨੇ ਇੱਕ ਵੀਡੀਓ ਦੇਖਿਆ ਸੀ – ਗਾਜ਼ਾ ਦੇ ਮਾਸੂਮ ਬੱਚਿਆਂ ਦੀਆਂ ਰੋਂਦੀਆਂ ਤਸਵੀਰਾਂ, ਖਿੰਡੇ ਹੋਏ ਅੰਗ। ਜਿਸਨੇ ਉਸਦੇ ਕੋਮਲ ਹਿਰਦੇ ਨੂੰ ਹਿਲਾ ਕੇ ਰੱਖ ਦਿੱਤਾ। ਹਰ ਵੇਲੇ ਉਸਦੀਆਂ ਅੱਖਾਂ ਵਿਚ ਤੈਰਦੇ ਦਰਦਮਈ ਉਸ ਦ੍ਰਿਸ਼ ਨੇ ਉਸਨੂੰ ਸ਼ਾਂਤੀ ਨਾਲ ਟਿਕਣ ਨਹੀਂ ਦਿੱਤਾ। ਉਹ ਗਾਜਾ ਦੇ ਲੋਕਾਂ ਦੀ ਮਦਦ ਕਰਨ ਜਾਣ ਵਾਲੀ ਸਮੁੰਦਰੀ ਮੁਹਿੰਮ ਫਲੋਟੀਲਾ ਦਾ ਹਿੱਸਾ ਬਣ ਗਈ। ਕਈ ਕਿਸ਼ਤੀਆਂ ਦੇ ਕਾਫ਼ਲੇ–ਏ–ਸਮੁਦ ਦੌਰਾਨ ਆਪਣੀ ਕਿਸ਼ਤੀ ਵਿੱਚੋਂ ਮੈਡੀਟੇਰੀਅਨ ਸਾਗਰ ਦੇ ਖੁੱਲ੍ਹੇ ਪਾਣੀਆਂ ਵਿੱਚ ਅਲਜਜ਼ੀਰਾ ਨੂੰ ਇੰਟਰਵਿਊ ਦਿੰਦੇ ਹੋਏ ਉਸਨੇ ਆਪਣੇ ਆਪ ਨੂੰ ਹੰਝੂਆਂ ਵਿੱਚ ਡੁਬੋ ਦਿੱਤਾ ਅਤੇ ਸਰੋਤਿਆਂ ਨੂੰ ਰੋਣ ਲਾ ਦਿੱਤਾ। ਕੰਬਦੀ ਆਵਾਜ਼ ਵਿੱਚ ਉਸਨੇ ਕਿਹਾ : "ਮੈਂ ਇਨ੍ਹਾਂ ਦ੍ਰਿਸ਼ਾਂ ਨੂੰ ਦੇਖਣ ਤੋਂ ਬਾਅਦ ਚੁੱਪ ਨਹੀਂ ਰਹਿ ਸਕਦੀ। ਮੈਨੂੰ ਹਰ ਹਾਲਤ ਵਿੱਚ ਇਨ੍ਹਾਂ ਬੱਚਿਆਂ ਤੱਕ ਪਹੁੰਚਣਾ ਪਿਆ। ਇਸੇ ਲਈ ਮੈਂ ਕਾਫ਼ਲੇ–ਏ–ਸਮੁਦ ਦਾ ਹਿੱਸਾ ਬਣੀ।" ਐਡੇਲ ਨੇ ਇਸ ਯਾਤਰਾ ਨੂੰ ਇੱਕ ਪ੍ਰਤੀਕਾਤਮਕ ਅਤੇ ਮਾਨਵਤਾਵਾਦੀ ਫਰਜ਼ ਦੱਸਿਆ ਅਤੇ ਕਿਹਾ : "ਇਹ ਉਹ ਪਲ ਹੈ ਜਦੋਂ ਸਾਨੂੰ ਦੁਨੀਆ ਨੂੰ ਦਿਖਾਉਣਾ ਹੈ ਕਿ ਮਨੁੱਖਤਾ ਅਜੇ ਵੀ ਜਿਉਂਦੀ ਹੈ।" ਉਸਦੀ ਇਸ ਹੌਂਸਲੇ ਭਰਪੂਰ ਸ਼ਮੂਲੀਅਤ ਨੇ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ। ਉਹ ਇੱਕ ਅਦਾਕਾਰਾ ਤੋਂ ਵੱਧ ਪੀੜਤਾਂ ਦੀ ਆਵਾਜ਼ ਬਣ ਗਈ। ਅੱਜ ਉਸਦੀਆਂ ਅੱਖਾਂ ਵਿੱਚ ਹੰਝੂ, ਉਸਦੀ ਜ਼ੁਬਾਨ ਦੇ ਸ਼ਬਦ ਅਤੇ ਉਸਦਾ ਦ੍ਰਿੜ ਇਰਾਦਾ, ਇਹ ਸਭ ਫਲਸਤੀਨੀ ਲੋਕਾਂ ਨਾਲ ਏਕਤਾ ਦਾ ਐਲਾਨ ਬਣ ਗਿਆ ਹੈ। ਐਡੇਲ ਨੇ ਆਪਣੇ ਸਾਥੀਆਂ ਨਾਲ ਇਤਿਹਾਸ ਦਾ ਇੱਕ ਹੋਰ ਸ਼ਾਨਦਾਰ ਅਧਿਆਇ ਲਿਖਿਆ। ਇਸ ਮੁਹਿੰਮ ਦੀ ਅਗਵਾਈ ਪ੍ਰਸਿੱਧ ਵਾਤਾਵਰਨ ਅਤੇ ਮਨੁੱਖੀ ਹੱਕਾਂ ਦੀ ਯੋਧਾ ਗਰੇਟਾ ਥੁੰਨਬਰਗ ਨੇ ਕੀਤੀ। ਇਸ ਮੁਹਿੰਮ ਵਿੱਚ ਹਾਲੀਵੁੱਡ ਕਲਾਕਾਰ ਮਾਰਕ ਰੁਫੇਲੋ, ਅਦਾਕਾਰਾ ਸੁਜ਼ਾਨ ਸਾਰਾਂਡਨ, ਆਇਰਸ਼ ਅਦਾਕਾਰ ਲੀਅਮ ਕੁਨਿੰਘਮ, ਇਟਾਲੀਅਨ ਅੱਨਾ ਫੌਗਲੇਟਾ, ਨੈਲਸਨ ਮੰਡੇਲਾ ਦੇ ਪੋਤਰੇ ਨਿਕੋਸੀ ਮੰਡੇਲਾ (Nkosi Mandela) ਸਮੇਤ ਬਹੁਤ ਸਾਰੀਆਂ ਹਸਤੀਆਂ ਗਾਜਾ ਦੀ ਨਸਲਕੁਸ਼ੀ ਵਿਰੁੱਧ ਸ਼ਾਮਲ ਹੋਈਆਂ। ਐਡੇਲ ਵਰਗੇ ਲੋਕ ਮਨੁੱਖਤਾ ਦੇ ਮੱਥੇ ਦਾ ਸੱਗੀ ਫੁੱਲ ਹੁੰਦੇ ਹਨ।


ਐਡੇਲ ਹੈਨੇਲ

-ਜਸਬੀਰ ਦੀਪ

# ਨਵੀਆਂ ਵਿਗਿਆਨਕ ਖੋਜਾਂ

*ਮਨੁੱਖ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਵਿਗਿਆਨ ਲਗਾਤਾਰ ਯਤਨਸ਼ੀਲ ਰਹਿੰਦਾ ਹੈ। ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚ ਹਜ਼ਾਰਾਂ ਵਿਗਿਆਨੀ ਚੁੱਪ ਚਾਪ ਦਿਨ ਰਾਤ ਮਿਹਨਤ ਕਰਦੇ ਰਹਿੰਦੇ ਹਨ, ਜਿਸ ਦੇ ਸਿੱਟੇ ਵਜੋਂ ਨਵੀਆਂ ਨਵੀਆਂ ਖੋਜਾਂ ਹੁੰਦੀਆਂ ਰਹਿੰਦੀਆਂ ਹਨ, ਜੋ ਮਨੁੱਖੀ ਜ਼ਿੰਦਗੀ ਨੂੰ ਬਿਹਤਰ ਕਰਨ ਵਿੱਚ ਯੋਗਦਾਨ ਪਾਉਂਦੀਆਂ ਹਨ। ਚਾਹੇ ਸਰਮਾਏਦਾਰ ਕੰਪਨੀਆਂ ਵੱਲੋਂ ਇਨ੍ਹਾਂ ਖੋਜਾਂ ਨੂੰ ਆਪਣੇ ਮੁਨਾਫੇ ਲਈ ਵਰਤਣ ਦੀ ਲਾਲਸਾ ਵਿੱਚੋਂ ਇਨ੍ਹਾਂ ਖੋਜਾਂ ਦੇ ਪੂਰੇ ਲਾਭ ਆਮ ਆਦਮੀ ਤੱਕ ਨਹੀਂ ਪਹੁੰਚਣ ਦਿੱਤੇ ਜਾਂਦੇ ਪਰ ਇਹ ਗੱਲ ਤਾਂ ਸਪਸ਼ਟ ਹੈ ਕਿ ਮਨੁੱਖ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਿਗਿਆਨ ਨੇ ਹੀ ਮਹੱਤਵਪੂਰਨ ਰੋਲ ਅਦਾ ਕਰਨਾ ਹੈ।*

*ਇਸ ਗੱਲ ਦੇ ਮਹੱਤਵ ਨੂੰ ਸਮਝਦੇ ਹੋਏ ਅਸੀਂ ਨਵੀਆਂ ਵਿਗਿਆਨਕ ਖੋਜਾਂ ਅਤੇ ਕਾਢਾਂ ਤੋਂ ਪਾਠਕਾਂ ਨੂੰ ਜਾਣੂ ਕਰਾਉਣ ਲਈ ਲਗਾਤਾਰ ਕੋਸ਼ਿਸ਼ਾਂ ਕਰਦੇ ਰਹਾਂਗੇ ਤਾਂ ਜੋ ਤਰਕਸ਼ੀਲ ਦੇ ਪਾਠਕ ਨਵੀਂ ਵਿਗਿਆਨਕ ਜਾਣਕਾਰੀ ਤੋਂ ਵਾਂਝੇ ਨਾ ਰਹਿਣ।*

## ਹੱਡੀਆਂ ਦੇ ਜੋੜਨ ਲਈ ਨਵਾਂ ਪਦਾਰਥ

ਅਸੀਂ ਜਾਣਦੇ ਹਾਂ ਕਿ ਡਾਕਟਰ ਟੁੱਟੀ ਹੋਈ ਹੱਡੀ ਨੂੰ ਸਹੀ ਜਗ੍ਹਾ 'ਤੇ ਫਿੱਟ ਕਰਕੇ ਉਸ ਵਿੱਚ ਧਾਤ ਦਾ ਸਰੀਆ, ਪਲੇਟਾਂ ਜਾਂ ਤਾਰਾਂ ਆਦਿ ਨਾਲ ਕੱਸ ਦਿੰਦਾ ਹੈ। ਸਮਾਂ ਪਾ ਕੇ ਟੁੱਟੀ ਹੱਡੀ ਜੁੜਨੀ ਸ਼ੁਰੂ ਹੋ ਜਾਂਦੀ ਹੈ। ਪਰ ਹੱਡੀ ਟੁੱਟਣ ਦਾ ਵੱਡਾ ਦੁੱਖ ਇਹ ਹੁੰਦਾ ਹੈ ਕਿ ਇਸ ਨੂੰ ਜੁੜਨ ਵਿੱਚ ਸਮਾਂ ਬਹੁਤ ਲੱਗਦਾ ਹੈ ਅਤੇ ਟੁੱਟੀ ਹੱਡੀ ਵਾਲੇ ਮਰੀਜ਼ ਨੂੰ ਕਈ ਮਹੀਨੇ ਬਿਨਾਂ ਉਹ ਅੰਗ ਹਿਲਾਏ ਮੰਜੇ ਉੱਤੇ ਪੈਣਾ ਪੈਂਦਾ ਹੈ। ਹੱਡੀ ਮੁੜ ਆਪਣੀ ਥਾਂ ਤੋਂ ਹਿੱਲ ਨਾ ਜਾਵੇ, ਇਸ ਲਈ ਉਸ ਟੁੱਟੀ ਲੱਤ ਜਾਂ ਬਾਂਹ ਉੱਤੇ ਪਲੱਸਤਰ ਲਗਾ ਕੇ ਰੱਖਿਆ ਜਾਂਦਾ ਹੈ। ਇਹ ਪਲੱਸਤਰ ਲਗਾ ਕੇ ਨਿਸ਼ਚਲ ਰਹਿਣਾ ਕਾਫੀ ਔਖਾ ਕੰਮ ਹੁੰਦਾ ਹੈ। ਕਈ ਵਾਰ ਇਉਂ ਕਈ ਮਹੀਨੇ ਉਹ ਜੋੜ ਨਾ ਹਿਲਾਉਣ ਕਰਕੇ ਜੋੜ ਵੀ ਜਾਮ ਹੋ ਜਾਂਦਾ ਹੈ, ਜਿਸ ਨੂੰ ਮੁੜ ਚਲਾਉਣਾ ਕਾਫੀ ਤਕਲੀਫ ਦੇਹ ਹੁੰਦਾ ਹੈ।

ਹੁਣ ਚੀਨ ਦੇ ਵਿਗਿਆਨਕਾਂ ਨੇ ਟੁੱਟੀਆਂ ਹੱਡੀਆਂ ਨੂੰ ਜੋੜਨ ਲਈ ਅਜਿਹਾ ਪਦਾਰਥ ਬਣਾਇਆ, ਹੈ ਜੋ ਟੁੱਟੀ ਹੱਡੀ ਨੂੰ ਦੋ ਤਿੰਨ ਮਿੰਟ ਵਿੱਚ ਹੀ ਜੋੜ ਦੇਵੇਗਾ। ਇਸ ਨੂੰ bone-glue ਭਾਵ ਹੱਡੀ ਗੂੰਦ ਦਾ ਨਾਮ ਦਿੱਤਾ ਗਿਆ ਹੈ। ਹੱਡੀ ਨੂੰ ਜੋੜਨ ਉਪਰੰਤ ਇਹ ਗੂੰਦ ਛੇ ਮਹੀਨੇ ਦੇ ਸਮੇਂ ਵਿੱਚ ਹੀ ਘੁਲ ਕੇ ਸਰੀਰ ਵਿੱਚੋਂ ਖਤਮ ਹੋ ਜਾਂਦੀ ਹੈ। ਇਸ ਹੱਡੀ ਗੂੰਦ ਦਾ 150 ਮਰੀਜ਼ਾਂ ਉੱਤੇ ਸਫਲ ਤਜਰਬਾ ਕੀਤਾ ਜਾ ਚੁੱਕਾ ਹੈ। ਇਸ ਨਾਲ ਪਲਸਤਰ ਲਗਾ ਕੇ ਲੰਮਾ ਸਮਾਂ ਮੰਜੇ ਉੱਤੇ ਪਏ ਰਹਿਣ ਦਾ ਦੁੱਖ ਖਤਮ ਹੋ ਜਾਵੇਗਾ। ਦਿਲਚਸਪ ਗੱਲ ਹੈ ਕਿ ਚੀਨ ਦੇ ਵਿਗਿਆਨੀਆਂ ਨੂੰ ਇਹ ਖੋਜ ਕਰਨ ਦੀ ਪ੍ਰੇਰਨਾ ਸਿੱਪੀਆਂ ਤੋਂ ਮਿਲੀ ਜੋ ਅਜਿਹਾ ਪਦਾਰਥ ਪੈਦਾ ਕਰਦੀਆਂ ਹਨ। ਇਸ ਪਦਾਰਥ ਦੀ ਸਹਾਇਤਾ ਨਾਲ ਉਹ ਸਮੁੰਦਰ ਵਿਚਲੀਆਂ ਚਟਾਨਾਂ ਨਾਲ ਬਹੁਤ ਮਜ਼ਬੂਤੀ ਚਿਪਕ ਜਾਂਦੀਆਂ ਹਨ।

## ਰੇਤਲੀ ਜ਼ਮੀਨ ਨੂੰ ਉਪਜਾਊ ਬਣਾਉਣ ਵਾਲੀ ਨੈਨੋਕਲੇਅ

ਕਲੇਅ (Clay) ਤੋਂ ਭਾਵ ਮਿੱਟੀ ਹੁੰਦਾ ਹੈ ਅਤੇ ਇਹ ਸ਼ਬਦ ਵਿਸ਼ੇਸ਼ ਤੌਰ 'ਤੇ ਚੀਕਣੀ ਮਿੱਟੀ ਲਈ ਵਰਤਿਆ ਜਾਂਦਾ ਹੈ। ਚੀਕਣੀ ਮਿੱਟੀ ਦੇ ਕਣ ਰੇਤ ਦੇ ਮੁਕਾਬਲੇ ਬਹੁਤ ਬਰੀਕ ਹੁੰਦੇ ਹਨ ਜਿਸ ਕਰਕੇ ਉਹ ਆਪਸ ਵਿੱਚ ਚਿਪਕੇ ਰਹਿੰਦੇ ਹਨ ਅਤੇ ਜ਼ਮੀਨ ਨੂੰ ਸਖਤ ਬਣਾਉਂਦੇ ਹਨ। ਨੈਨੋ ਦਾ ਅਰਥ ਹੁੰਦਾ ਹੈ ਅਤਿ ਮਹੀਨ। ਸੋ ਨੈਨੋਕਲੇਅ ਉਹ ਮਿੱਟੀ ਹੈ, ਜਿਸ ਦੇ ਕਣ ਅੱਤ ਮਹੀਨ ਹੁੰਦੇ ਹਨ। ਨੈਨੋਕਲੇਅ ਦੇ ਕਣ ਆਮ ਚੀਕਣੀ ਮਿੱਟੀ ਦੇ ਕਣਾਂ ਤੋਂ 100 ਗੁਣਾਂ ਛੋਟੇ ਹੁੰਦੇ ਹਨ।

ਇਸ ਨੈਨੋਕਲੇਅ ਨੂੰ ਹੁਣ ਵਿਗਿਆਨੀਆਂ ਨੇ ਰੇਤਲੀਆਂ ਜ਼ਮੀਨਾਂ ਨੂੰ ਉਪਜਾਊ ਬਣਾਉਣ ਲਈ ਵਰਤਣ ਦੀ ਖੋਜ ਕੀਤੀ ਹੈ। ਰੇਤਲੀ ਜ਼ਮੀਨ ਉੱਤੇ ਤਰਲ ਨੈਨੋਕਲੇਅ ਦਾ ਛਿੜਕਾਅ ਕਰਨ ਨਾਲ ਉਸ ਰੇਤਲੀ ਜ਼ਮੀਨ ਦੇ ਕਣ ਆਪਸ ਵਿੱਚ ਜੁੜ ਜਾਂਦੇ ਹਨ। ਇਸ ਨਾਲ ਇਹਨਾਂ ਜ਼ਮੀਨਾਂ ਵਿੱਚ ਪਾਣੀ ਸੋਖਣ ਅਤੇ ਪੌਦਿਆਂ ਲਈ ਲੋੜੀਂਦੇ ਤੱਤ ਜਮ੍ਹਾਂ ਕਰਨ ਦੀ ਸਮਰੱਥਾ ਬਹੁਤ ਵੱਧ ਜਾਂਦੀ ਹੈ। ਰੇਤਲੀ ਜ਼ਮੀਨ ਵਿੱਚ ਇਸ ਗੁਣ ਦੀ ਘਾਟ ਕਾਰਨ ਹੀ ਫਸਲਾਂ ਪੈਦਾ ਨਹੀਂ ਹੁੰਦੀਆਂ। ਇਸ ਤਰ੍ਹਾਂ ਵਿਗਿਆਨ ਦੀ ਮਦਦ ਨਾਲ ਵੀਰਾਨ ਪਈਆਂ ਰੇਤਲੀਆਂ ਜ਼ਮੀਨਾਂ ਨੂੰ ਵੀ ਉਪਜਾਊ ਬਣਾਇਆ ਜਾ ਸਕੇਗਾ।

**ਮਿੱਟੀ ਦੇ ਕਣਾਂ ਦਾ ਔਸਤਨ ਆਕਾਰ**

ਰੇਤਾ – 1 ਮਿਲੀਮੀਟਰ (.05 to 2 mm)

ਚੀਕਣੀ ਮਿੱਟੀ – 0.001 ਮਿਲੀਮੀਟਰ (less than 2 micrometer)

ਨੈਨੋਕਲੇਅ – 0.00001 ਮਿਲੀਮੀਟਰ (10 to 100 nanometer)

1 ਮਿਲੀਮੀਟਰ = 1000 ਮਾਈਕਰੋਮੀਟਰ ਜਾਂ ਮਾਈਕ੍ਰੋਨ

1 ਮਾਈਕਰੋਮੀਟਰ = 1000 ਨੈਨੋਮੀਟਰ

## ਆਈ. ਆਈ. ਟੀ. ਗੁਹਾਟੀ ਦੀ ਖੋਜ

# 20 ਰੁਪਏ ਵਿੱਚ ਸਾਫ਼ ਹੋਵੇਗਾ 1000 ਲਿਟਰ ਪਾਣੀ

ਭਾਰਤ ਦੇ ਕਈ ਰਾਜਾਂ ਵਿੱਚ ਅੱਜ ਵੀ ਵਧੇਰੇ ਆਬਾਦੀ ਬੇਹੱਦ ਜਿਆਦਾ ਫਲੋਰਾਈਡ ਤੇ ਆਇਰਨ ਯੁਕਤ ਪਾਣੀ 'ਤੇ ਨਿਰਭਰ ਹੈ। ਇਸ ਪਾਣੀ ਦੀ ਵਰਤੋਂ ਹੱਡੀਆਂ ਅਤੇ ਸਰੀਰ ਲਈ ਬਹੁਤ ਜ਼ਿਆਦਾ ਨੁਕਸਾਨਦਾਇਕ ਹੁੰਦੀ ਹੈ। ਪਰੰਤੂ ਹੁਣ ਆਈ. ਟੀ. ਆਈ. ਗੁਹਾਟੀ ਦੇ ਵਿਗਿਆਨੀਆਂ ਨੇ ਇਸ ਸਮੱਸਿਆ ਦਾ ਹੱਲ ਲੱਭ ਲਿਆ ਹੈ।

ਇਨ੍ਹਾਂ ਵਿਗਿਆਨੀਆਂ ਨੇ ਇੱਕ ਅਜਿਹਾ ਕਮਿਊਨਿਟੀ-ਸਕੇਲ ਵਾਟਰ ਟਰੀਟਮੈਂਟ ਸਿਸਟਮ ਵਿਕਸਿਤ ਕੀਤਾ ਹੈ, ਜੋ ਹਰ ਰੋਜ਼ 20,000 ਲਿਟਰ ਫਲੋਰਾਈਡ ਅਤੇ ਆਇਰਨ ਯੁਕਤ ਦੂਸ਼ਿਤ ਭੂ-ਜਲ ਨੂੰ ਸਾਫ਼ ਕਰ ਸਕਦਾ ਹੈ। ਇਸ ਤਰ੍ਹਾਂ ਇਹ ਤਕਨੀਕ ਘੱਟ ਲਾਗਤ ਨਾਲ ਦੂਰ ਦਰਾਜ ਦੇ ਪਿੰਡਾਂ ਤੇ ਕਸਬਿਆਂ ਵਿੱਚ ਸੁਰਖਿਅਤ ਪੀਣ ਦਾ ਪਾਣੀ ਪਹੁੰਚਾਉਣ ਲਈ ਬੇਹੱਦ ਕਾਰਗਰ ਸਾਬਿਤ ਹੋ ਸਕਦੀ ਹੈ।

**ਕਿੰਨੀ ਗੰਭੀਰ ਹੈ ਫਲੋਰਾਈਡ ਦੀ ਸਮੱਸਿਆ?**

ਫਲੋਰਾਈਡ ਇੱਕ ਖਣਿਜ ਹੈ, ਜਿਸਦੀ ਵਰਤੋਂ ਆਮ ਤੌਰ 'ਤੇ ਟੁੱਥ ਪੇਸਟ, ਕੀਟਨਾਸ਼ਕਾਂ, ਖਾਦਾਂ ਅਤੇ ਕੁਝ ਸਨਅਤੀ ਕੰਮਾਂ ਵਿੱਚ ਹੁੰਦੀ ਹੈ। ਇਹ ਕੁਦਰਤੀ ਤੌਰ 'ਤੇ ਜਾਂ ਖੇਤੀ ਉਦਯੋਗ ਜਿਹੀਆਂ ਮਾਨਵੀ ਗਤੀਵਿਧੀਆਂ ਦੇ ਕਾਰਣ ਜਮੀਨ ਹੇਠਲੇ ਪਾਣੀ ਵਿੱਚ ਘੁਲ ਸਕਦਾ ਹੈ। ਜਿਆਦਾ ਫਲੋਰਾਈਡ ਵਾਲਾ ਪਾਣੀ ਪੀਣ ਨਾਲ ਫ਼ਲੋਰੋਸਿਸ ਨਾਮੀ ਗੰਭੀਰ ਬੀਮਾਰੀ ਹੋ ਸਕਦੀ ਹੈ। ਇਸ ਬੀਮਾਰੀ ਨਾਲ ਹੱਡੀਆਂ ਸਖ਼ਤ ਹੋ ਜਾਂਦੀਆਂ ਹਨ ਅਤੇ ਜੋੜਾਂ ਵਿੱਚ ਅਕੜਾਅ ਤੇ ਦਰਦ ਹੋ ਜਾਂਦਾ ਹੈ। ਭਾਰਤ ਦੇ ਕਈ ਰਾਜਾਂ ਰਾਜਸਥਾਨ, ਤਿਲੰਗਾਨਾ, ਆਂਧਰਾ ਪ੍ਰਦੇਸ਼, ਕਰਨਾਟਕ, ਹਰਿਆਣਾ ਅਤੇ ਗੁਜਰਾਤ ਵਿੱਚ ਇਹ ਸਮੱਸਿਆ ਗੰਭੀਰ ਹੈ।

ਜਾਣਕਾਰੀ ਅਨੁਸਾਰ ਆਈ.ਆਈ.ਟੀ. ਗੁਹਾਟੀ ਵੱਲੋਂ ਵਿਕਸਿਤ ਇਹ ਤਕਨੀਕ ਚਾਰ ਮੁੱਖ ਪੜਾਵਾਂ ਵਿੱਚ ਪਾਣੀ ਨੂੰ ਸ਼ੁੱਧ ਕਰਦੀ ਹੈ। ਪਹਿਲੇ ਪੜਾਅ ਵਿੱਚ ਵਿਸ਼ੇਸ਼ ਉਪਕਰਣ ਦੀ ਮੱਦਦ ਨਾਲ ਪਾਣੀ ਵਿੱਚ ਆਕਸੀਜਨ ਮਿਲਾਈ ਜਾਂਦੀ ਹੈ ਤਾਂ ਕਿ ਘੁਲਿਆ ਹੋਇਆ ਆਇਰਨ ਨਿੱਕਲ ਜਾਏ। ਇਸ ਤੋਂ ਬਾਅਦ ਇਲੈਕਟਰੋ ਕੋਐਗੂਲੇਸ਼ਨ ਦਾ ਪੜਾਅ ਆਉਂਦਾ ਹੈ, ਜਿਸ ਵਿੱਚ ਅਲੂਮੀਨੀਅਮ ਇਲੈਕਟ੍ਰੋਡ ਰਾਹੀਂ ਬਿਜਲੀ ਦੀ ਹਲਕੀ ਧਾਰਾ ਭੇਜੀ ਜਾਂਦੀ ਹੈ, ਜਿਸ ਨਾਲ ਪਾਣੀ ਵਿੱਚ ਮੌਜੂਦ ਦੂਜੇ ਤੱਤ ਆਕਰਸ਼ਿਤ ਹੋ ਕੇ ਜੁੜ ਜਾਂਦੇ ਹਨ। ਅਗਲੇ ਪੜਾਵਾਂ ਦੌਰਾਨ ਜੁੜੇ ਹੋਏ ਕਣ ਵੱਡੇ ਗੁੱਛਿਆਂ 'ਚ ਬਦਲ ਜਾਂਦੇ ਹਨ ਅਤੇ ਫਲੋਕੂਲੇਸ਼ਨ ਚੈਂਬਰ ਵਿੱਚ ਹੇਠਾਂ ਬੈਠ ਜਾਂਦੇ ਹਨ। ਇਸ ਉਪਰੰਤ ਆਖਰ ਵਿੱਚ ਪਾਣੀ ਨੂੰ ਕੋਇਲੇ, ਰੇਤ ਤੇ ਬੱਜਰੀ ਦੇ ਕਈ ਤੈਹਾਂ ਵਾਲੇ ਫਿਲਟਰ ਵਿੱਚੋਂ ਲੰਘਾਇਆ ਜਾਦਾ ਹੈ। ਇਸ ਨਾਲ ਬਚੀਆਂ ਹੋਈਆਂ ਅਸ਼ੁੱਧੀਆਂ ਵੀ ਦੂਰ ਹੋ ਜਾਂਦੀਆਂ ਹਨ।

**ਸਸਤਾ ਹੋਣ ਦੇ ਨਾਲ ਪ੍ਰਭਾਵਸ਼ੀਲ ਵੀ :**

ਆਈ. ਆਈ. ਟੀ. ਗੁਹਾਟੀ ਵੱਲੋਂ ਸਾਂਝੀ ਕੀਤੀ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਇਸ ਤਕਨੀਕ ਦੀ ਸਭ ਤੋਂ ਖਾਸ ਗੱਲ ਸਸਤੀ ਹੋਣਾ ਹੈ। ਇਹ ਸਿਰਫ਼ 20 ਰੁਪਏ ਦੇ ਖਰਚ ਨਾਲ 1000 ਲਿਟਰ ਪਾਣੀ ਸਾਫ਼ ਕਰ ਸਕਦੀ ਹੈ। ਏਨਾ ਹੀ ਨਹੀਂ ਇਸਨੂੰ ਚਲਾਉਣ ਲਈ ਬਹੁਤ ਘੱਟ ਨਿਗਰਾਨੀ ਦੀ ਜਰੂਰਤ ਪੈਂਦੀ ਹੈ ਤੇ ਇਸਦਾ ਜੀਵਨਕਾਲ ਕਰੀਬ 15 ਸਾਲ ਹੈ। ਇਸ ਵਿੱਚ ਹਰ ਛੇ ਮਹੀਨੇ ਬਾਅਦ ਇਲੈਕਟ੍ਰੋਡ ਬਦਲਣ ਦੀ ਜਰੂਰਤ ਹੁੰਦੀ ਹੈ, ਜਿਸਨੂੰ ਸਮੇਂ ਸਿਰ ਬਦਲਣ ਲਈ ਇੱਕ ਸੇਫਟੀ ਅਲਰਟ ਸਿਸਟਮ ਵੀ ਜੋੜਿਆ ਗਿਆ ਹੈ।

ਇਸ ਤਕਨੀਕ ਨੂੰ ਅਸਾਮ ਦੇ ਚਾਂਗਸਾਰੀ ਇਲਾਕੇ ਵਿੱਚ ਪਾਇਲਟ ਪ੍ਰਜੈਕਟ ਦੇ ਤੌਰ 'ਤੇ ਸਥਾਪਿਤ ਕੀਤਾ ਗਿਆ ਹੈ। ਜਿੱਥੇ 12 ਹਫਤਿਆਂ ਤੱਕ ਇਸਦਾ ਸਫ਼ਲ ਪ੍ਰੀਖਣ ਕੀਤਾ ਗਿਆ। ਪ੍ਰੀਖਣ ਵਿੱਚ ਇਹ ਪ੍ਰਣਾਲੀ 94 ਫੀਸਦੀ ਆਇਰਨ ਅਤੇ 89 ਫੀਸਦੀ ਫਲੋਰਾਈਡ ਨੂੰ ਪਾਣੀ 'ਚੋ ਖਾਰਜ਼ ਕਰਨ ਵਿੱਚ ਸਫ਼ਲ ਰਹੀ, ਜਿਸ ਨਾਲ ਪਾਣੀ ਭਾਰਤੀ ਮਾਪ ਦੰਡ ਅਨੁਸਾਰ ਸੁਰੱਖਿਅਤ ਹੋ ਗਿਆ।

**ਆਉਣ ਵਾਲੇ ਸਮੇਂ ਵਿੱਚ ਹੋਰ ਵਿਕਸਿਤ ਹੋਵੇਗੀ ਤਕਨੀਕ:**

ਭਵਿੱਖ ਦੀਆਂ ਸੰਭਾਵਨਾਵਾਂ ਬਾਰੇ ਗੱਲਬਾਤ ਕਰਦੇ ਹੋਏ ਪ੍ਰੋਫੈਸਰ ਮਿਹਰ ਕੁਮਾਰ ਪੁਰਕਾਇਤ ਨੇ ਜਾਣਕਾਰੀ ਦਿੱਤੀ, 'ਅਸੀਂ ਇਸ ਪ੍ਰਣਾਲੀ ਨੂੰ ਸੌਰ ਜਾਂ ਪੌਣ ਊਰਜਾ ਨਾਲ ਚਲਾਉਣ ਦੀ ਦਿਸ਼ਾ ਵਿੱਚ ਵੀ ਕੰਮ ਕਰ ਰਹੇ ਹਾਂ। ਇਸਦੇ ਨਾਲ ਹੀ ਇਲੈਕਟਰੋ ਕੋਐਗੂਲੇਸ਼ਨ ਪ੍ਰਕਿਰਿਆ ਵਿੱਚ ਬਣਨ ਵਾਲੀ ਹਾਈਡਰੋਜਨ ਦਾ ਇਸਤੇਮਾਲ ਕਰਨ ਦੀ ਯੋਜਨਾ ਵੀ ਹੈ। ਇਸ ਦੇ ਨਾਲ ਹੀ ਰੀਅਲ-ਟਾਈਮ ਸੈਂਸਰ ਅਤੇ ਸਵੈ-ਚਾਲਤ ਕੰਟਰੋਲ ਵਰਗੀ ਸਮਾਰਟ ਤਕਨੀਕਾਂ ਨੂੰ ਜੋੜ ਕੇ ਅਸੀਂ ਇਸਨੂੰ ਹੋਰ ਵੀ ਘੱਟ ਦੇਖਰੇਖ ਵਿੱਚ ਚੱਲਣ ਯੋਗ ਬਣਾ ਸਕਾਂਗੇ, ਤਾਂ ਕਿ ਇਹ ਦੂਰ ਦਰਾਜ਼ ਅਤੇ ਜਰੂਰਤਮੰਦ ਇਲਾਕਿਆਂ ਵਿੱਚ ਵੀ ਪ੍ਰਭਾਵੀ ਢੰਗ ਨਾਲ ਕੰਮ ਕਰ ਸਕੇ।

('ਡਾਊਨ ਟੂ ਅਰਥ' ਦੇ ਧੰਨਵਾਦ ਸਹਿਤ)

ਵਿਅੰਗ

# ਇੱਕ ਸੁਲਝਿਆ ਆਦਮੀ

ਲੇਖਕ-ਹਰੀ ਸ਼ੰਕਰ ਪਾਰਸਾਈ

*ਹਰੀ ਸ਼ੰਕਰ ਪਾਰਸਾਈ ਹਿੰਦੀ ਦੇ ਉੱਘੇ ਵਿਅੰਗ ਲੇਖਕ ਹਨ। ਉਹ ਰੂੜ੍ਹੀਵਾਦੀ ਪ੍ਰੰਪਰਾਵਾਂ ਉੱਤੇ ਗਹਿਰਾ ਵਾਰ ਕਰਦੇ ਹਨ। ਹੇਠ ਦਿੱਤਾ ਵਿਅੰਗ ਲੇਖ ਉਨ੍ਹਾਂ ਦੀ ਪੁਸਤਕ 'ਨਿਠੱਲੇ ਦੀ ਡਾਇਰੀ' ਵਿਚੋਂ ਲਿਆ ਗਿਆ ਹੈ।*

ਬਹੁਤ ਲੋਕ ਪੁੱਛਦੇ ਨੇ ਕਿ ਮੇਰੀ ਦ੍ਰਿਸ਼ਟੀ ਏਨੀ ਸਾਫ਼ ਕਿਵੇਂ ਹੋ ਗਈ ਹੈ। ਵਿਅਕਤੀਤਵ ਏਨਾ ਸਰਲ ਕਿਵੇਂ ਹੋ ਗਿਆ ਹੈ। ਗੱਲ ਇਹ ਹੈ ਕਿ ਬਹੁਤ ਸਾਲ ਪਹਿਲਾਂ ਮੈਂ ਆਪਣੇ ਆਪ ਨਾਲ ਕੁਝ ਸਿੱਧੇ ਸਵਾਲ ਕੀਤੇ ਸਨ। ਤਦ ਮੇਰੀ ਆਤਮਾ ਬੜੀ ਨਿਰਮਲ ਸੀ। ਪਹਿਲੀ ਸ਼ੇਵ ਦੇ ਕੱਚ ਵਰਗੀ। ਕੁਝ ਲੋਕਾਂ ਦੀ ਆਤਮਾ ਬੁਢਾਪੇ ਤੱਕ ਵੈਸੀ ਹੀ ਰਹਿੰਦੀ ਹੈ, ਜਿਵੇਂ ਪੈਦਾ ਹੋਣ ਵੇਲੇ ਸੀ। ਉਹ ਬਚਪਨ 'ਚ ਜਿਵੇਂ ਬਾਪ ਦਾ ਮਾਲ ਨਿਰਸੰਕੋਚ ਖਾਂਦੇ ਹਨ, ਉਵੇਂ ਸਾਰੀ ਉਮਰ ਦੁਨੀਆ ਭਰ ਨੂੰ ਬਾਪ ਸਮਝ ਕੇ ਉਸਦਾ ਮਾਲ ਨਿਰਸੰਕੋਚ ਮੁਫ਼ਤ ਖਾਂਦੇ ਹਨ। ਮੇਰੀ ਨਿਰਮਲ ਆਤਮਾ ਦੇ ਸਿੱਧੇ-ਪੱਧਰੇ ਸਵਾਲਾਂ ਦੇ ਸਿੱਧੇ ਜਵਾਬ ਆ ਗਏ ਸਨ, ਜਿਵੇਂ ਕਿ ਬਟਨ ਦਬਾਉਣ ਨਾਲ ਪੱਖਾ ਚੱਲਣ ਲੱਗ ਪਵੇ। ਜਿਹੜੇ ਸਵਾਲਾਂ ਦੇ ਜਵਾਬ ਦੁੱਖ ਦੇਣ, ਉਨ੍ਹਾਂ ਨੂੰ ਟਾਲਣ ਨਾਲ ਆਦਮੀ ਸੁਖੀ ਰਹਿੰਦਾ ਹੈ। ਮੈਂ ਹਮੇਸ਼ਾ ਸੁਖੀ ਰਹਿਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਇਹਨਾਂ ਸਵਾਲਾਂ ਦੇ ਸਿਵਾਏ ਕੋਈ ਸਵਾਲ ਨਹੀਂ ਕੀਤਾ ਤੇ ਨਾ ਹੀ ਆਪਣੇ ਜਵਾਬ ਬਦਲੇ। ਮੇਰੀ ਸੁਲਝੀ ਹੋਈ ਦ੍ਰਿਸ਼ਟੀ, ਮੇਰੇ ਆਤਮ-ਵਿਸ਼ਵਾਸ ਤੇ ਮੇਰੇ ਸੁੱਖ ਦਾ ਏਹੀ ਰਹੱਸ ਹੈ। ਦੂਸਰਿਆਂ ਨੂੰ ਸੁੱਖ ਦਾ ਰਸਤਾ ਦੱਸਣ ਲਈ ਮੈਂ ਉਹ ਸਵਾਲ ਤੇ ਉਨ੍ਹਾਂ ਦੇ ਜਵਾਬ ਹੇਠਾਂ ਦਿੰਦਾ ਹਾਂ

– ਤੁਸੀਂ ਕਿਸ ਦੇਸ਼ ਦੇ ਵਾਸੀ ਹੋ?

– ਭਾਰਤ ਦੇ।

– ਸੰਸਾਰ 'ਚ ਸਭ ਤੋਂ ਪੁਰਾਣੀ ਸੰਸਕ੍ਰਿਤੀ ਕਿਸ ਦੇਸ਼ ਦੀ ਹੈ?

– ਭਾਰਤ ਦੀ।

– ਤੁਸੀਂ ਕਿਸ ਜਾਤੀ ਦੇ ਹੋ?

– ਆਰੀਆ।

– ਦੁਨੀਆ 'ਚ ਸਭ ਤੋਂ ਪੁਰਾਣੀ ਜਾਤੀ ਕਿਹੜੀ ਹੈ?

– ਆਰੀਆ।

– ਤੇ ਸਭ ਤੋਂ ਉਤਮ?

– ਆਰੀਆ।

– ਕੀ ਤੁਸੀਂ ਖ਼ੂਨ ਟੈਸਟ ਕਰਵਾਇਆ?

– ਹਾਂ, ਉਸ ਵਿੱਚ ਸੌ-ਪ੍ਰਤੀਸ਼ਤ ਆਰੀਆ ਸੈੱਲ ਹਨ।

– ਦੇਵਤਾ ਭਗਵਾਨ ਕੋਲ ਕੀ ਪ੍ਰਾਰਥਨਾ ਕਰਦੇ ਹਨ?

– ਕਿ ਸਾਨੂੰ ਦੁਬਾਰਾ ਭਾਰਤ-ਵਰਸ਼ 'ਚ ਹੀ ਪੈਦਾ ਕਰੇ।

– ਬਾਕੀ ਭੂਮੀ ਕੈਸੀ ਹੈ?

– ਪਾਪ-ਭੂਮੀ ਹੈ।

– ਦੇਵਤਾ ਕਿਤੇ ਹੋਰ ਤਾਂ ਜਨਮ ਨਹੀਂ ਲੈਂਦੇ?

– ਕਤਈ ਨਹੀਂ। ਉਹ ਮੈਨੂੰ ਦੱਸ ਕੇ ਜਨਮ ਲੈਂਦੇ ਹਨ।

– ਕੀ ਦੇਵਤਾਵਾਂ ਕੋਲ ਰਾਜਨੀਤਕ ਨਕਸ਼ਾ ਹੈ?

– ਹਾਂ, ਦੇਵਤਾਵਾਂ ਕੋਲ 'ਆਕਸਫੋਰਡ ਵਰਲਡ ਐਟਲਸ' ਹੈ।

– ਕੀ ਉਨ੍ਹਾਂ ਨੂੰ ਪਾਕਿਸਤਾਨ ਬਣਨ ਦੀ ਖ਼ਬਰ ਹੈ?

– ਉਨ੍ਹਾਂ ਨੂੰ ਸਭ ਪਤਾ ਹੈ। ਉਹ 'ਬਾਊਂਡਰੀ ਕਮਿਸ਼ਨ' ਦੀ ਰੇਖਾ ਨੂੰ ਮੰਨਦੇ ਹਨ।

– ਗਿਆਨ-ਵਿਗਿਆਨ ਕਿਸ ਦੇ ਕੋਲ ਹੈ?

– ਸਿਰਫ਼ ਆਰੀਆ ਜਾਤੀ ਕੋਲ।

– ਯਾਨੀ ਤੁਹਾਡੇ ਕੋਲ ਹੈ?

– ਨਹੀਂ, ਸਾਡੇ ਪੂਰਵਜ ਆਰੀਅਨ ਕੋਲ।

– ਇਸਦੇ ਬਾਹਰ ਕਿਤੇ ਗਿਆਨ-ਵਿਗਿਆਨ ਤਾਂ ਨਹੀਂ?

– ਕਿਤੇ ਨਹੀਂ।

– ਇਹਨਾਂ ਹਜ਼ਾਰਾਂ ਸਾਲਾਂ 'ਚ ਮਨੁੱਖ-ਜਾਤੀ ਨੇ ਕੋਈ ਪ੍ਰਾਪਤੀ ਕੀਤੀ?

– ਕੋਈ ਨਹੀਂ। ਸਾਰੀਆਂ ਉਪਲਬਧੀਆਂ ਸਾਡੇ ਇੱਥੇ ਹੋ ਚੁੱਕੀਆਂ ਸਨ।

– ਕੀ ਹੁਣ ਸਾਨੂੰ ਕੁਝ ਸਿੱਖਣ ਦੀ ਜ਼ਰੂਰਤ ਹੈ?

– ਬਿਲਕੁਲ ਨਹੀਂ। ਸਾਡੇ ਪੂਰਵਜ ਤਾਂ ਵਿਸ਼ਵ-ਗੁਰੂ ਸਨ।

– ਸੰਸਾਰ 'ਚ ਮਹਾਨ ਕੌਣ?

– ਅਸੀਂ, ਅਸੀਂ, ਅਸੀਂ, ਅਸੀਂ ...।

ਮੇਰਾ ਹਿਰਦਾ, ਗਦ-ਗਦ ਹੋ ਗਿਆ। ਅੱਥਰੂ ਵਹਿਣ ਲੱਗੇ। ਮੈਂ ਅੱਖਾਂ ਬੰਦ ਕਰ ਲਈਆਂ। ਮੂੰਹੋਂ ਸਵਰ ਨਿਕਲਣ ਲੱਗੇ, 'ਆਹਾ! ... ਕੈਸਾ ਸੁਖ ਹੈ' ਇਸੇ ਵਕਤ ਮੇਰਾ ਇਕ ਜਾਣਕਾਰ

ਉੱਥੇ ਆ ਗਿਆ। ਬੋਲਿਆ, "ਕੀ ਅੱਖਾਂ ਦੁਖਣੀਆਂ ਆਈਆਂ ਹਨ? ਕੋਈ ਦਵਾਈ ਪਾ ਰੱਖੀ ਹੈ?"

ਮੈਂ ਕਿਹਾ, "ਅੰਜਨ ਲੱਗ ਗਿਆ ਹੈ। ਪਰ ਬਾਹਰ ਦੀਆਂ ਅੱਖਾਂ 'ਚ ਨਹੀਂ, ਅੰਦਰਲੀਆਂ ਅੱਖਾਂ 'ਚ। ਨਵੀਂ ਦ੍ਰਿਸ਼ਟੀ ਮਿਲ ਗਈ ਹੈ। ਬੜਾ ਸੰਤੋਸ਼ ਹੈ। ਹੁਣ ਸਭ ਕੁਝ ਸਹਿਜ ਹੋ ਗਿਆ ਹੈ। ਇਤਿਹਾਸ ਸਾਹਮਣੇ ਆ ਗਿਆ। ਜੀਵਨ ਦੇ ਰਹੱਸ ਖੁੱਲ੍ਹ ਗਏ। ਨਾ ਮਨ 'ਚ ਕੋਈ ਸਵਾਲ ਉੱਠਦਾ, ਨਾ ਕੋਈ ਸ਼ੰਕਾ ਪੈਦਾ ਹੁੰਦੀ ਹੈ। ਜਿੰਨਾ ਜਾਨਣ ਯੋਗ ਸੀ, ਜਾਣ ਚੁੱਕਿਆਂ। ਸਾਡੀ ਸਾਰੀ ਜਾਤੀ ਜਾਣ ਚੁੱਕੀ। ਹੁਣ ਨਾ ਕੁਝ ਜਾਣਨ ਲਾਇਕ ਬਚਿਆ, ਨਾ ਕਰਨ ਲਾਇਕ।"

ਮੈਂ ਉਸ ਨੂੰ ਉਹ ਸਵਾਲ ਜਵਾਬ ਦੱਸੇ। ਉਸਨੇ ਕਿਹਾ, "ਠੀਕ ਹੈ। ਮੈਂ ਸਮਝ ਗਿਆ। ਆਤਮ-ਵਿਸ਼ਵਾਸ ਧਨ ਦਾ ਹੁੰਦਾ ਹੈ, ਵਿਦਿਆ ਦਾ ਵੀ ਤੇ ਬਲ ਦਾ ਵੀ, ਪਰ ਸਭ ਤੋਂ ਵੱਡਾ ਆਤਮ-ਵਿਸ਼ਵਾਸ ਨਾ-ਸਮਝੀ ਦਾ ਹੁੰਦਾ ਹੈ।"

ਇਸ ਨੂੰ ਮੈਂ ਆਪਣੀ ਪ੍ਰਸ਼ੰਸਾ ਸਮਝਿਆ ਤੇ ਆਪਣੇ ਵਿਸ਼ਵਾਸਾਂ 'ਚ ਹੋਰ ਪੱਕਾ ਹੋ ਗਿਆ। ਮੈਂ ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟ ਕਰਨ ਲੱਗ ਪਿਆ ਤੇ ਉਹ ਲੋਕਾਂ ਨੂੰ ਦਿਲਚਸਪ ਲੱਗੇ। ਲੋਕ ਮੈਨੂੰ ਸੁਣਨ ਲਈ ਤੜਫਣ ਲੱਗੇ ਤੇ ਇੰਜਨੀਅਰਾਂ ਤੋਂ ਲੈ ਕੇ ਦਾਰਸ਼ਨਿਕਾਂ ਵਿੱਚ ਮੈਨੂੰ ਬੁਲਾਇਆ ਜਾਣ ਲੱਗਾ।

ਇੱਕ ਦਿਨ ਡਾਕਟਰਾਂ ਦੀ ਸਭਾ 'ਚ ਮੈਂ ਕਿਹਾ, "ਪੱਛਮ ਮਾਣ ਕਰਦਾ ਹੈ ਕਿ ਉਸਨੇ ਪੈਨਸਲੀਨ ਦੀ ਖੋਜ ਕਰਕੇ ਮਨੁੱਖ ਦੀ ਉਮਰ ਵਧਾ ਦਿੱਤੀ ਹੈ। ਉਨ੍ਹਾਂ ਨੂੰ ਨਹੀਂ ਪਤਾ ਕਿ ਪੈਨਸਲੀਨ ਦੂਜੇ ਸੰਸਾਰ-ਯੁੱਧ ਦੇ ਸਮੇਂ ਨਹੀਂ, ਮਹਾਂਭਾਰਤ ਯੁੱਧ ਵੇਲੇ ਸਾਡੇ ਇੱਥੇ ਲੱਭ ਲਈ ਗਈ ਸੀ। ਮਿਤਰੋ! ਕਲਪਨਾ ਕਰੋ ਭੀਸ਼ਮ ਪਿਤਾਮਾ, ਬ੍ਰਹਮਚਾਰੀ, ਅਖੰਡ ਬ੍ਰਹਮਚਾਰੀ ਭੀਸ਼ਮ ਮ੍ਰਿਤੂ-ਸ਼ਈਆ 'ਤੇ ਪਏ ਹਨ। ਸਾਰਾ ਸਰੀਰ ਜ਼ਖ਼ਮਾਂ ਨਾਲ ਪਰੁੰਨਿਆ ਪਿਆ ਹੈ। ਉਹ ਸੂਰਜ ਦੀ ਗਤੀ ਦੇਖ ਰਹੇ ਹਨ। ਸੂਰਜ ਡੁੱਬੇ ਤੇ ਉਹ ਪ੍ਰਾਣ ਤਿਆਗਣ। ਉਹ ਪੂਰੇ ਇਕਵੰਜਾ ਦਿਨ ਜਿਉਂਦੇ ਰਹੇ ਤੇ ਫਿਰ ਵੀ ਜ਼ਖ਼ਮਾਂ ਨਾਲ ਨਹੀਂ ਮਰੇ; ਸਵੈ-ਇੱਛਾ ਨਾਲ ਪ੍ਰਾਣਾਂ ਨੂੰ ਤਿਆਗ ਦਿੱਤਾ। ਮੈਂ ਪੱਛਮ ਦੇ ਵਿਗਿਆਨਕਾਂ ਨੂੰ ਪੁੱਛਦਾ ਹਾਂ ਕਿ ਉਨ੍ਹਾਂ ਦੇ ਜ਼ਖ਼ਮ 'ਸੈਪਟਿਕ' ਕਿਉਂ ਨਹੀਂ ਹੋਏ? ਪੈਨਸਲੀਨ ਦੇ ਕਾਰਨ। ਉਨ੍ਹਾਂ ਨੂੰ ਪੈਨਸਲੀਨ ਦਿੱਤੀ ਗਈ ਸੀ ਭਾਰਤ ਨੇ ਦਸ ਹਜ਼ਾਰ ਪਹਿਲਾਂ ਜੋ ਪੈਨਸਲੀਨ ਸੰਸਾਰ ਦਿੱਤੀ ਸੀ, ਓਹੀ ਪੱਛਮ ਸਾਨੂੰ ਇਸ ਤਰ੍ਹਾਂ ਦੇ ਰਿਹਾ ਹੈ, ਜਿਵੇਂ ਇਹ ਉਸ ਦੀ ਖੋਜ ਹੋਵੇ। ਮਿੱਤਰੋ! ਇਹ ਨਾ ਭੁੱਲੋ ਕਿ ਭਾਰਤ ਵਿਸ਼ਵ-ਗੁਰੂ ਹੈ। ਸਾਨੂੰ ਕੋਈ ਕੁਝ ਨਹੀਂ ਸਿਖਾ ਸਕਦਾ।"

ਇਸ 'ਤੇ ਖ਼ੂਬ ਤਾੜੀਆਂ ਵੱਜੀਆਂ ਤੇ ਸਾਰੇ ਮੰਨ ਗਏ ਕਿ ਸਾਨੂੰ ਕੋਈ ਕੁਝ ਨਹੀਂ ਸਿਖਾ ਸਕਦਾ।

ਹਾਲ ਹੀ 'ਚ ਭਾਰਤ-ਪਾਕਿਸਤਾਨ ਯੁੱਧ 'ਚ ਟੈਂਕ ਭੇਦੀ ਤੋਪ ਦੀ ਬੜੀ ਚਰਚਾ ਸੀ। ਮੈਂ ਸੁਣਦਾ ਤਾਂ ਹੱਸਦਾ ਸੀ। ਆਖ਼ਿਰ ਇੱਕ ਦਿਨ ਇੱਕ ਸਭਾ ਵਿੱਚ ਮੈਂ ਕਹਿ ਦਿੱਤਾ, "ਜੋ ਲੋਕ ਟੈਂਕ-ਭੇਦੀ ਤੋਪ ਦੀ ਤਾਰੀਫ਼ ਕਰਦੇ ਹਨ, ਉਹ ਭੁੱਲ ਜਾਂਦੇ ਹਨ ਕਿ ਟੈਂਕ ਤਾਂ ਅੱਜ ਬਣੇ ਹਨ, ਪਰ ਟੈਂਕ-ਭੇਦੀ ਸਾਡੇ ਇੱਥੇ ਤ੍ਰੇਤੇ-ਯੁੱਗ 'ਚ ਬਣਦੀਆਂ ਸਨ। ਭਰਾਵੋ, ਕਲਪਨਾ ਕਰੋ ਉਸ ਦ੍ਰਿਸ਼ ਦੀ। ਰਾਮ ਸੁਗਰੀਵ ਨੂੰ ਕਹਿ ਰਹੇ ਹਨ ਕਿ ਮੈਂ ਬਾਲੀ ਨੂੰ ਮਾਰਾਂਗਾ। ਸੁਗਰੀਵ ਸੰਦੇਹ ਪਰਗਟ ਕਰਦਾ ਹੈ। ਕਹਿੰਦਾ ਬਾਲੀ ਮਹਾਂਬਲੀ ਹੈ, ਮੈਨੂੰ ਵਿਸ਼ਵਾਸ ਨਹੀਂ ਹੋ ਰਿਹਾ ਕਿ ਤੁਸੀਂ ਉਸ ਨੂੰ ਮਾਰ ਸਕੋਗੇ।

ਤਦ ਕੀ ਹੁੰਦਾ ਹੈ ਕਿ ਮਰਿਆਦਾ-ਪ੍ਰਸ਼ੋਤਮ ਧਨੁਸ਼ ਚੁੱਕਦੇ ਹਨ, ਤੀਰ ਚੜ੍ਹਾਉਂਦੇ ਹਨ ਤੇ ਤਾੜ ਦੇ ਬ੍ਰਿਖਾਂ ਦੀ ਇੱਕ ਕਤਾਰ ਤੇ ਚਲਾ ਦਿੰਦੇ ਹਨ। ਤੀਰ ਇੱਕ ਦੇ ਬਾਅਦ ਇੱਕ ਸੱਤ ਤਾੜ ਦੇ ਬ੍ਰਿਖਾਂ ਨੂੰ ਛੇਦਦਾ ਨਿਕਲ ਜਾਂਦਾ ਹੈ। ਸੁਗਰੀਵ ਚਕਿਤ ਹੈ। ਵਣ ਦੇ ਪਸ਼ੂ-ਪੰਛੀ, ਖ਼ਰਗੋਸ਼-ਹਿਰਨ ਸਭ ਚਕਿਤ ਹਨ। ਸੱਜਣੋ, ਜੋ ਇੱਕ ਤੀਰ ਨਾਲ ਸੱਤ ਤਾੜ ਦੇ ਬ੍ਰਿਖ ਛੇਦ ਦਿੰਦੇ ਸਨ, ਉਨ੍ਹਾਂ ਕੋਲ ਮੋਟੇ ਤੋਂ ਮੋਟੇ ਟੈਂਕ ਨੂੰ ਛੇਦਣ ਲਈ ਤੋਪ ਨਹੀਂ ਹੋਵੇਗੀ? ਇਹ ਨਾ ਭੁੱਲੋ, ਅਸੀਂ ਵਿਸ਼ਵ ਦੇ ਗੁਰੂ ਰਹੇ ਹਾਂ ਤੇ ਸਾਨੂੰ ਕੋਈ ਕੁਝ ਨਹੀਂ ਸਿਖਾ ਸਕਦਾ।"

ਖ਼ੂਬ ਤਾੜੀਆਂ ਵੱਜੀਆਂ ਤੇ ਸਭ ਮੰਨ ਗਏ ਕਿ ਸਾਨੂੰ ਕੋਈ ਕੁਝ ਨਹੀਂ ਸਿਖਾ ਸਕਦਾ।

ਇੱਕ ਦਿਨ ਮਨੋ-ਵਿਗਿਆਨ 'ਤੇ ਇੱਕ ਗੋਸ਼ਟੀ ਚਲ ਰਹੀ ਸੀ। ਪ੍ਰੋਫ਼ੈਸਰ ਲੋਕ ਲੰਮੇਂ-ਲੰਮੇਂ ਭਾਸ਼ਣ ਦੇ ਰਹੇ ਸੀ। ਜਦੋਂ ਇਹ ਸਹਿਣ ਨਾ ਕਰ ਸਕਿਆ ਤਾਂ ਮੈਂ ਵੀ ਬੋਲਣ ਪਹੁੰਚ ਗਿਆ। ਮੈਂ ਕਿਹਾ, "ਸਾਈਕਾਲੋਜੀ- ਹੂੰਅ! ਮਨੋਵਿਗਿਆਨ- ਹੈ। ਮੈਂ ਪੁੱਛਦਾ ਹਾਂ ਕਿ ਕੀ ਪ੍ਰਾਚੀਨ ਭਾਰਤ ਵਿੱਚ ਸਾਈਕਾਲੋਜੀ ਨਹੀਂ ਸੀ? ਜ਼ਰੂਰ ਹੈ ਸੀ। ਉਸ ਦ੍ਰਿਸ਼ ਦੀ ਕਲਪਨਾ ਕਰੋ। ਸੁੰਨੀ ਵਣ ਦੀ ਜਗ੍ਹਾ ਹੈ। ਸਾਫ਼ ਸ਼ਿਲਾ 'ਤੇ ਰਿਸ਼ੀ ਤੇ ਉਨ੍ਹਾਂ ਦੀ ਪਤਨੀ ਬੈਠੇ ਹਨ। ਚਾਂਦਨੀ ਫ਼ੈਲੀ ਹੋਈ ਹੈ। ਮੱਧਮ-ਮੱਧਮ ਮਦਮਸਤ ਕਰਨ ਵਾਲਾ ਸਮਾਂ ਵਹਿ ਰਿਹਾ ਹੈ। ਐਸੇ ਮਹੌਲ 'ਚ ਰਿਸ਼ੀ ਤੇ ਉਹਨਾਂ ਦੀ ਪਤਨੀ ਦੇ ਮਨ 'ਚ ਕੀ ਭਾਵਨਾਵਾਂ ਉੱਠ ਰਹੀਆਂ ਹੋਣਗੀਆਂ? ਬੱਸ, ਏਹੀ ਤਾਂ ਸਾਈਕਾਲੋਜੀ ਹੈ। ਸਾਡੇ ਦੇਸ਼ 'ਚ ਇਹ ਹਜ਼ਾਰਾਂ ਸਾਲ ਪਹਿਲਾਂ ਸੀ ਤੇ ਇਹ ਕਹਿੰਦੇ ਹਨ ਕਿ ਇਹ ਇੱਕ ਆਧੁਨਿਕ ਵਿਗਿਆਨ ਹੈ। ਉਹ ਭੁਲਦੇ ਹਨ, ਸਾਨੂੰ ਕੋਈ ਕੁਝ ਨਹੀਂ ਸਿਖਾ ਸਕਦਾ।"

ਲੋਕਾਂ ਨੇ ਤਾੜੀਆਂ ਮਾਰੀਆਂ ਤੇ ਮੰਨ ਗਏ ਕਿ ਸਾਨੂੰ

ਕੋਈ ਕੁਝ ਨਹੀਂ ਸਿਖਾ ਸਕਦਾ।

ਇੱਕ ਵਾਰ ਵਿਦੇਸ਼ ਤੋਂ ਕੋਈ 'ਬਾਟਨਿਸਟ' (ਵਨਸਪਤੀ ਵਿਗਿਆਨੀ) ਆਇਆ। ਉਸਦਾ ਇੱਕ ਜਗ੍ਹਾ ਭਾਸ਼ਣ ਹੋਣਾ ਸੀ। ਮੈਨੂੰ ਦੱਸਿਆ ਗਿਆ ਕਿ ਉਹ 'ਫਾਸਿਲ' ਦਾ ਮਾਹਿਰ ਹੈ, ਯਾਨੀ ਚੱਟਾਨਾਂ ਵਿੱਚ ਦੱਬੇ ਹੋਏ ਪੌਦਿਆਂ ਜਾਂ ਜੰਤੂਆਂ ਦੇ ਪਥਰਾਏ ਜਾਣ ਦਾ। ਮੈਂ ਉਸਦਾ ਭਾਸ਼ਣ ਸੁਣਿਆ ਤੇ ਮੇਰੇ ਅੰਦਰ ਹਲਚਲ ਹੋਣ ਲੱਗੀ। ਉਹ ਪੱਛਮੀ ਵਿਗਿਆਨਕਾਂ ਦੇ ਨਾਂ ਹੀ ਲੈਂਦਾ ਰਿਹਾ ਤੇ ਵਿਦੇਸ਼ਾਂ ਦੇ 'ਫ਼ਾਸਿਲ' ਵਿਖਾਉਂਦਾ ਰਿਹਾ। ਉਸ ਤੋਂ ਬਾਅਦ ਮੈਂ ਬੋਲਣ ਲਈ ਖੜ੍ਹਾ ਹੋ ਗਿਆ। ਮੈਂ ਕਿਹਾ, "ਅੱਜ ਅਸੀਂ ਇਕ ਮਹਾਨ 'ਬਾਟਨੀ' ਦਾ ਭਾਸ਼ਣ ਸੁਣਿਆ। (ਬਾਅਦ ਵਿੱਚ ਮੈਨੂੰ ਦੱਸਿਆ ਗਿਆ ਕਿ ਉਸਨੂੰ 'ਬਾਟਨਿਸਟ' ਕਹੀਦਾ ਹੈ।) ਉਹਨਾਂ ਨੇ ਸਾਨੂੰ ਦੱਸਿਆ ਕਿ 'ਫ਼ਾਸਿਲ' ਕਿਸ ਤਰ੍ਹਾਂ ਹੁੰਦੇ ਹਨ। ਮੈਂ ਤੁਹਾਨੂੰ ਪੁੱਛਦਾ ਹਾਂ ਕਿ ਪ੍ਰਾਚੀਨ ਭਾਰਤ 'ਚ 'ਬਾਟਨੀ' ਨਹੀਂ ਸੀ? ਬਿਲਕੁਲ ਸੀ। ਅਸੀਂ ਉਹਨਾਂ ਨੂੰ ਭੁੱਲਦੇ ਜਾ ਰਹੇ ਹਾਂ। ਭਗਵਾਨ ਰਾਮ ਚੰਦਰ ਇਕ 'ਮਹਾਨ ਬਾਟਨੀ' ਸਨ ਤੇ ਅਹੱਲਿਆ ਇਕ 'ਫ਼ਾਸਿਲ' ਸੀ। ਮਹਾਨ ਬਾਟਨੀ ਰਾਮ ਚੰਦਰ ਨੇ ਅਹੱਲਿਆ ਫ਼ਾਸਿਲ ਦਾ ਪਤਾ ਲਾਇਆ। ਉਹ ਅੱਜ ਦੇ ਬਾਟਨੀਉਂ ਨਾਲੋਂ ਜ਼ਿਆਦਾ ਯੋਗ ਸਨ। ਇਹ ਲੋਕ ਤਾਂ ਸਿਰਫ਼ ਫ਼ਾਸਿਲ ਦਾ ਪਤਾ ਲਾਉਂਦੇ ਹਨ ਤੇ ਉਸਦੀ ਜਾਂਚ ਕਰਦੇ ਹਨ। ਮਹਾਨ ਬਾਟਨੀ ਰਾਮ ਨੇ 'ਫ਼ਾਸਿਲ' ਅਹੱਲਿਆ ਨੂੰ ਫਿਰ ਤੋਂ ਇਸਤਰੀ ਬਣਾ ਦਿੱਤਾ। ਐਸੇ-ਐਸੇ ਚਮਤਕਾਰੀ ਬਾਟਨੀ ਸਾਡੇ ਏਥੇ ਹੋਏ ਹਨ। ਅਸੀਂ ਵਿਸ਼ਵ ਦੇ ਗੁਰੂ ਰਹੇ ਹਾਂ। ਸਾਨੂੰ ਕੋਈ ਕੁਝ ਨਹੀਂ ਸਿਖਾ ਸਕਦਾ।"

ਇਸ 'ਤੇ ਵੀ ਬਹੁਤ ਤਾੜੀਆਂ ਵੱਜੀਆਂ ਤੇ ਵਿਦੇਸ਼ੀ ਮਾਹਰ ਮੰਨ ਗਏ ਕਿ ਕਿਉਂ ਕੋਈ ਕੁਝ ਨਹੀਂ ਸਿਖਾ ਸਕਦਾ।

ਇੱਕ ਦਿਨ ਮੈਂ ਐਸੀ ਜਗ੍ਹਾ ਪਹੁੰਚ ਗਿਆ, ਜਿੱਥੇ ਦੋ ਪਹਿਲਵਾਨ ਕਿਸਮ ਦੇ ਆਦਮੀ ਭਾਸ਼ਣ ਦੇਣ ਵਾਲੇ ਸੀ। ਦੱਸਿਆ ਗਿਆ ਕਿ ਉਹ ਵਿਦੇਸ਼ਾਂ ਤੋਂ ਸਰੀਰਕ ਦੇਖਭਾਲ ਦੀ ਸਿੱਖਿਆ ਲੈ ਕੇ ਆਏ ਹਨ ਤੇ ਇਹ ਦੱਸਣ ਵਾਲੇ ਹਨ ਕਿ ਸਰੀਰ ਨੂੰ ਕਿਵੇਂ ਰਿਸ਼ਟ-ਪੁਸ਼ਟ ਬਣਾਇਆ ਜਾ ਸਕਦਾ ਹੈ। ਮੈਂ ਉਨ੍ਹਾਂ ਦੀਆਂ ਗੱਲਾਂ ਸੁਣਦਾ ਰਿਹਾ। ਅੰਤ 'ਚ ਬੋਲਿਆ, "ਸਰੀਰ ਤਾਂ ਸਾਡੇ ਪੂਰਵਜ ਬਣਾਉਂਦੇ ਸੀ। ਸਾਡੇ ਕੋਲ ਨਾ ਸਰੀਰ ਹੈ, ਨਾ ਅਸੀਂ ਉਸ ਨੂੰ ਬਣਾ ਸਕਦੇ ਹਾਂ। ਮੈਂ ਤੁਹਾਨੂੰ ਪੁੱਛਦਾ ਹਾਂ ਕਿ ਤੁਸੀਂ ਭਗਵਾਨ ਰਾਮ ਤੇ ਕ੍ਰਿਸ਼ਨ ਦੀਆਂ ਤਸਵੀਰਾਂ ਦੇਖੀਆਂ ਹਨ, ਕੀ ਕੋਈ ਐਸੀ ਤਸਵੀਰ ਹੈ ਜਿਸ 'ਚ ਉਹਨਾਂ ਨੇ ਪੂਰੇ ਕੱਪੜੇ ਪਾਏ ਹੋਣ? ਕਿਸੇ ਵੀ ਕਲੰਡਰ ਤੇ ਤੁਹਾਨੂੰ ਐਸੀ ਤਸਵੀਰ ਨਹੀਂ ਮਿਲੇਗੀ ਜਿਸ 'ਚ ਉਹਨਾਂ ਲੱਕ ਤੋਂ ਉੱਪਰ ਕੱਪੜੇ ਪਾਏ ਹੋਣ। ਇਹ ਹਿੱਸਾ ਉਹ ਨੰਗਾ ਰੱਖਦੇ ਸਨ। ਕਿਉਂ? ਇਸ ਲਈ ਕਿ ਉਹਨਾਂ ਨੇ ਸਰੀਰ ਬਣਾਇਆ ਹੋਇਆ ਸੀ ਤੇ ਉਸ ਨੂੰ ਉਹ ਦਿਖਾਉਣਾ ਚਾਹੁੰਦੇ ਸਨ। ਪਰ ਤੁਸੀਂ ਲੋਕ ਕੋਟ ਪੈਂਟ ਪਾਈ ਬੈਠੇ ਹੋ। ਠੀਕ ਹੈ, ਤੁਹਾਡੇ ਕੋਲ ਵਿਖਾਉਣ ਲਈ ਕੀ ਹੈ? ਤੇ ਇਹ ਪੱਛਮ ਦੇ ਸਿੱਖੇ ਹੋਏ ਲੋਕ ਤੁਹਾਨੂੰ ਉਹ ਕੀ ਸਿਖਾ ਸਕਦੇ ਹਨ ਜੋ ਰਾਮ ਤੇ ਕ੍ਰਿਸ਼ਨ ਇੱਕ ਤਸਵੀਰ ਨਾਲ ਸਿਖਾ ਗਏ।"

ਲੋਕਾਂ ਨੇ ਤਾੜੀਆਂ ਮਾਰੀਆਂ ਤੇ ਸਭ ਮੰਨ ਗਏ ਕਿ ਕੋਈ ਸਾਨੂੰ ਕੁਝ ਨਹੀਂ ਸਿਖਾ ਸਕਦਾ।

ਮੇਰੀ ਦ੍ਰਿਸ਼ਟੀ ਐਸੀ ਸਾਫ਼ ਸੁਲਝੀ ਹੋਈ ਹੋ ਗਈ ਹੈ ਕਿ ਮੇਰੀ ਗੱਲ ਤਰਕ ਤੋਂ ਪਰ੍ਹੇ ਹੁੰਦੀ ਹੈ। ਉਸ ਤੇ ਵਿਸ਼ਵਾਸ ਕਰਨਾ ਪੈਂਦਾ ਹੈ। ਜਿੱਥੇ ਮੈਂ ਇੱਕ ਵਾਰ ਭਾਸ਼ਣ ਦੇ ਦਿੰਦਾ ਹਾਂ, ਉਥੇ ਲੋਕ ਇੱਕ ਦਮ ਮੰਨ ਜਾਂਦੇ ਹਨ ਕਿ ਸਾਨੂੰ ਕੋਈ ਕੁਝ ਨਹੀਂ ਸਿਖਾ ਸਕਦਾ। ਮੈਨੂੰ ਪਤਾ ਹੈ ਕਿ ਬਹੁਤ ਲੋਕਾਂ ਨੇ ਮੇਰੀਆਂ ਗੱਲਾਂ ਸੁਣ ਕੇ ਕੁਝ ਵੀ ਸਿੱਖਣਾ ਬੰਦ ਕਰ ਦਿੱਤਾ ਹੈ।

**ਅਨੁਵਾਦ- ਤਰਲੋਕ ਬੀਰ**

**ਭਈਏ ਭਜਾਉ ਮੋਰਚੇ 'ਤੇ ਮਰੀਆਂ ਜਮੀਰਾਂ ਵਾਲ਼ੇ ?**

ਬੁਲਾਰਾ ਸਿੰਘ ਜੀ ਨੇ ਭਈਆਂ ਨੂੰ ਦਿੱਤੇ ਮਕਾਨਾਂ ਦਾ ਕਿਰਾਇਆ ਫੜ੍ਹਿਆ...., ਟੈਂਕੀ ਫੁੱਲ ਕਰਵਾਈ...., ਕੰਮ 'ਤੇ ਪਹੁੰਚ ਕੇ ਨੌਕਰ ਭਈਆਂ ਨੂੰ ਕੰਮ ਸਮਝਾਏ..., ਸ਼ਾਮੀ ਲੇਟ ਆਉਣ ਦਾ ਦੱਸ ਕੇ ਓਵਰ ਟਾਈਮ ਦਾ ਵਾਅਦਾ ਤੇ ਲਾਲਚ ਦਿੱਤੇ..., ਫਿਰ ਮਾਰ ਕੇ ਗੇਅਰ ਸਿੱਧਾ ਜਾ ਪਹੁੰਚੇ 'ਭਈਏ ਭਜਾਉ, .....' ਮੋਰਚੇ ਵਿੱਚ।'

ਪਹੁੰਚਣਸਾਰ ਸਟੇਜ-ਸੈਕਟਰੀ ਨੂੰ ਕਿਰਾਏ ਵਾਲ਼ੀ ਰਕਮ ਵਿੱਚੋਂ ਪੰਜ ਸੌ ਰੁਪਏ ਦਾ ਕੜਕਵਾਂ ਨੋਟ ਇਨਾਮ ਵਜੋਂ ਫੜਾਉਂਦਿਆਂ ਤਾਕੀਦ ਕੀਤੀ ਕਿ "ਵਾਪਸੀ ਦੀ ਕਾਹਲ਼ ਕੋਈ ਨ੍ਹੀ ਆਪਾਂ ਨੂੰ , ਮੈਨੂੰ ਬੋਲਣ ਸਮਾਂ ਐਨ੍ਹ ਵਿਚਾਲੇ ਜਿਹੇ ਦੇਣਾ ...., ਜਦੋਂ ਲਾਈਵ ਟੈਲੀਕਾਸਟ ਪੂਰਾ ਸਿਖਰ 'ਤੇ ਪਹੁੰਚ ਗਿਆ ...., ਪੂਰੀ ਤਿਆਰੀ ਕਰਕੇ ਆਇਆਂ ਅੱਜ ......, ਵੇਖਿਉ ਪੁਰਾਣੇ ਖੱਦਰ ਵਾਂਗੂੰ ਉਧੇੜ ਕੇ ਰੱਖ ਦੇਣੇ, ਅੱਜ ਮਰੀਆਂ ਜ਼ਮੀਰਾਂ ਵਾਲ਼ੇ ..., ਜਿਹੜੇ ਅੱਜ ਵੀ ਇਸ ਅਹਿਮ ਮੋਰਚੇ ਵਿੱਚ ਨਾ ਪਹੁੰਚ ਕੇ ਆਪੋ-ਆਪਣੇ ਕੰਮ ਖੋਲ੍ਹ ਕੇ ਬੈਠੇ ਨੇ।"

**ਰੋਮੀ ਘੜਾਮਾਂ।**

98552 81105

ਅਧਿਆਪਕਾਂ ਲਈ

# ਚੇਤਨਾ ਦਾ ਚਾਨਣ ਬਿਖੇਰਦੇ ਪਾਠ

ਕੁਲਜੀਤ ਡੰਗਰ ਖੇੜਾ

ਸਿੱਖਿਆ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕਰਨਾ ਹੁੰਦਾ ਹੈ। ਵਿਦਿਆਰਥੀ ਸਿਰਫ ਤੱਥਾਂ ਨੂੰ ਯਾਦ ਨਾ ਕਰਨ, ਸਗੋਂ ਉਨ੍ਹਾਂ ਨੂੰ ਸਮਝਣ, ਸੁਆਲ ਕਰਨ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਕਰ ਸਕਣ। ਇਸ ਉਦੇਸ਼ ਦੀ ਪ੍ਰਾਪਤੀ ਲਈ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਨਾਲ ਜੋੜਨਾ ਜਰੂਰੀ ਹੈ। ਜਿਸ ਸਦਕਾ ਉਨ੍ਹਾਂ ਨੂੰ ਤਰਕ, ਦਲੀਲ ਤੇ ਪਰਖ ਪੜਤਾਲ ਦੇ ਆਧਾਰ 'ਤੇ ਫੈਸਲੇ ਲੈਣ ਦੀ ਜਾਚ ਆਵੇ। ਉਹ 'ਕਿਉਂ' ਅਤੇ 'ਕਿਵੇਂ' ਵਰਗੇ ਸੁਆਲ ਕਰਨ ਦੇ ਅਮਲ ਵਿੱਚ ਪੈਣ। ਅਜਿਹਾ ਕਰਨਾ ਵਿਦਿਆਰਥੀਆਂ ਦੇ ਆਤਮ ਵਿਸ਼ਵਾਸ ਨੂੰ ਹੁਲਾਰਾ ਦੇਣ ਤੇ ਹੋਰ ਜਾਨਣ ਦੀ ਜਗਿਆਸਾ ਨੂੰ ਪ੍ਰਬਲ ਕਰੇਗਾ।

ਸਕੂਲੀ ਪੜ੍ਹਾਈ ਦੌਰਾਨ ਪਾਠ-ਪੁਸਤਕਾਂ ਵਿਚਲਾ ਸਿਲੇਬਸ ਇਸ ਉਦੇਸ਼ ਨੂੰ ਪ੍ਰਾਪਤ ਕਰਨ ਵਿੱਚ ਅਹਿਮ ਰੋਲ ਅਦਾ ਕਰਦਾ ਹੈ। ਪ੍ਰੰਤੂ ਸਾਡੇ ਸਿੱਖਿਆ ਤੰਤਰ ਵਿੱਚ ਅਜਿਹੇ ਵਿਸ਼ੇ-ਵਸਤੂ ਦੀ ਵੱਡੀ ਘਾਟ ਹੈ, ਜਿਸ ਨਾਲ ਬੱਚਿਆਂ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਪੈਦਾ ਕੀਤਾ ਜਾ ਸਕੇ। ਇਸੇ ਘਾਟ ਦੇ ਚਲਦਿਆਂ ਉੱਚ ਯੋਗਤਾ ਪ੍ਰਾਪਤ ਕਰਨ ਉਪਰੰਤ ਵੀ ਵੱਡੀ ਗਿਣਤੀ ਲਾਇਲਗਤਾ ਤੇ ਅੰਧਵਿਸ਼ਵਾਸਾਂ ਵਿੱਚ ਫਸੀ ਰਹਿੰਦੀ ਹੈ। ਰਹਿੰਦੀ ਕਸਰ ਨਵੀਂ ਰਾਸ਼ਟਰੀ ਸਿੱਖਿਆ ਨੀਤੀ-2020 ਨੇ ਪੂਰੀ ਕਰ ਦਿੱਤੀ ਹੈ, ਜਿਸ ਤਹਿਤ ਕੇਂਦਰ ਸਰਕਾਰ ਨੇ ਆਪਣੇ ਭਗਵੇਂਕਰਨ ਦੇ ਏਜੰਡੇ ਦੀ ਪੂਰਤੀ ਲਈ ਸਕੂਲੀ ਪਾਠਕ੍ਰਮ ਨੂੰ ਬਦਲਣ ਦਾ ਰਾਹ ਫੜ੍ਹ ਲਿਆ ਹੈ। ਮਹਾਨ ਕ੍ਰਾਂਤੀਕਾਰੀਆਂ, ਦੇਸ਼ ਭਗਤਾਂ ਅਤੇ ਮਹਾਨ ਵਿਗਿਆਨੀਆਂ ਦੀਆਂ ਜੀਵਨੀਆਂ ਅਤੇ ਸਿਧਾਂਤਾਂ ਨੂੰ ਸਿਲੇਬਸ ਵਿੱਚੋਂ ਕੱਢ ਦਿੱਤਾ ਗਿਆ ਹੈ। ਹੁਣ ਇਤਿਹਾਸ ਦੀ ਥਾਂ ਮਿਥਿਹਾਸ ਨੂੰ ਸੱਚ ਬਣਾ ਕੇ ਪੇਸ਼ ਕਰਨ ਦਾ ਨਕਾਰਾਤਮਕ ਅਮਲ ਜਾਰੀ ਹੈ। ਅਜਿਹੇ ਚੁਣੌਤੀ ਪੂਰਨ ਸਮਿਆਂ ਵਿੱਚ ਅਧਿਆਪਕ ਵਰਗ ਨੂੰ ਹਾਸਲ ਹਾਲਤਾਂ ਵਿੱਚ ਵਿਗਿਆਨਕ ਚੇਤਨਾ ਦੇ ਪ੍ਰਚਾਰ ਪਾਸਾਰ ਦਾ ਕਾਰਜ ਸਿਦਕ ਦਿਲੀ ਨਾਲ ਕਰਦੇ ਰਹਿਣ ਦੀ ਜ਼ਰੂਰਤ ਹੈ। ਪਰ ਖੇਤਰੀ ਭਾਸ਼ਾਵਾਂ ਦੇ ਸਿਲੇਬਸ ਵਿੱਚ ਕੁਝ ਲਿਖਤਾਂ ਮਿਲ ਜਾਂਦੀਆਂ ਹਨ ਜਿਨ੍ਹਾਂ ਰਾਹੀਂ ਵਿਦਿਆਰਥੀਆਂ ਵਿੱਚ ਵਿਗਿਆਨਕ ਨਜ਼ਰੀਆ ਪੈਦਾ ਕੀਤਾ ਜਾ ਸਕਦਾ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਵਿੱਚ ਸ਼ਾਮਲ ਅਜਿਹੀਆਂ ਲਿਖਤਾਂ ਵੱਲ ਧਿਆਨ ਦੇਣ ਦੀ ਲੋੜ ਹੈ ਜਿਹੜੀਆਂ ਵਿਦਿਆਰਥੀਆਂ ਵਿੱਚ ਤਰਕਸ਼ੀਲ ਨਜ਼ਰੀਆਂ ਪੈਦਾ ਕਰਨ ਲਈ ਬਹੁਤ ਵਧੀਆ ਭੂਮਿਕਾ ਅਦਾ ਕਰ ਸਕਦੀਆਂ ਹਨ। ਨੌਵੀਂ ਸ਼੍ਰੇਣੀ ਦੀ ਪਾਠ-ਪੁਸਤਕ 'ਵੰਨਗੀ' ਵਿੱਚ ਸ਼ਾਮਲ 'ਡਾ.ਆਤਮਜੀਤ' ਦੀ ਇਕਾਂਗੀ 'ਗੁਬਾਰੇ' ਬਾਰੇ ਗੱਲ ਕਰਦੇ ਹਾਂ। ਇਸ ਇਕਾਂਗੀ ਦਾ ਮੁੱਢ ਬੱਚਿਆਂ ਤੇ ਉਹਨਾਂ ਦੀ ਬਜੁਰਗ ਦਾਦੀ ਦੇ ਆਪਸੀ ਪਿਆਰ ਤੋਂ ਬੱਝਦਾ ਹੈ। ਬੱਚੇ ਪਹਿਲਾਂ ਦਾਦੀ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਕਰਦੇ ਹਨ। ਉਸ ਤੋਂ ਬਾਅਦ ਉਹ ਉਸਦੇ ਮੰਜੇ ਦੁਆਲੇ ਖੇਡਣਾ ਸ਼ੁਰੂ ਕਰ ਦਿੰਦੇ ਹਨ। ਬੱਚਿਆਂ ਦੇ ਰੌਲੇ-ਰੱਪੇ ਤੋਂ ਦਾਦੀ ਪ੍ਰੇਸ਼ਾਨ ਹੋ ਜਾਂਦੀ ਹੈ। ਉਹ ਬੱਚਿਆਂ ਨੂੰ ਚਾਬੀਆਂ ਖੜਕਾਉਣ, ਰਾਤ ਨੂੰ ਸਿਰ ਵਾਹੁਣ, ਰੱਸਾ ਟੱਪਣ, ਝਾੜੂ ਖੜ੍ਹਾ ਕਰਕੇ ਰੱਖਣ, ਖਾਲੀ ਕੈਂਚੀ ਚਲਾਉਣ ਆਦਿ ਤੋਂ ਰੋਕਦੀ ਹੈ। ਬੱਚੇ ਉਸਨੂੰ ਪੁੱਛਦੇ ਹਨ ਕਿ ਅਜਿਹਾ ਕਰਨ ਨਾਲ ਕੀ ਹੁੰਦਾ ਹੈ। ਉਹ ਜਵਾਬ ਵਿੱਚ ਸਿਰਫ਼ ਐਨਾ ਹੀ ਕਹਿੰਦੀ ਹੈ,"ਮਾੜਾ ਹੁੰਦਾ ਐ"। ਬੱਚੇ ਦਾਦੀ ਦੇ ਇਸ ਉੱਤਰ ਤੋਂ ਸੰਤੁਸ਼ਟ ਨਹੀਂ ਹੁੰਦੇ। ਦਾਦੀ ਬੱਚਿਆਂ ਨੂੰ ਚੁੱਪ ਕਰਾਉਣ ਅਤੇ ਡਰਾਉਣ ਲਈ ਵਹਿਮਾਂ ਭਰਮਾਂ ਨਾਲ ਭਰੀ 'ਚੰਦਰਮੁਖੀ' ਦੀ ਕਹਾਣੀ ਸੁਣਾਉਂਦੀ ਹੈ ਪਰ ਉਨ੍ਹਾਂ ਦੀ ਮੰਮੀ ਤਰਕਸ਼ੀਲ ਵਿਚਾਰਾਂ ਦੀ ਧਾਰਨੀ ਹੈ, ਉਹ ਸਮਝਦੀ ਹੈ ਕਿ ਅਜਿਹੀਆਂ ਕਹਾਣੀਆਂ ਬੱਚਿਆਂ ਦੀ ਮਾਨਸਿਕਤਾ ਉੱਤੇ ਬੁਰਾ ਪ੍ਰਭਾਵ ਪਾਉਣਗੀਆਂ। ਇਸ ਲਈ ਉਹ ਦਾਦੀ ਨੂੰ ਅਜਿਹੀਆਂ ਕਹਾਣੀਆਂ ਸੁਣਾਉਣ ਤੋਂ ਰੋਕਦੀ ਹੈ। ਬੱਚੇ ਆਪਣੀ ਜਗਿਆਸਾ ਨੂੰ ਸ਼ਾਂਤ ਕਰਨ ਲਈ ਸਕੂਲ ਵਿੱਚ ਜਾਕੇ ਆਪਣੀ ਮੈਡਮ ਤੋਂ ਬਹੁਤ ਸਾਰੇ ਸਵਾਲ ਪੁੱਛਦੇ ਹਨ। ਮੈਡਮ ਬੱਚਿਆਂ ਦੇ ਮਾਨਸਿਕ ਪੱਧਰ ਤੋਂ ਚੰਗੀ ਤਰ੍ਹਾਂ ਜਾਣੂ ਹੈ। ਵਹਿਮਾਂ ਭਰਮਾਂ ਵਿੱਚੋਂ ਬੱਚਿਆਂ ਨੂੰ ਕੱਢਣ ਲਈ ਉਹ ਬੱਚਿਆਂ ਵੱਲੋਂ ਪੁੱਛੇ ਗਏ ਸਵਾਲਾਂ, ਬਿੱਲੀ ਦਾ ਰਸਤਾ ਕੱਟਣਾ ਕਿਉਂ ਮਾੜਾ ਹੁੰਦਾ ਹੈ? ਕਿਸੇ ਨੂੰ ਪਿੱਛੋਂ ਅਵਾਜ ਕਿਉਂ ਨਹੀਂ ਮਾਰਨੀ ਚਾਹੀਦੀ? ਝਾੜੂ ਪੁੱਠਾ ਰੱਖਣਾ ਕਿਉਂ ਮਾੜਾ ਹੁੰਦਾ ਹੈ? ਮੰਜੇ ਦੀ ਪੈਂਦ ਉੱਪਰ ਕਰਕੇ ਖੜ੍ਹਾ ਕਿਉਂ ਨਹੀਂ ਕਰਨਾ ਚਾਹੀਦਾ? ਵੀਰਵਾਰ ਨੂੰ ਸਿਰ ਕਿਉਂ ਨਹੀਂ ਧੋਣਾ ਚਾਹੀਦਾ? ਆਦਿ ਸਵਾਲਾਂ ਦੇ ਜਵਾਬ ਬੜੇ ਤਰਕਸੰਗਤ ਤਰੀਕੇ ਨਾਲ ਦਿੰਦੀ ਹੈ। ਮੈਡਮ ਦੇ ਉੱਤਰ ਸੁਣ ਕੇ ਸਾਰੇ ਬੱਚਿਆਂ ਦੇ ਵਹਿਮਾਂ-ਭਰਮਾਂ, ਭੂਤਾਂ-ਪ੍ਰੇਤਾਂ ਬਾਰੇ ਸ਼ੰਕੇ ਦੂਰ ਹੋ ਜਾਂਦੇ ਹਨ। ਇਸੇ ਹੀ ਇਕਾਂਗੀ ਦੇ ਅਗਲੇ ਹਿੱਸੇ ਵਿੱਚ 'ਇੱਕ ਕੁੱਤੇ' ਰਾਹੀਂ ਮਦਾਰੀ ਦੇ ਝੋਲੇ ਨੂੰ ਖਿਲਾਰਣ ਕਾਰਨ ਉਸਦੇ ਜਾਦੂ ਦੇ ਝੂਠੇ ਪਾਖੰਡਾਂ ਦਾ ਪਰਦਾਫ਼ਾਸ਼ ਕਰਵਾ ਕੇ ਨਾਟਕਕਾਰ ਨੇ

ਵਹਿਮਾਂ-ਭਰਮਾਂ ਤੇ ਭੂਤਾਂ-ਪ੍ਰੇਤਾਂ ਦੇ ਸੰਕਲਪ ਉੱਪਰ ਕਰਾਰੀ ਚੋਟ ਮਾਰੀ ਹੈ। ਇਸ ਇਕਾਂਗੀ ਨੂੰ ਸਹੀ ਢੰਗ ਨਾਲ ਪੜ੍ਹਾਉਣ ਨਾਲ ਬਾਲ-ਮਨਾਂ ਨੂੰ ਵਹਿਮਾਂ- ਭਰਮਾਂ ਅਤੇ ਭੂਤ-ਪ੍ਰੇਤਾਂ ਦੇ ਡਰ ਤੋਂ ਮੁਕਤ ਕਰਨ ਦਾ ਸਫਲ ਉਪਰਾਲਾ ਕੀਤਾ ਜਾ ਸਕਦਾ ਹੈ।

ਇਸੇ ਹੀ ਪੁਸਤਕ ਵਿੱਚ ਸਾਨੂੰ 'ਗੁਰਚਰਨ ਸਿੰਘ ਜਸੂਜਾ' ਦੀ ਇਕਾਂਗੀ 'ਗਊਮੁੱਖਾ-ਸ਼ੇਰਮੁੱਖਾ' ਪੜ੍ਹਨ ਨੂੰ ਮਿਲਦੀ ਹੈ। ਜਿਸ ਵਿੱਚ ਇੱਕ ਚਲਾਕ ਦਲਾਲ ਵੱਲੋਂ ਕਿਸ ਤਰ੍ਹਾਂ ਇੱਕ ਵਿਧਵਾ ਮਕਾਨ ਮਾਲਕਣ ਨੂੰ ਉਸਦਾ ਮਕਾਨ ਸ਼ੇਰਮੁੱਖਾ ਕਹਿ ਕੇ ਡਰਾਇਆ ਜਾਂਦਾ ਹੈ ਅਤੇ ਉਸ ਨੂੰ ਉਸਦੇ ਪਤੀ ਦੀ ਮੌਤ ਦਾ ਕਾਰਨ ਮਕਾਨ ਦਾ ਅੱਗਾ ਚੌੜਾ ਅਤੇ ਪਿੱਛਾ ਭੀੜਾ ਹੋਣਾ ਦੱਸਿਆ ਜਾਂਦਾ ਹੈ। ਜਿਸ ਡਰ ਕਾਰਨ ਉਹ ਇਹ ਮਕਾਨ ਕੌਡੀਆਂ ਦੇ ਭਾਅ ਵੇਚਣ ਨੂੰ ਤਿਆਰ ਹੋ ਜਾਂਦੀ ਹੈ। ਦੂਜੇ ਪਾਸੇ ਇਸੇ ਹੀ ਦਲਾਲ ਵੱਲੋਂ ਮਕਾਨ ਖਰੀਦਣ ਵਾਲ਼ੇ ਨੂੰ ਕਿਹਾ ਜਾਂਦਾ ਹੈ ਕਿ ਮਕਾਨ ਗਊਮੁਖਾ ਹੋਣ ਕਾਰਨ ਬੜਾ ਸ਼ੁਭ ਹੈ ਕਿਉਂਕਿ ਉਸ ਮਕਾਨ ਨੂੰ ਇੱਕ ਗਲ਼ੀ ਪਿਛਲੇ ਪਾਸਿਓਂ ਵੀ ਲਗਦੀ ਸੀ ਅਤੇ ਉਹ ਉਸਨੂੰ ਉਸ ਪਾਸੇ ਤੋਂ ਹੀ ਘਰ ਅੰਦਰ ਦਾਖਲ ਕਰਾਉਂਦਾ ਹੈ ਅਤੇ ਗਊਮੁਖੇ ਮਕਾਨ ਦੇ ਅਨੇਕਾਂ ਲਾਭ ਗਿਣਵਾਉਂਦਾ ਹੈ। ਇਕਾਂਗੀ ਦੇ ਅੰਤ ਵਿੱਚ ਦਲਾਲ ਦੀ ਚਲਾਕੀ ਦਾ ਪਾਜ ਖੁੱਲ੍ਹ ਜਾਂਦਾ ਹੈ। ਇਹ ਇਕਾਂਗੀ ਵਾਸਤੂ-ਸ਼ਾਸਤਰ ਦੇ ਝੂਠ ਨੂੰ ਨੰਗਾ ਕਰਨ ਵਿੱਚ ਸਫ਼ਲ ਹੁੰਦੀ ਹੈ।

ਉੱਘੇ ਨਾਟਕਕਾਰ ਪਾਲੀ ਭੁਪਿੰਦਰ ਦੀ ਇਕਾਂਗੀ 'ਸਿਰਜਣਾ' ਸਾਡੇ ਸਮਾਜ ਵਿੱਚ ਪਾਈ ਜਾਂਦੀ ਵੱਡੀ ਬੁਰਾਈ 'ਮਾਦਾ ਭਰੂਣ-ਹੱਤਿਆ' ਤੋਂ ਛੁਟਕਾਰੇ ਲਈ ਇੱਕ ਵਧੀਆ ਹੱਲ ਪੇਸ਼ ਕਰਦੀ ਹੈ। ਇਹ ਇਕਾਂਗੀ ਪੁੱਤਰ-ਧੀ ਦੇ ਅੰਤਰ ਨੂੰ ਮੇਟਦੀ, ਸਮਾਜ ਦੀ ਸਿਰਜਨਾ ਕਰਨ ਵਿੱਚ ਇੱਕ ਨਵੀਂ ਰੋਸ਼ਨੀ ਦਾ ਸੁਨੇਹਾ ਦਿੰਦੀ ਹੈ।

ਨੌਵੀਂ ਸ਼੍ਰੇਣੀ ਦੀ ਪੰਜਾਬੀ ਪਾਠ-ਪੁਸਤਕ 'ਸਾਹਿਤ-ਮਾਲਾ' ਵਿੱਚ ਸ਼ਾਮਲ, ਹਾਸ-ਵਿਅੰਗਕਾਰ ਸੂਬਾ ਸਿੰਘ ਦਾ ਲੇਖ 'ਵਹਿਮੀ-ਤਾਇਆ' ਵਹਿਮ ਭਰਮ ਤੇ ਅੰਧਵਿਸ਼ਵਾਸਾਂ ਦੀ ਪੋਲ ਖੋਲ੍ਹਦਾ ਹੈ। ਇਸ ਲੇਖ ਵਿੱਚ ਲੇਖਕ ਨੇ ਪੇਸ਼ ਕੀਤਾ ਹੈ ਕਿ ਕਿਵੇਂ ਮਨਸਾ ਰਾਮ ਤਾਏ ਨੂੰ ਵਹਿਮ ਕੋਹ ਵਾਟ ਤੋਂ ਉੱਡ ਕੇ ਚਿੰਬੜਦਾ ਹੈ। ਉਹ ਹਮੇਸ਼ਾਂ ਆਪਣੇ ਸਰੀਰ ਦੇ ਭਖਦੇ ਹੋਣ ਭਾਵ ਬੁਖਾਰ ਹੋਣ ਦੀ ਸ਼ਿਕਾਇਤ ਕਰਦਾ ਰਹਿੰਦਾ ਹੈ। ਕਦੇ ਉਸਨੂੰ ਦਿਲ ਦਾ ਦੌਰਾ ਪੈਣ, ਕਦੇ ਸਰੀਰ ਵਿੱਚ ਕੀਟਾਣੂਆਂ ਦੇ ਹਮਲੇ ਦਾ ਡਰ ਸਤਾਉਣ ਲੱਗ ਜਾਂਦਾ ਹੈ। ਉਹ ਵੱਖ-ਵੱਖ ਡਾਕਟਰਾਂ ਕੋਲ ਜਾਂਦਾ ਹੈ ਪਰ ਉਨ੍ਹਾਂ ਨੂੰ ਉਸ ਵਿੱਚ ਕੋਈ ਬਿਮਾਰੀ ਨਹੀਂ ਲਭਦੀ। ਉਹ ਸਾਰੇ ਡਾਕਟਰਾਂ ਨੂੰ ਮੂਰਖ ਸਮਝਦਾ ਹੈ। ਇੱਕ ਦਿਨ ਭੁਲੇਖੇ ਨਾਲ਼ ਉਸਦਾ ਪੈਰ ਕੁੱਤੇ ਦੀ ਪੂਛ 'ਤੇ ਰੱਖਿਆ ਗਿਆ, ਬੱਸ ਫਿਰ ਕੀ ਸੀ, ਤਾਏ ਨੂੰ ਵਹਿਮ ਹੋ ਗਿਆ ਕਿ ਕੁੱਤਾ ਹਲਕਿਆ ਸੀ। ਉਸਨੇ ਹਲਕਾਅ ਤੋਂ ਬਚਣ ਲਈ ਚੌਦਾਂ ਟੀਕੇ ਲਵਾਏ ਤਾਂ ਜਾ ਕੇ ਇਹ ਵਹਿਮ ਦੂਰ ਹੋਇਆ। ਇਸ ਤੋਂ ਬਾਦ ਉਸਨੂੰ ਗੁਆਂਢੀਆਂ ਦੀ ਬੱਕਰੀ ਤੋਂ ਖਤਰਾ ਪੈਦਾ ਹੋ ਗਿਆ। ਉਹ ਭਰੜਾਈ ਅਵਾਜ ਵਿੱਚ ਕਹਿ ਰਿਹਾ ਸੀ ਕਿ ਹੁਣ ਮੈਨੂੰ ਬੱਕਰੀ ਨੇ ਮਾਰ ਦੇਣਾ ਹੈ, ਹੁਣ ਨਹੀਂ ਮੈਂ ਬਚਦਾ। ਤਾਏ ਦੇ ਇਸ ਰੋਗ ਨੂੰ ਕੋਈ ਨਹੀਂ ਸਮਝਦਾ ਸਗੋਂ ਲੋਕ ਉਸਦੀ ਖਿੱਲੀ ਉਡਾਉਂਦੇ ਹਨ। ਅੰਤ ਨੂੰ ਇੱਕ ਮਨੋਵਿਗਿਆਨ ਦਾ ਮਾਹਿਰ ਡਾਕਟਰ ਉਸਦੇ ਮਾਨਸਿਕ ਰੋਗ ਨੂੰ ਸਮਝਦਾ ਹੈ ਅਤੇ ਉਸਨੂੰ ਠੀਕ ਕਰਦਾ ਹੈ।

ਇਸੇ ਤਰ੍ਹਾਂ ਦੇ ਕੁਝ ਹੋਰ ਵਿਸ਼ਾ-ਵਸਤੂ ਵੀ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਵਿੱਚ ਹਾਲੇ ਤੱਕ ਮੌਜੂਦ ਹਨ। ਜਿਸ ਦੀ ਨਿਸ਼ਾਨਦੇਹੀ ਕਰਕੇ ਵਿਦਿਆਰਥੀਆਂ ਦੀ ਸੋਚ ਦਾ ਹਿੱਸਾ ਬਣਾਉਣ ਦੀ ਲੋੜ ਹੈ। ਵਿਗਿਆਨਕ ਸੋਝੀ ਪੈਦਾ ਕਰਨ ਵਾਲ਼ੀਆਂ ਅਜਿਹੀਆਂ ਲਿਖਤਾਂ ਰਚਨਾਵਾਂ ਹਨੇਰੇ ਵਿੱਚ ਟਿਮਟਿਮਾਉਂਦੇ ਜੁਗਨੂੰਆਂ ਦੀ ਤਰ੍ਹਾਂ ਹਨ, ਜਿਹੜੀਆਂ ਵਿਦਿਆਰਥੀਆਂ ਦੀ ਸੋਚ ਨੂੰ ਤਰਕਸ਼ੀਲ ਚੇਤਨਾ ਦੇ ਚਾਨਣ ਨਾਲ ਰੋਸ਼ਨ ਕਰਨ ਵਿੱਚ ਚੰਗਾ ਰੋਲ ਅਦਾ ਕਰ ਸਕਦੀਆਂ ਹਨ।

97819 25566

## ਤਰਕਸ਼ੀਲ ਸੋਚ ਦੀ ਨਵੀਂ ਪੁਸਤਕ

ਤਰਕਸ਼ੀਲ ਸੋਸਾਇਟੀ ਪੰਜਾਬ, ਇਕਾਈ ਬਠਿੰਡਾ ਦੇ ਸਰਗਰਮ ਕਾਰਕੁੰਨ ਕੁਲਵੰਤ ਸਿੰਘ ਨੇ ਪਾਖੰਡਵਾਦ ਦਾ ਪਰਦਾਫਾਸ਼ ਕਰਦੀ ਕਾਵਿ-ਪੁਸਤਕ 'ਇਥੇ ਅਨਪੜ੍ਹ ਬਣੇ ਧਰਮਾਤਮਾ' ਦੀ ਰਚਨਾ ਕੀਤੀ ਹੈ। ਕਵੀਸ਼ਰੀ, ਚੌਂਕੇ, ਕਬਿੱਤ, ਗੀਤ, ਬੈਂਤ ਆਦਿ ਕਾਵਿ ਵਿਧਾਵਾਂ ਵਿੱਚ ਰਚੀ ਗਈ ਇਸ ਪੁਸਤਕ ਦੀ ਖ਼ਾਸੀਅਤ ਇਹ ਹੈ ਕਿ ਜਿੱਥੇ ਇਹ ਪਾਖੰਡੀਆਂ ਦੀਆਂ ਠੱਗੀਆਂ ਦਾ ਪਰਦਾਚਾਕ ਕਰਦੀ ਹੈ ਉਥੇ ਸੁਸਾਇਟੀ ਵੱਲੋਂ ਦਿੱਤੀਆਂ 23 ਸ਼ਰਤਾਂ ਦੀ ਚੁਣੌਤੀ ਵੀ ਦਿੰਦੀ ਹੈ। ਵਿਗਿਆਨਕ ਵਿਚਾਰਾਂ ਦੇ ਪਾਸਾਰ ਲਈ ਇਹ ਪੁਸਤਕ ਬਹੁਤ ਲਾਹੇਵੰਦ ਹੈ। ਪੁਸਤਕ ਪ੍ਰਾਪਤ ਕਰਨ ਲਈ ਤਰਕਸ਼ੀਲ ਕਿਤਾਬ ਘਰ, ਅਜਮੇਰ ਮਾਰਕੀਟ, ਬਠਿੰਡਾ ਜਾਂ ਲੇਖਕ ਨਾਲ ਫੋਨ 98156-08545 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕੁਝ ਯੂਟਿਊਬ ਚੈਨਲਾਂ ਬਾਰੇ ਜਾਣਕਾਰੀ-2

ਜਸਵੰਤ ਮੋਹਾਲੀ

ਪਿਛਲੀ ਕੜੀ ਵਿੱਚ ਰਾਜਨੀਤਕ ਅਤੇ ਚਲੰਤ ਮਸਲਿਆਂ ਬਾਰੇ ਕੁੱਝ ਕੁ ਯੂਟਿਊਬ ਚੈਨਲਾਂ ਬਾਰੇ ਜਾਣਕਾਰੀ ਦਿੱਤੀ ਗਈ ਸੀ। ਉਨ੍ਹਾਂ ਤੋਂ ਬਿਨ੍ਹਾਂ ਉਸੇ ਕੜੀ ਵਿੱਚ ਕੁੱਝ ਹੋਰ ਵੱਡੇ ਨਾਮ ਵੀ ਸ਼ਾਮਲ ਹਨ। ਇਨ੍ਹਾਂ ਵਿਚ 'ਦ ਵਾਇਰ', 'ਸਕਰੋਲ ਡਾਟ ਇਨ', 'ਕਾਊਂਟਰ ਕਰੰਟਸ' ਆਦਿ ਭਖਦੇ ਮਸਲਿਆਂ ਬਾਰੇ ਭਰੋਸੇਯੋਗ ਤੇ ਖੋਜੀ ਪੱਤਰਕਾਰੀ ਦੀਆਂ ਮਿਸਾਲਾਂ ਹਨ। ਵੀਡੀਓ ਹੀ ਨਹੀਂ ਜੇ ਤੁਸੀਂ ਸਿਰਫ ਆਡੀਓ ਕਿਤਾਬਾਂ ਸੁਨਣੀਆਂ ਚਾਹੋ ਤਾਂ ਉਹ ਵੀ ਐਪਸ ਮੌਜੂਦ ਹਨ। ਜਿਸ ਤਰ੍ਹਾਂ ਦਾ ਮੈਟਰ ਤੁਸੀਂ ਦੇਖਦੇ ਹੋ, ਪਸੰਦ ਕਰਦੇ ਹੋ ਜਾਂ ਸ਼ੇਅਰ ਕਰਦੇ ਹੋ, ਯੂਟਿਊਬ ਖੋਲ੍ਹਦਿਆਂ ਹੀ ਉਸੇ ਸੁਆਦ ਦੀ ਸਮੱਗਰੀ ਤੁਹਾਡੇ ਲਈ ਹਾਜਰ ਹੋ ਜਾਂਦੀ ਹੈ। ਕੁੱਝ ਸ਼ਖਸੀਅਤਾਂ ਅਜਿਹੀਆਂ ਹੁੰਦੀਆਂ ਹਨ, ਜੋ ਇੱਕ ਸੰਸਥਾ ਜਿੰਨਾ ਕੰਮ ਕਰ ਜਾਂਦੀਆਂ ਹਨ। ਤੁਸੀਂ ਉੱਘੇ ਲੇਖਕ ਤੇ ਗੀਤਕਾਰ ਜਾਵੇਦ ਅਖਤਰ ਦੀਆਂ ਬੇਸ਼ੁਮਾਰ ਵੀਡੀਓਜ਼ ਯੂਟਿਊਬ 'ਤੇ ਦੇਖ ਸਕਦੇ ਹੋ, ਜੋ ਬੇਹੱਦ ਦਿਲਚਸਪ ਅਤੇ ਜਾਣਕਾਰੀ ਭਰਪੂਰ ਹਨ।

ਜਿੱਥੇ ਅੰਧਵਿਸ਼ਵਾਸ਼ਾਂ ਦਾ, ਮਿੱਥਾਂ ਦਾ ਤਰਕਪੂਰਣ ਖੰਡਨ ਤੇ ਚਮਤਕਾਰੀ ਬਾਬਿਆਂ ਦਾ ਪਰਦਾਫਾਸ਼ ਕਰਦੇ ਅਤੇ ਵਿਗਿਆਨਕ ਜਾਣਕਾਰੀ ਦੇਣ ਵਾਲੇ ਅਣਗਿਣਤ ਚੈਨਲ ਮੌਜੂਦ ਹਨ, ਉੱਥੇ ਹੀ ਕੁਆਂਟਮ ਫਿਜ਼ਿਕਸ ਵਰਗੇ ਵਿਗਿਆਨ ਦੇ ਭਾਰੇ-ਭਾਰੇ ਸ਼ਬਦ ਵਰਤ ਕੇ ਅਗਿਆਨਤਾ ਫੈਲਾਉਣ ਵਾਲੇ ਚੈਨਲ ਵੀ ਹਨ ਤੇ ਬਿਨਾਂ ਸ੍ਰੋਤਾਂ ਤੋਂ ਇਤਿਹਾਸ ਦੀ ਭੰਨ ਤੋੜ ਕਰਨ ਵਾਲੇ ਵੀ। ਕਿਸੇ ਵੀਡੀਓ ਨੂੰ ਦਿੱਤਾ ਮਸਾਲੇਦਾਰ ਸਿਰਲੇਖ ਵੀ ਦੇਖਣ ਵਾਲਿਆਂ ਦੀ ਗਿਣਤੀ ਵਧਾ ਦਿੰਦਾ ਹੈ। ਜਿਵੇਂ ਇੱਕ ਚੈਨਲ 'ਤੇ ਇੱਕ ਵੀਡੀਓ ਨੂੰ ਦਿੱਤੇ ਸਿਰਲੇਖ ਕਿ 'ਇੰਦਰਾ ਗਾਂਧੀ ਦਾ ਤੀਜਾ ਬੇਟਾ ਕੌਣ ਹੈ?' ਨੇ ਇਸਦੇ ਦਰਸ਼ਕਾਂ ਦੀ ਗਿਣਤੀ 60 ਲੱਖ ਕਰ ਦਿੱਤੀ। ਗੱਲ ਸਿਰਫ ਏਨੀ ਸੀ ਕਿ ਬਚਨ ਪਰਿਵਾਰ ਤੇ ਗਾਂਧੀ ਪਰਿਵਾਰ ਦੀ ਦੋਸਤੀ ਕਰਕੇ ਇੰਦਰਾ ਗਾਂਧੀ, ਅਮਿਤਾਭ ਬਚਨ ਨੂੰ ਆਪਣਾ ਤੀਜਾ ਬੇਟਾ ਮੰਨਦੀ ਸੀ। ਚੰਗੀ ਗੱਲ ਇਹ ਹੈ ਕਿ ਮਿਹਨਤ ਨਾਲ ਪੂਰੀ ਵਿਗਿਆਨਕ ਤੇ ਤੱਥਾਂ 'ਤੇ ਅਧਾਰਿਤ ਜਾਣਕਾਰੀ ਦੇਣ ਵਾਲੇ ਸਿਰੜੀ ਯੂਟਿਊਬਰ ਵੀ ਡਟੇ ਹੋਏ ਹਨ। ਇਨ੍ਹਾਂ ਵਿਚੋਂ ਕੁੱਝ ਬਾਰੇ ਸੰਖੇਪ ਜਾਣਕਾਰੀ ਦੇ ਰਹੇ ਹਾਂ-

## ਵਿਗਿਆਨਕ ਜਾਣਕਾਰੀ

**ਅਰਪਿਤ ਐਕਸਪਲੇਨਜ਼ - Arpit Explains**

(ਸਬਸਕ੍ਰਾਈਬਰਜ਼ 2.3 ਲੱਖ): ਅਰਪਿਤ ਦੀਆਂ ਵੀਡਿਓਜ਼ ਵਿੱਚ ਜ਼ਿਆਦਾਤਰ ਵਿਗਿਆਨਕ ਵਰਤਾਰਿਆਂ ਬਾਰੇ ਚਰਚਾ ਹੁੰਦੀ ਹੈ, ਜਿਵੇਂ ਕਾਰਬਨ ਡੇਟਿੰਗ ਕੀ ਹੁੰਦੀ ਹੈ, ਡੀਐਨਏ ਕੀ ਹੁੰਦਾ ਹੈ, ਡਾਰਵਿਨ ਦੀ ਥਿਊਰੀ ਆਦਿ। ਉਸਦੀ ਤਾਜ਼ਾ ਵੀਡਿਓ ਵਿੱਚ ਉਹ ਚਰਚਾ ਕਰ ਰਿਹਾ ਹੈ ਕਿ ਭਾਰਤੀ ਲੋਕਾਂ ਦੇ ਕੰਮਜ਼ੋਰ ਸਰੀਰ ਤੇ ਵਧੇ ਹੋਏ ਢਿੱਡ ਦਾ ਕੀ ਕਾਰਣ ਹੈ? ਬਹੁਤੇ ਭਾਰਤੀ 60 ਸਾਲ ਟੱਪਦਿਆਂ ਹੀ ਥੱਕੇ-ਥੱਕੇ ਕਿਉਂ ਨਜ਼ਰ ਆਉਂਦੇ ਹਨ? ਇਸਦਾ ਕਾਰਣ ਹੈ ਸਾਡੀ ਖੁਰਾਕ ਵਿੱਚ ਪ੍ਰੋਟੀਨ ਦੀ ਘੱਟ ਮਾਤਰਾ। ਸਾਡੇ ਦੇਸ਼ ਵਿੱਚ ਦੁਨੀਆਂ ਦੀ ਸਭ ਤੋਂ ਵੱਡੀ ਸ਼ਾਕਾਹਾਰੀ ਅਬਾਦੀ ਹੈ। ਭਾਰਤ ਦੀ 40% ਅਬਾਦੀ ਸ਼ਾਕਾਹਾਰੀ ਪ੍ਰਾਪੇਗੰਡਾ ਦਾ ਸ਼ਿਕਾਰ ਹੈ। ਸਾਡੀ ਥਾਲੀ ਵਿੱਚ ਚਾਵਲ, ਦੋ ਚਪਾਤੀ, ਥੋੜ੍ਹੀ ਦਾਲ ਸਬਜੀ ਜੇ ਤੁਸੀਂ ਇਹ ਖਾਣਾ ਰੋਜ਼ ਖਾ ਰਹੇ ਹੋ ਤਾਂ ਤੁਸੀਂ ਪ੍ਰੋਟੀਨ ਦੀ ਮਾਤਰਾ ਘੱਟ ਤੇ ਕਾਰਬੋਹਾਈਡ੍ਰੇਟਸ ਵੱਧ ਲੈ ਰਹੇ ਹੋ। ਇਸ ਤੋਂ ਬਿਨ੍ਹਾਂ ਓਸ਼ੋ ਕੀ ਪੜਤਾਲ, ਮੈਂ ਅਚਾਰਿਆ ਪ੍ਰਸ਼ਾਂਤ ਦੀ ਅਲੋਚਨਾ ਕਿਉਂ ਕਰਦਾ ਹਾਂ, ਵੇਦਾਂ ਵਿਚ ਕਿੰਨਾ ਕੁ ਹੈ ਵਿਗਿਆਨ, ਬਿੱਗ ਬੈਂਗ ਤੋਂ ਪਹਿਲਾਂ ਕੀ ਸੀ ਤੇ ਫੇਥ ਵਰਸਜ਼ ਫੈਕਟ ਆਦਿ ਵੀਡਿਓਜ਼ ਨੂੰ ਲੱਖਾਂ ਲੋਕਾਂ ਨੇ ਚਾਹ ਕੇ ਦੇਖਿਆ ਹੈ।

**ਲੌਜੀਕਲ ਆਯਾਮ - Logical Aayaam**

(ਸਬਸਕ੍ਰਾਈਬਰਜ਼ 97 ਹਜ਼ਾਰ): ਦੋ ਕੁ ਸਾਲ ਪਹਿਲਾਂ ਸ਼ੁਰੂ ਕੀਤਾ ਇਹ ਚੈਨਲ ਭਰੋਸੇਯੋਗ ਤੇ ਸਰਲ ਭਾਸ਼ਾ ਵਿੱਚ ਵਿਗਿਆਨਕ ਜਾਣਕਾਰੀ ਦੇਣ ਵਾਲਾ ਚੈਨਲ ਹੈ। ਇਸ ਚੈਨਲ ਦਾ ਸਭ ਤੋਂ ਵੱਡਾ ਯੋਗਦਾਨ ਹੈ ਇੰਸਟਾਗ੍ਰਾਮ 'ਤੇ ਫੈਲਾਈ ਜਾ ਰਹੀ ਸੂਡੋ ਸਾਇੰਸ ਯਾਨਿ ਵਿਗਿਆਨ ਦੇ ਨਾਮ ਤੇ ਅੱਧਕਚਰੀ ਜਾਂ ਗਲਤ ਜਾਣਕਾਰੀ ਨੂੰ ਵਿਗਿਆਨਕ ਤੱਥਾਂ ਤੇ ਦਲੀਲਾਂ ਨਾਲ ਨੰਗਾ ਕਰਨਾ। ਸਭ ਤੋਂ ਵੱਧ ਵਾਰ ਦੇਖੀਆਂ ਗਈਆਂ (ਤਕਰੀਬਨ ਸਵਾ ਤਿੰਨ ਲੱਖ ਵਾਰ) ਵੀਡਿਓਜ਼ ਵਿਚੋਂ ਇੱਕ ਹੈ, ਸਟੀਫਨ ਹਾਕਿੰਗ ਦੀ ਆਖਰੀ ਕਿਤਾਬ 'ਵੱਡੇ ਸੁਆਲਾਂ ਦੇ ਸੰਖੇਪ ਜੁਆਬ' (Short Answers to Big Questions) ਦਾ ਸਾਰ। ਦੁਨੀਆਂ ਬਨਾਉਣ ਲਈ ਤਿੰਨ ਚੀਜ਼ਾਂ ਦੀ ਲੋੜ ਸੀ ਪਦਾਰਥ, ਊਰਜਾ ਤੇ ਸਪੇਸ। ਆਈਨਸਟਾਈਨ ਦੇ ਇਹ ਦੱਸਣ ਤੋਂ ਬਾਅਦ ਕਿ ਪਦਾਰਥ ਤੇ ਊਰਜਾ ਇੱਕ ਸਿੱਕੇ ਦੇ ਦੋ ਪਾਸੇ ਹਨ, ਯਾਨਿ ਦੋਵੇਂ ਇੱਕ ਦੂਜੇ ਵਿੱਚ ਵਟ ਸਕਦੇ ਹਨ ਤਾਂ ਦੋ ਚੀਜ਼ਾਂ ਦੀ ਜ਼ਰੂਰਤ ਰਹਿ ਗਈ- ਊਰਜਾ ਤੇ ਸਪੇਸ। ਕਿਹਾ ਜਾਂਦਾ ਹੈ ਕਿ ਇਹ ਸਭ ਪਸਾਰਾ 'ਕੁੱਝ ਨਹੀਂ' ਵਿਚੋਂ ਪੈਦਾ ਹੋਇਆ ਤਾਂ ਊਰਜਾ ਤੇ ਨੈਗੇਟਿਵ ਊਰਜਾ ਦਾ ਸੰਕਲਪ ਕੰਮ ਆਇਆ। ਜਿਵੇਂ ਪੱਧਰ ਥਾਂ 'ਤੇ ਪਹਾੜ

ਖੜ੍ਹਾ ਕਰਨ ਲਈ ਓਨਾ ਹੀ ਡੂੰਘਾ ਟੋਆ ਪੁੱਟਣਾ ਪਵੇਗਾ। ਜਾਂ ਜਿਵੇਂ ਇੱਕ ਅਤੇ ਨੈਗੇਟਿਵ ਇੱਕ ਮਿਲ ਕੇ ਜ਼ੀਰੋ ਹੋ ਜਾਂਦੇ ਹਨ। ਇਹ ਨੈਗੇਟਿਵ ਊਰਜਾ ਸਪੇਸ ਮੰਨੀ ਜਾਂਦੀ ਹੈ। ਇਸ ਚੈਨਲ ਦੀਆਂ ਕੁੱਝ ਵੀਡਿਓਜ਼ ਪੇਡ ਹਨ, ਜੋ ਮੈਂਬਰਸ਼ਿਪ ਲੈਕੇ ਹੀ ਖੁੱਲ੍ਹਦੀਆਂ ਹਨ।

**ਇਤਿਹਾਸਕ ਜਾਣਕਾਰੀ ਲਈ:**

**ਡਾ. ਰਾਮ ਪੁਨਿਆਨੀ - Dr Ram Puniyani**

(ਸਬਸਕ੍ਰਾਈਬਰਜ਼ 9.73 ਲੱਖ): ਉੱਘੇ ਇਤਿਹਾਸਕਾਰ ਡਾ. ਰਾਮ ਪੁਨਿਆਨੀ ਦੇ ਨਾਮ ਨਾਲ ਚੱਲਦੇ ਚੈਨਲ 'ਤੇ ਟੀਪੂ ਸੁਲਤਾਨ ਬਾਰੇ ਸਿਰਫ ਪੰਜ ਮਿੰਟ ਦੀ ਵੀਡੀਓ ਦੇ ਦਰਸ਼ਕ ਤਕਰੀਬਨ 7 ਲੱਖ ਹਨ। ਟੀਪੂ ਸੁਲਤਾਨ ਖਿਲਾਫ ਗਲਤ ਪ੍ਰਾਪੇਗੰਡਾ ਅੰਗਰੇਜ਼ਾਂ ਨੇ ਸ਼ੁਰੂ ਕੀਤਾ ਕਿਉਂਕਿ ਉਸਨੇ ਈਸਟ ਇੰਡੀਆਂ ਕੰਪਨੀ ਨਾਲ ਸਮਝੌਤਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਸ ਨੂੰ ਪਤਾ ਸੀ ਕਿ ਅੰਗਰੇਜ਼ ਨੂੰ ਇਕੱਲੇ ਇਕੱਲੇ ਲੜਕੇ ਹਰਾਇਆ ਨਹੀਂ ਜਾ ਸਕਦਾ, ਇਸ ਲਈ ਉਸਨੇ ਨਿਜ਼ਾਮ ਤੇ ਮਰਾਠਿਆਂ ਨਾਲ ਗਠਜੋੜ ਦੀ ਕੋਸ਼ਿਸ਼ ਕੀਤੀ ਸੀ। ਪਰ ਹੁਣ ਦੀ ਫਿਰਕਾਪ੍ਰਸਤ ਸਰਕਾਰ ਅੰਗਰੇਜ਼ਾਂ ਦੇ ਪ੍ਰਾਪੇਗੰਡਾ ਨੂੰ ਹੀ ਅੱਗੇ ਵਧਾ ਰਹੀ ਹੈ। ਰਾਮ ਪੁਨਿਆਨੀ ਦੱਸਦੇ ਹਨ ਕਿ ਇਤਿਹਾਸਕ ਤੱਥ ਇਹ ਹੈ ਕਿ ਟੀਪੂ ਸੁਲਤਾਨ ਕਾਂਚੀ ਕਾਮਕੋਟਮ ਪੀਠ ਦੇ ਸ਼ੰਕਰਾਚਾਰੀਆ ਤੋਂ ਅਸ਼ੀਰਵਾਦ ਲੈਣ ਲਈ ਲਿਖੇ ਇੱਕ ਪੱਤਰ ਵਿੱਚ ਉਸਨੂੰ 'ਜਗਤ ਗੁਰੂ' ਕਹਿ ਕੇ ਸੰਬੋਧਨ ਕਰਦਾ ਹੈ। ਰਾਮ ਪੁਨਿਆਨੀ ਦੀਆਂ ਇਤਿਹਾਸ ਬਾਰੇ ਵੀਡੀਓਜ਼ ਦੇਖਣ ਵਾਲੇ ਲੱਖਾਂ ਵਿੱਚ ਹਨ, ਜਦਕਿ ਰਾਜਨੀਤਕ ਵੀਡੀਓਜ਼ ਦੇ ਦਰਸ਼ਕ ਸੈਂਕੜੇ ਜਾਂ ਹਜਾਰਾਂ ਤੱਕ ਸੀਮਤ ਹਨ। ਇਤਿਹਾਸ ਦੀਆਂ ਕਿਤਾਬਾਂ ਦਾ ਸਿਲੇਬਸ ਬਦਲਣ ਬਾਰੇ, ਟ੍ਰਿਪਲ ਤਲਾਕ ਕਨੂੰਨ ਬਾਰੇ, ਹਿੰਦੁਸਤਾਨ ਦਾ ਨਾਂ ਕੀ ਹੋਵੇ 'ਇੰਡੀਆ ਜਾਂ ਭਾਰਤ' ਵਿਵਾਦ ਬਾਰੇ ਅਤੇ ਜ਼ਿਆਦਾਤਰ ਇਤਿਹਾਸ ਬਾਰੇ ਜੋ ਆਮ ਮਿੱਥਾਂ ਪਾਈਆਂ ਜਾਂਦੀਆਂ ਹਨ, ਉਨ੍ਹਾਂ ਬਾਰੇ ਸਟੀਕ ਜਾਣਕਾਰੀ ਲੈ ਸਕਦੇ ਹੋ।

**ਨਾਸਤਿਕਤਾ:**

**ਹਿਮਾਂਸ਼ੂ ਕਾ ਲੈਕਚਰ - Himanshu KA Lecture**

(ਸਬਸਕ੍ਰਾਈਬਰਜ਼ 97 ਹਜਾਰ ): ਉਸਦੀਆਂ ਤਕਰੀਬਨ ਸਾਰੀਆਂ ਵੀਡੀਓਜ਼ ਜਾਂ ਨਾਸਤਿਕਤਾ ਬਾਰੇ ਯਾਨਿ ਰੱਬ ਦੇ ਸੰਕਲਪ ਨੂੰ ਸਿੱਧਾ ਟੱਕਰਣ ਬਾਰੇ ਹਨ ਜਾਂ ਫਿਰ ਕਈ ਵੀਡਿਓਜ਼ ਵਿੱਚ ਬਾਬਾਗਿਰੀ ਜਿਵੇਂ ਜੱਗੀ ਵਾਸੁਦੇਵ ਜਾਂ ਕੁੰਭ ਵੇਲੇ ਮਸ਼ਹੂਰ ਹੋਇਆ 'ਆਈ.ਆਈ.ਟੀ. ਬਾਬਾ' ਵਰਗਿਆਂ ਨੂੰ ਚੰਗੀ ਤਰ੍ਹਾਂ ਧੋਇਆ ਹੈ। ਉਹ ਆਪਣੀ ਗੱਲ ਬਹੁਤ ਬੇਬਾਕੀ ਨਾਲ ਕਰਦਾ ਹੈ। ਉਸਦੀ 'ਧਰਮ ਅਤੇ ਔਰਤ' ਨਾਮ ਦੀ ਵੀਡੀਓ ਵਿਚ ਉਹ ਕਹਿੰਦਾ ਹੈ, "... ਜੇ ਧਰਮ ਦੇ ਹਿਸਾਬ ਨਾਲ ਸਭ ਕੁੱਝ ਹੋਣਾ ਹੁੰਦਾ ਤਾਂ ਨਾ ਐਸ਼ਵਰਿਆ ਰਾਏ ਮਿਸ ਵਰਲਡ ਬਣ ਸਕਦੀ ਤੇ ਨਾ ਹੀ ਸਾਨੀਆਂ ਮਿਰਜ਼ਾ ਅੰਤਰਰਾਸ਼ਟਰੀ ਖਿਡਾਰਣ। ਅਸੀਂ ਨਾਸਤਿਕ, ਔਰਤਾਂ ਨੂੰ ਨਾ ਨੌਕਰ ਸਮਝਦੇ ਹਾਂ ਨਾ ਦੇਵੀਆਂ। ਅਸੀਂ ਉਨ੍ਹਾਂ ਨੂੰ ਇਨਸਾਨ ਹੀ ਸਮਝਦੇ ਹਾਂ ਤਾਂ ਕਿ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਤੇ ਅਜ਼ਾਦੀ ਦਾ ਸਤਿਕਾਰ ਕੀਤਾ ਜਾਵੇ।.." ਇਸੇ ਤਰ੍ਹਾਂ ਉਸਦੀ ਸਭ ਤੋਂ ਵੱਧ ਦੇਖੀ ਗਈ ਵੀਡਿਓ ਜਿਸਨੂੰ ਚਾਰ ਲੱਖ ਅੱਸੀ ਹਜ਼ਾਰ ਵਾਰ ਦੇਖਿਆ ਗਿਆ ਵਿੱਚ ਉਹ ਕਹਿੰਦਾ ਹੈ, "... ਜਿਨ੍ਹਾਂ ਦੇਸ਼ਾਂ ਵਿਚ ਨਦੀ ਨੂੰ ਗੌਡੇਸ (ਦੇਵੀ) ਨਹੀਂ, ਨਦੀ ਹੀ ਮੰਨਿਆਂ ਗਿਆ ਹੈ, ਉਥੇ ਨਦੀਆਂ ਦੀ ਹਾਲਤ ਬਿਹਤਰ ਹੈ। ਜਿਨ੍ਹਾਂ ਦੇਸ਼ਾਂ ਨੇ ਮਹਿਲਾਵਾਂ ਨੂੰ ਗੌਡੇਸ (ਦੇਵੀ) ਨਹੀਂ ਮੰਨਿਆਂ, ਮਹਿਲਾ ਹੀ ਮੰਨਿਆਂ ਗਿਆ ਹੈ, ਉੱਥੇ ਮਹਿਲਾਵਾਂ ਦੀ ਹਾਲਤ ਬਿਹਤਰ ਹੈ।.." ਉਸਦਾ ਗੱਲ ਕਹਿਣ ਦਾ ਆਪਣਾ ਹੀ ਖਾਸ ਅੰਦਾਜ਼ ਹੈ, ਜੋ ਬੜਾ ਪ੍ਰਭਾਵਸ਼ਾਲੀ ਹੈ। ਉਸ ਦੀਆਂ ਬਹੁਤੀਆਂ ਵੀਡਿਓਜ਼ ਦੂਜੇ ਪਾਪੂਲਰ ਚੈਨਲਾਂ ਦੇ ਝੂਠ ਨੂੰ ਨੰਗਾ ਕਰਨ ਲਈ ਬਣਾਈਆ ਗਈਆਂ ਹਨ, ਇਸੇ ਕਰਕੇ ਉਨ੍ਹਾਂ ਵਿਚ ਵਿਚਾਰਧਾਰਕ ਕੰਟਰਾਸਟ ਬਹੁਤ ਦਿਲ ਟੁੰਬਵਾਂ ਹੁੰਦਾ ਹੈ।

**ਸਮਾਜ ਕਾ ਸੱਚ - Samaj ka sach**

(ਸਬਸਕ੍ਰਾਈਬਰਜ਼ 39 ਹਜ਼ਾਰ): ਇਸ ਚੈਨਲ 'ਤੇ ਤਾਜਾ ਵੀਡਿਓ 'ਅਮਰਨਾਥ ਕਾ ਸੱਚ: ਚਮਤਕਾਰ ਜਾਂ ਸਾਇੰਸ?' ਵਿੱਚ ਇਸਦੇ ਕੁਦਰਤੀ, ਸਮਾਜਕ ਤੇ ਰਾਜਨੀਤਕ ਪੱਖਾਂ 'ਤੇ ਰੋਸ਼ਨੀ ਪਾਈ ਹੈ। ਇਸ ਵੀਡਿਓ ਨੂੰ 30 ਹਜਾਰ ਲੋਕਾਂ ਨੇ ਵੇਖਿਆ। ਛੇ ਸੌ ਕੁਮੈਂਟਾਂ ਵਿਚ ਤਕਰੀਬਨ ਸਾਰਿਆਂ ਨੇ ਉਸਦੀ ਪ੍ਰੋੜਤਾ ਕੀਤੀ ਹੈ। ਇਸੇ ਤਰ੍ਹਾਂ 'ਨਾਸਤਿਕਾਂ ਦੇ ਉਹ ਤਰਕ ਜਿੰਨ੍ਹਾਂ ਦਾ ਆਸਤਿਕਾਂ ਕੋਲ ਨਹੀਂ ਹੈ ਕੋਈ ਜੁਆਬ' ਵੀਡਿਓ ਨੂੰ 1.7 ਲੱਖ ਲੋਕਾਂ ਦੇਖਿਆ ਤੇ ਦੋ ਹਜ਼ਾਰ ਤੋਂ ਉਪਰ ਕੁਮੈਂਟਾਂ ਵਿਚ ਚਰਚਾ ਹੋਈ। ਇਸ ਚੈਨਲ ਨੂੰ ਸ਼ਸ਼ੀ ਕੁਸ਼ਵਾਹਾ ਚਲਾਉਂਦੀ ਹੈ। ਮਿਰਚੀ ਬਾਬਾ 'ਤੇ ਬਣੀ ਵੀਡਿਓ ਨੂੰ ਡੇਢ ਲੱਖ ਲੋਕਾਂ ਨੇ ਦੇਖਿਆ ਸੀ। ਮਿਰਚੀ ਬਾਬਾ ਨੇ ਦਿੱਗਵਿਜੇ ਸਿੰਘ ਦੀ ਵੋਟਾਂ ਵਿੱਚ ਜਿੱਤ ਯਕੀਨੀ ਬਣਾਉਣ ਲਈ ਮਿਰਚਾਂ ਦਾ ਯੱਗ ਕੀਤਾ ਸੀ ਤੇ ਦਿੱਗਵਿਜੇ ਸਿੰਘ ਦੇ ਹਾਰ ਜਾਣ ਤੇ ਉਸੇ ਯੱਗ ਵਿੱਚ ਜਿੰਦਾ ਸਮਾਧੀ ਲੈਣ ਦਾ ਸੰਕਲਪ ਕੀਤਾ ਸੀ। ਦਿੱਗਵਿਜੇ ਸਿੰਘ ਹਾਰ ਗਿਆ ਪਰ ਬਾਬਾ ਨੇ ਵਾਅਦਾ ਨਾ ਨਿਭਾਇਆ। ਦੋ ਸਾਲ ਬਾਦ ਬਾਬਾ ਬਲਾਤਕਾਰ ਦੇ ਕੇਸ ਵਿੱਚ ਫੜਿਆ ਗਿਆ।

**ਜਾਤੀਵਾਦ ਤੇ ਮਿੱਥਾਂ ਦਾ ਪਰਦਾਫਾਸ਼:**

**ਅਰਜਕ ਸੰਘ ਆਫੀਸ਼ਲ ਟੀਵੀ** (6.73 ਲੱਖ) : ਇਹ ਚੈਨਲ

ਅਰਜਕ ਸੰਘ ਵਲੋਂ ਚਲਾਇਆ ਜਾਂਦਾ ਹੈ ਜਿਸ ਦਾ ਮੁੱਖ ਕਰਮ ਖੇਤਰ ਉੱਤਰ ਪ੍ਰਦੇਸ਼ ਤੇ ਬਿਹਾਰ ਰਿਹਾ ਹੈ। ਅੰਧਵਿਸ਼ਵਾਸ਼ ਤੇ ਜਾਤੀਵਾਦ ਦੇ ਵਿਰੁੱਧ ਮਾਨਵਤਾਵਾਦ ਦਾ ਪ੍ਰਚਾਰ ਕਰਨਾ ਇਸਦਾ ਮੁੱਖ ਮਕਸਦ ਹੈ। ਅੰਧਵਿਸ਼ਵਾਸ਼ਾਂ ਤੇ ਚਮਤਕਾਰਾਂ ਦਾ ਪਰਦਾਫਾਸ਼ ਕਰਦੀਆਂ ਵੀਡੀਓਜ਼ ਦੇ ਦਰਸ਼ਕ ਹਜਾਰਾਂ ਵਿੱਚ ਹਨ, ਜਦਕਿ ਮਿਥਿਹਾਸਕ ਹਿੰਦੂ ਕਥਾਵਾਂ ਦਾ ਤਰਕ ਭਰਪੂਰ ਵਿਸ਼ਲੇਸ਼ਣ ਕਰਦੀਆਂ ਵੀਡੀਓਜ਼ ਨੂੰ ਦੇਖਣ ਵਾਲੇ ਲੱਖਾਂ ਵਿੱਚ ਹਨ ਕਿਉਂਕਿ ਮਿੱਥਾਂ ਤੇ ਧਾਰਮਿਕ ਕਰਮਕਾਂਡਾਂ ਬਾਰੇ ਤਰਕ ਤੇ ਵਿਅੰਗ ਬਹੁਤ ਤਿੱਖੇ ਤੇ ਰੌਚਕ ਹਨ। ਤਾਜ਼ਾ ਵੀਡਿਓ ਕੇਂਦਰੀ ਮੰਤਰੀ ਅਨੁਰਾਗ ਠਾਕਰ ਦੇ ਵਿਵਾਦਤ ਬਿਆਨ ਬਾਰੇ ਹੈ। ਮੰਤਰੀ ਨੇ ਸਕੂਲ ਦੇ ਬੱਚਿਆਂ ਨੂੰ ਪੁੱਛਿਆ ਕਿ ਦੁਨੀਆਂ ਦਾ ਸਭ ਤੋਂ ਪਹਿਲਾ ਪੁਲਾੜ ਯਾਤਰੀ ਕੌਣ ਸੀ ਤਾਂ ਬੱਚਿਆਂ ਨੇ ਜੁਆਬ ਦਿੱਤਾ – ਨੀਲ ਆਰਮਸਟਰੌਂਗ। ਮੰਤਰੀ ਕਹਿੰਦਾ ਹੈ, "ਮੈਨੂੰ ਤਾਂ ਲਗਦਾ ਹੈ ਹਨੂਮਾਨ ਜੀ ਸਨ। ਮੈਂ ਮੁੱਖ ਅਧਿਆਪਕ ਜੀ ਤੇ ਅਧਿਆਪਕਾਂ ਨੂੰ ਵੀ ਕਹਿੰਦਾ ਹਾਂ ਕਿ ਬੱਚਿਆਂ ਨੂੰ ਸਕੂਲ ਦੀਆਂ ਕਿਤਾਬਾਂ ਵਿਚੋਂ ਬਾਹਰ ਨਿਕਲ ਕੇ ਵੇਦਾਂ ਪ੍ਰੰਪਰਾਵਾਂ ਬਾਰੇ ਵੀ ਪੜ੍ਹਾਉਣ"। ਵੀਡਿਓ ਕਹਿੰਦੀ ਹੈ – ਮੰਤਰੀ ਆਪਣੇ ਬੱਚਿਆਂ ਨੂੰ ਵਿਦੇਸ਼ ਵਿੱਚ ਪੜ੍ਹਾਉਂਦੇ ਹਨ ਤੇ ਸਾਡੇ ਦੇਸ਼ ਦੇ ਬੱਚਿਆਂ ਨੂੰ ਅੰਧ ਵਿਸ਼ਵਾਸ਼ਾਂ ਵਿੱਚ ਫਸਾਕੇ ਰੱਖਣਾ ਚਾਹੁੰਦੇ ਹਨ। (ਉਂਝ ਪਹਿਲਾ ਪੁਲਾੜ ਯਾਤਰੀ ਯੂਰੀ ਗਾਗਰਿਨ ਸੀ)

**ਦਿਲਚਸਪ ਜਾਣਕਾਰੀ ਵਾਲਾ ਚੈਨਲ:**
**DW (Deutsche Welle ) Hindi**
(ਸਬਸਕ੍ਰਾਈਬਰਜ਼ 45.4 ਲੱਖ)

ਇੱਕ ਦਿਨ ਯੂਟਿਊਬ ਐਪ ਖੋਲ੍ਹੀ ਤਾਂ 'ਵੋਹ ਕੌਣ ਥੀ ਵਿਦ ਈਸ਼ਾ ਭਾਟੀਆ' ਨਾਂ ਦਾ ਪੌਡਕਾਸਟ ਸਾਹਮਣੇ ਆਇਆ ਜਿਸ ਵਿੱਚ ਮਸ਼ਹੂਰ ਵਿਗਿਆਨੀ ਮੇਰੀ ਕਿਊਰੀ ਬਾਰੇ ਈਸ਼ਾ ਭਾਟੀਆ ਬਹੁਤ ਸਹਿਜਤਾ ਨਾਲ ਤੇ ਭਰਪੂਰ ਮਿਹਨਤ ਨਾਲ ਤਿਆਰ ਕਰਕੇ ਜਾਣਕਾਰੀ ਦੇ ਰਹੀ ਸੀ। ਇਹ ਪੌਡਕਾਸਟ DW Hindi ਚੈਨਲ 'ਤੇ ਚੱਲ ਰਿਹਾ ਸੀ। ਮੂਲ ਰੂਪ ਵਿੱਚ ਇਹ ਜਰਮਨੀ ਸਰਕਾਰ ਦੀ ਵਿੱਤੀ ਮਦਦ ਨਾਲ ਚਲਾਇਆ ਜਾ ਰਿਹਾ ਆਜ਼ਾਦ ਅੰਤਰਰਾਸ਼ਟਰੀ ਚੈਨਲ ਹੈ, ਜੋ 30 ਭਾਸ਼ਾਵਾਂ ਵਿੱਚ ਖਬਰਾਂ, ਸਿੱਖਿਆ ਤੇ ਵੱਖਰੇ ਵੱਖਰੇ ਵਿਸ਼ਿਆਂ ਬਾਰੇ ਰੌਚਕਤਾ ਭਰਪੂਰ ਜਾਣਕਾਰੀ ਮੁਹੱਈਆ ਕਰਾਉਂਦਾ ਹੈ। ਇਸ ਚੈਨਲ 'ਤੇ ਸਿਹਤ ਟਾਕ ਦੇ ਕੁੱਝ ਵੀਡਿਓਜ਼ ਨੂੰ 2-6 ਕ੍ਰੋੜ ਵਾਰ ਦੇਖਿਆ ਗਿਆ ਹੈ। ਚਾਰ ਸਾਲ ਪਹਿਲਾਂ DW Documentary Hindi ਦਾ ਚੈਨਲ ਸ਼ੁਰੂ ਕੀਤਾ ਜਿਸਦੇ 7 ਲੱਖ ਸਬਸਕਰਾਈਬਰ ਹਨ।

## ਵਿਗਿਆਨ ਦੀ ਜੋਤ ਜਗਾ

ਵਿਗਿਆਨ ਦੀ ਜੋਤ ਜਗਾ ਓ ਸੱਜਣਾ,
ਵਿਗਿਆਨ ਦੀ ਜੋਤ ਜਗਾ,
ਪੜ੍ਹਨ ਦੀ ਆਦਤ ਪਾ ਓ ਸੱਜਣਾ,
ਵਿਗਿਆਨ ਦੀ ਜੋਤ ਜਗਾ।
ਦੁਨੀਆਂ ਚੰਦ ਕੀ ਮੰਗਲ ਪਹੁੰਚੀ,
ਨਾ ਚੰਦ ਨੂੰ ਸੀਸ ਝੁਕਾ ਓ ਸੱਜਣਾ,
ਵਿਗਿਆਨ ਦੀ ਜੋਤ ਜਗਾ।
ਨਿੰਬੂ ਮਿਰਚਾਂ ਸਿਹਤ ਲਈ ਹੁੰਦੇ,
ਨਾ ਟੰਗ ਕੇ ਗੱਲ ਮੁਕਾ ਓ ਸੱਜਣਾ,
ਵਿਗਿਆਨ ਦੀ ਜੋਤ ਜਗਾ।
ਭੂਤ ਪ੍ਰੇਤ ਸੱਭ ਭਰਮ ਦਿਮਾਗੀ,
ਰਹੇ ਤਰਕਸ਼ੀਲ ਸਮਝਾ ਓ ਸੱਜਣਾ,
ਵਿਗਿਆਨ ਦੀ ਜੋਤ ਜਗਾ।
ਸ਼ਗਨ, ਅਪਸ਼ਗਨ ਤੇ ਗ੍ਰਹਿ ਕੁੰਡਲੀਆਂ,
ਪਾਂਡਾ ਕਰਦਾ ਵਾ ਗੁਮਰਾਹ ਓ ਸੱਜਣਾ,
ਵਿਗਿਆਨ ਦੀ ਜੋਤ ਜਗਾ।
ਗ੍ਰੰਥ ਜਿਹੜੇ ਖੜੋਤ ਦੇ ਹਾਮੀਂ,
ਨਾ ਉਸਤੇ ਟੇਕ ਟਕਾ ਓ ਸੱਜਣਾ,
ਵਿਗਿਆਨ ਦੀ ਜੋਤ ਜਗਾ।
ਸਿੱਖਿਆ ਸਿਹਤ ਤੇ ਕੰਮ ਜ਼ਰੂਰੀ,
ਤੂੰ ਇਸ ਨੂੰ ਮੁੱਖ ਅਪਣਾ ਓ ਸੱਜਣਾ,
ਵਿਗਿਆਨ ਦੀ ਜੋਤ ਜਗਾ।
ਮਿਹਨਤਾਂ ਨਾਲ ਜੋ ਕਿਰਤ ਕਮਾਈ,
ਲੋਟੂ ਵਿਹਲੜ ਰਹੇ ਉਡਾ ਓ ਸੱਜਣਾ,
ਵਿਗਿਆਨ ਦੀ ਜੋਤ ਜਗਾ।
ਕਿਉਂ, ਕੈਪਟਨ ਬੈਠਾਂ ਵਿੱਚ ਹਨੇਰੇ,
ਵਿਗਿਆਨ ਦੀ ਜੋਤ ਜਗਾ ਵਿੱਚ ਵਿਹੜੇ,
ਜਿਸ ਰੱਬ ਸਿਰ ਬੰਨ ਬੈਠਾਂ ਸਿਹਰੇ,
ਨਾ ਉਹ ਮੂਰਤ ਨਾ ਵਿਚ ਡੇਰੇ,
ਕੁਦਰਤ ਹੈ ਸਭ ਚਾਰ ਚੁਫੇਰੇ,
ਵੀਰ ਤਰਕਸ਼ੀਲ ਕਰਨ ਨਬੇੜੇ,
ਰਹੇ ਤਰਕ ਨਾਲ ਸਮਝਾ ਓ ਸੱਜਣਾ।
ਵਿਗਿਆਨ ਦੀ ਜੋਤ ਜਗਾ।
ਵਿਗਿਆਨ ਦੀ ਜੋਤ ਜਗਾ ਓ ਸੱਜਣਾ,
ਵਿਗਿਆਨ ਦੀ ਜੋਤ ਜਗਾ,
ਪੜ੍ਹਨ ਦੀ ਆਦਤ ਪਾ ਓ ਸੱਜਣਾ,
ਵਿਗਿਆਨ ਦੀ ਜੋਤ ਜਗਾ।

*ਹਰਪ੍ਰੀਤ, ਮਾਨਾਂਵਾਲਾ ਕਲਾਂ*
*ਮੋ. 78378 28717*

ਪੜ੍ਹਨਯੋਗ ਪੁਸਤਕਾਂ

# ਕਾਫ਼ਿਰ ਹੀ ਪਵਿੱਤਰ ਮਨੁੱਖ

ਲੇਖਕ - ਮਨਜੀਤ ਬੋਪਾਰਾਏ

'ਕਾਫ਼ਿਰ ਹੀ ਪਵਿੱਤਰ ਮਨੁੱਖ' ਕਿਤਾਬ ਦਾ ਨਾਮ ਦੇਖ ਕੇ ਆਮ ਪਾਠਕ ਦੇ ਮਨ ਵਿੱਚ ਵੱਖਰਾ ਹੀ ਸੁਆਲ ਹੋ ਸਕਦਾ ਹੈ। ਕਿਉਂਕਿ ਧਰਮ ਨੇ 'ਕਾਫ਼ਿਰ' ਸ਼ਬਦ ਦੀ ਵਰਤੋਂ ਨਫ਼ਰਤੀ ਤਰੀਕੇ ਨਾਲ ਕੀਤੀ ਹੈ ਜਿਵੇਂ ਕਿ ਪੁਰਾਣੇ ਸਮੇਂ ਵਿੱਚ 'ਚਾਰਵਾਕ' ਸ਼ਬਦ ਦਾ ਮਜ਼ਾਕ ਉਡਾਇਆ ਜਾਂਦਾ ਸੀ। ਭਾਵੇਂ ਕਿ ਚਾਰਵਾਕ ਫਲਸ਼ਫਾ ਪਦਾਰਥਵਾਦੀ ਸੀ ਤੇ ਧਰਮ ਦੀਆਂ ਕੁਰੀਤੀਆਂ ਦਾ ਮਜ਼ਾਕ ਉਡਾਉਂਦਾ ਸੀ। ਇਸ ਤਰ੍ਹਾਂ ਦਾ ਹੀ ਕੁਝ ਇਸ ਕਿਤਾਬ ਬਾਰੇ ਬਿਨਾਂ ਪੜ੍ਹਿਆਂ ਅੰਦਾਜ਼ਾ ਲਾ ਸਕਦੇ ਨੇ। ਪਰ ਦਰਅਸਲ ਗੱਲ ਇਉਂ ਨਹੀਂ ਹੈ।

ਲੇਖਕ ਜੋ ਕਿ ਪਹਿਲਾਂ ਵੀ 'ਜੋਤਿਸ਼ ਝੂਠ ਬੋਲਦਾ' ਹੈ ਕਿਤਾਬ ਪਾਠਕਾਂ ਦੇ ਵਿਹੜੇ ਲਿਆ ਚੁੱਕਿਆ ਹੈ ਤੇ ਆਪਣੀ ਪਹਿਚਾਣ ਬਣਾ ਚੁਕਿਆ ਹੈ। ਵੈਸੇ ਵੀ ਮਨਜੀਤ ਬੋਪਾਰਾਏ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ। ਲੁਧਿਆਣੇ ਜਿਲ੍ਹੇ ਦੇ ਪਿੰਡ ਘੰਡਾਣੀ ਕਲਾਂ ਤੋਂ ਅਸਟਰੇਲੀਆ ਦੇ ਸ਼ਹਿਰ ਬ੍ਰਿਸਬੇਨ ਦਾ ਵਸਨੀਕ ਬੋਪਾਰਾਏ ਲੇਖਕ ਹੋਣ ਦੇ ਨਾਲ ਨਾਲ ਵਧੀਆ ਪੱਤਰਕਾਰ, ਸਮਾਜ ਸੇਵਕ ਅਤੇ ਤਰਕਸ਼ੀਲ ਵੀ ਹੈ। ਉਹ ਇਸ ਕਿਤਾਬ ਰਾਹੀਂ ਵਧੀਆ ਮਨੁੱਖ ਦੇ ਸੰਕਲਪ, ਸੱਚ ਦੀ ਪਰਿਭਾਸ਼ਾ, ਗਿਆਨ ਤੇ ਵਿਗਿਆਨ, ਆਜ਼ਾਦੀ ਆਦਿ ਵਿਸ਼ਿਆਂ ਬਾਰੇ ਚਰਚਾ ਕਰਦਾ ਹੋਇਆ ਬ੍ਰਹਿਮੰਡ ਦੀ ਬਾਤ ਵੀ ਪਾਉਂਦਾ ਹੈ ਤੇ ਇਸ ਵਿੱਚ ਹੁਣ ਦੇ ਸਮੇਂ ਤੱਕ ਹੋਈਆਂ ਅੰਤਰਰਾਸ਼ਟਰੀ ਖੋਜਾਂ ਦੀ ਚਰਚਾ ਕਰਦਾ ਹੈ।

ਲੇਖਕ ਲਿਖਦਾ ਹੈ ਕਿ ਜਿਸ ਚੀਜ਼/ਵਸਤੂ ਦੀ ਕੋਈ ਪਰਿਭਾਸ਼ਾ ਨਹੀਂ ਅਤੇ ਹੋਂਦ ਸਿੱਧ ਕਰਨ ਦਾ ਸਬੂਤ ਨਹੀਂ ਹੈ, ਉਹ ਝੂਠ ਹੀ ਹੈ, ਉਹ ਕਲਪਨਾ ਹੀ ਹੈ ਅਤੇ ਝੂਠ ਨੂੰ ਵਿਸ਼ਵਾਸ ਬਣਾ ਲੈਣਾ, ਅੰਧਵਿਸ਼ਵਾਸ ਹੀ ਹੁੰਦਾ ਹੈ। ਹੋਰ ਵੱਖ-ਵੱਖ ਤਰ੍ਹਾਂ ਦੇ ਪ੍ਰਦੂਸ਼ਣਾਂ ਵਾਂਗ, ਅੰਧਵਿਸ਼ਵਾਸ ਵੀ 'ਮਾਨਸਿਕ ਪ੍ਰਦੂਸ਼ਣ' ਹੁੰਦਾ ਹੈ। ਇਸ ਤੇ ਹੋਰ ਚਰਚਾ ਕਰਦਾ ਹੋਇਆ 12ਵੇਂ ਅਧਿਆਏ ਵਿੱਚ ਵਿਕਟਰ ਟੋਥ ਦੇ ਹਵਾਲੇ ਨਾਲ ਲਿਖਦਾ ਹੈ '...ਧਰਮ ਅਤੇ ਅੰਧਵਿਸ਼ਵਾਸੀ ਵਿਸ਼ਵਾਸਾਂ ਦੀ ਸ਼ਕਤੀ ਅਤੇ ਪ੍ਰਭਾਵ ਉਦੋਂ ਕਿਉਂ ਵਧਿਆ ਜਦੋਂ ਵਿਗਿਆਨਕ ਅਤੇ ਤਕਨੀਕੀ ਗਿਆਨ ਦਾ ਪੱਧਰ, ਸਿੱਖਿਆ ਅਤੇ ਸਾਖਰਤਾ ਦਰਾਂ ਅੱਜ ਦੇ ਮੁਕਾਬਲੇ ਬਹੁਤ ਘੱਟ ਸਨ, ਅਤੇ ਵਿਗਿਆਨ ਅਤੇ ਤਕਨਾਲੋਜੀ ਦੇ ਜ਼ਮਾਨੇ ਵਿੱਚ ਇੰਨੀ ਬੁਰੀ ਤਰ੍ਹਾਂ ਗਿਰਾਵਟ ਕਿਉਂ ਆਈ...?' ਅੱਗੇ 17ਵੇਂ ਅਧਿਆਏ ਵਿੱਚ ਲਿਖਦਾ ਹੈ, 'ਰੱਬ/ਪਰਮਾਤਮਾ/ਰਚਣਹਾਰ/ਕਾਦਰ ਦੀ ਸਿਰਫ਼ ਮਨੁੱਖ ਜਾਤੀ ਹੀ ਪੂਜਾ ਕਰਦੀ ਹੈ, ਬਾਕੀ ਕੋਈ ਹੋਰ ਜੀਵ ਨਹੀਂ ਕਰਦਾ। ਪੂਜਾ ਵੀ ਉਸ ਗ੍ਰਹਿ ਉੱਪਰ ਹੋ ਰਹੀ ਹੈ, ਜਿੱਥੇ ਮਨੁੱਖ ਦਾ ਵਾਸਾ ਹੈ। ਇਹ ਵਿਚਾਰ ਕਿ ਰੱਬ ਨੂੰ ਮਨੁੱਖ ਨੇ ਹੀ ਬਣਾਇਆ ਹੈ ਨਾ ਕਿ ਰੱਬ ਨੇ ਕੁਦਰਤ ਦੀ ਉੱਪਜ ਕੀਤੀ ਹੈ, ਨੂੰ ਅਕਸਰ ਇੱਕ ਆਧੁਨਿਕ ਵਿਚਾਰ ਮੰਨਿਆ ਜਾਂਦਾ ਹੈ। ਬੇਸ਼ੱਕ ਇਹ ਇੰਝ ਲਗਦਾ ਹੈ ਪਰ ਇਸ ਦੀਆਂ ਜੜ੍ਹਾਂ ਅਸਲ ਵਿੱਚ ਲਗਭਗ ਤਿੰਨ ਹਜ਼ਾਰ ਸਾਲ ਪਹਿਲਾਂ ਪਈਆਂ ਹਨ।'

ਅੱਗੇ 19ਵੇਂ ਅਧਿਆਏ 'ਸੰਸਾਰ ਨੂੰ ਅੰਧਵਿਸ਼ਵਾਸ ਦਾ ਆਰਥਿਕ ਘਾਟਾ ਅਤੇ ਸ਼ਰਧਾਲੂਆਂ ਦੀ ਗਿਣਤੀ' ਵਿੱਚ ਅੰਕੜਿਆਂ ਸਹਿਤ ਪੜ੍ਹਿਆ ਜਾ ਸਕਦਾ ਹੈ ਕਿ ਧਰਮ ਦਾ ਗਰੀਬ ਦੇਸ਼ਾਂ ਵਿੱਚ ਹੀ ਪ੍ਰਮੁੱਖ ਤੌਰ 'ਤੇ ਬੋਲਬਾਲਾ ਹੈ, ਜਦ ਕਿ ਵਿਕਸਿਤ ਅਤੇ ਖੁਸ਼ਹਾਲ ਦੇਸਾਂ ਵਿੱਚ ਬਹੁਤ ਘੱਟ ਧਾਰਮਿਕ ਸ਼ਰਧਾਲੂ ਹਨ। ਲੇਖਕ ਇਸ ਕਿਤਾਬ ਰਾਹੀਂ ਦਾਅਵਾ ਕਰਦਾ ਹੈ ਕਿ ਨੈਤਿਕਤਾ ਦਾ ਵਿਕਾਸ ਧਰਮਾਂ ਤੋਂ ਪਹਿਲਾਂ ਹੋਇਆ ਹੈ। ਇਹ ਸੱਚ ਹੈ ਕਿ ਨੈਤਿਕਤਾ ਦੇ ਆਸਰੇ ਹੀ ਮਨੁੱਖੀ ਸਮਾਜ ਚਲਦਾ ਤੇ ਵਿਕਸਤ ਹੁੰਦਾ ਗਿਆ। ਅੱਜ ਵੀ ਸਾਰੀ ਮਨੁੱਖਤਾ ਦੀ ਸਾਂਝ ਨੈਤਿਕਤਾ ਦੇ ਆਸਰੇ ਤੇ ਹੈ। ਨੈਤਿਕਤਾ ਨੂੰ ਰੂਪ ਦੇਣ ਵਿੱਚ ਮਨੁੱਖੀ ਭਾਵਨਾਵਾਂ ਦੀ ਭੂਮਿਕਾ ਹੈ। ਧਰਮਾਂ ਦੇ ਨਾਮ ਉੱਤੇ ਯੁੱਧਾਂ ਨੇ ਮਨੁੱਖਤਾ ਦੀ ਬੇਕਿਰਕ ਤਬਾਹੀ ਕੀਤੀ। ਬਹੁਤ ਸਾਰੇ ਧਰਮਾਂ ਨੇ ਆਪਣੇ ਫੈਲਾਅ ਅਤੇ ਆਪਣੇ ਇਸ਼ਟ ਦੀ ਖ਼ਾਤਰ ਦੂਜੇ ਧਰਮਾਂ ਦੇ ਲੋਕਾਂ ਤੇ ਬੇ-ਇੰਤਹਾ ਅੱਤਿਆਚਾਰ ਕੀਤੇ, ਬੇਰਹਿਮ ਤਰੀਕੇ ਨਾਲ ਮਨੁੱਖਾਂ ਦੇ ਕਤਲ ਕੀਤੇ। ਅੱਜ ਵੀ ਅਜਿਹਾ ਵਾਪਰ ਰਿਹਾ ਹੈ। ਇਥੋਂ ਤੱਕ ਕਿ ਲੋਕਤੰਤਰੀ ਦੇਸ਼ਾਂ ਵਿੱਚ ਵੀ ਧਰਮਾਂ ਦੀ ਰੱਖਿਆ ਲਈ ਕਾਨੂੰਨ ਪਾਸ ਕੀਤੇ ਜਾ ਰਹੇ ਹਨ।

ਧਾਰਮਿਕ ਅੱਤਵਾਦ ਬਾਰੇ ਲੇਖਕ ਲਿਬਮੇਨ ਦੇ ਹਵਾਲੇ ਨਾਲ ਤਿੰਨ ਮਾਪਾਂ ਵਿੱਚ ਵੰਡਦਾ ਹੈ; ਪਹਿਲਾ ਧਾਰਮਿਕ ਨਿਯਮਾਂ ਦੇ ਵਿਸਥਾਰ ਨਾਲ ਸਬੰਧਤ ਹੈ, ਜੋ ਕਿਸੇ ਵੀ ਧਰਮ ਦਾ ਦਾ ਆਧਾਰ ਬਣਦੇ ਹਨ। ਦੂਜਾ ਪਹਿਲੂ ਅਜਿਹੇ ਸਮਾਜ ਤੋਂ ਅਲੱਗ-ਥਲੱਗ ਹੋਣ ਨਾਲ ਸਬੰਧਤ ਹੈ ਜੋ ਕੱਟੜਵਾਦੀ ਨਿਯਮਾਂ ਨੂੰ ਰੱਦ ਕਰਦਾ ਹੈ; ਜ਼ਿਆਦਾਤਰ ਕੱਟੜਪੰਥੀ ਸਮੂਹ ਸਮਾਜ ਤੋਂ

ਬਾਕੀ ਸਫ਼ਾ 43 'ਤੇ

# ਅਦਰਕ - ਲਾਭਦਾਇਕ ਤੱਤਾਂ ਦਾ ਖ਼ਜਾਨਾ

- ਡਾ. ਨਵਤੇਜ ਸਿੰਘ M.D. (Pathology)

ਪੌਦਿਆਂ ਤੋਂ ਮਿਲਣ ਵਾਲੇ ਕੁਝ ਵਿਸ਼ੇਸ਼ ਖਾਧ ਪਦਾਰਥਾਂ ਦੇ ਸਾਡੀ ਸਿਹਤ ਉੱਤੇ ਪੈਣ ਵਾਲੇ ਅਸਰਾਂ ਬਾਰੇ ਵਿਗਿਆਨਕ ਪੱਖੋਂ ਪ੍ਰਮਾਣਿਤ ਜਾਣਕਾਰੀ ਦੇਣ ਦੀ ਲੜੀ ਵਿੱਚ ਅਲਸੀ ਅਤੇ ਲਸਣ ਤੋਂ ਬਾਅਦ ਇਸ ਵਾਰ ਅਦਰਕ ਬਾਰੇ ਦੱਸਿਆ ਜਾ ਰਿਹਾ ਹੈ ਅਤੇ ਅਗਲੇ ਅੰਕ ਵਿੱਚ ਹਲਦੀ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

**ਭੂਮਿਕਾ:** ਅਦਰਕ, ਜਿਸਦਾ ਵਿਗਿਆਨਕ ਨਾਮ Zingiber officinale ਹੈ, ਹਰ ਘਰ ਦੀ ਰਸੋਈ ਵਿੱਚ ਮਿਲਣ ਵਾਲੀ ਇੱਕ ਆਮ ਜੜੀ-ਬੂਟੀ ਹੈ, ਜੋ ਖਾਣੇ ਦਾ ਸੁਆਦ, ਸੁਗੰਧ, ਅਤੇ ਤਾਜ਼ਗੀ ਵਧਾਉਣ ਦੇ ਨਾਲ ਨਾਲ ਸਿਹਤ ਲਈ ਇੱਕ ਕੁਦਰਤੀ ਦਵਾਈ ਦੇ ਤੌਰ 'ਤੇ ਵਰਤੀ ਜਾਂਦੀ ਹੈ। ਪ੍ਰਾਚੀਨ ਭਾਰਤੀ ਆਯੁਰਵੇਦ, ਚੀਨ, ਯੂਨਾਨ, ਅਰਬ ਦੀ ਚਿਕਿਤਸਾ ਪ੍ਰਣਾਲੀ ਦੇ ਇਤਿਹਾਸ ਵਿੱਚ ਅਤੇ ਲੋਕ ਨੁਸਖ਼ਿਆਂ ਵਿੱਚ ਅਦਰਕ ਦਾ ਵਰਣਨ ਹਜ਼ਾਰਾਂ ਸਾਲਾਂ ਤੋਂ ਮਿਲਦਾ ਆ ਰਿਹਾ ਹੈ।

**ਅਦਰਕ ਦੇ ਮੁੱਖ ਰਸਾਇਣਕ ਤੱਤ:**

ਅਦਰਕ ਵਿੱਚ ਕਰੀਬ 2000 ਜੈਵਿਕ ਤੱਤ/ਘਟਕ ਪਾਏ ਜਾਂਦੇ ਹਨ ਪਰ ਇਨ੍ਹਾਂ ਵਿਚੋਂ ਹੇਠਾਂ ਲਿਖੇ ਕੁਝ ਪ੍ਰਮੁੱਖ ਜੈਵ-ਸਰਗਰਮ ਤੱਤ (bioactive compounds) ਹਨ, ਜੋ ਸਾਡੀ ਸਿਹਤ ਲਈ ਖਾਸ ਤੌਰ 'ਤੇ ਗੁਣਕਾਰੀ ਹਨ:

a) ਜਿੰਜਰੋਲਜ਼ (Gingerols): ਇਹ ਕਈ ਤਰ੍ਹਾਂ ਦੇ ਹੁੰਦੇ ਹਨ ਤੇ ਇਹ ਤਾਜ਼ੇ ਅਦਰਕ ਵਿੱਚ ਸਭ ਤੋਂ ਵੱਧ ਹੁੰਦੇ ਹਨ। ਜਿੰਜਰੋਲ ਵਿੱਚ ਜ਼ਬਰਦਸਤ ਐਂਟੀਔਕਸੀਡੈਂਟ (antioxidant) ਸੋਜ ਰੋਕੂ (anti-inflammatory) ਕੈਂਸਰ ਰੋਕੂ (anti-cancer) ਅਤੇ ਦਿਲ ਦੀ ਸਿਹਤ ਦੀ ਹਿਫ਼ਾਜ਼ਤ ਕਰਨ ਵਾਲੇ ਗੁਣ ਹੁੰਦੇ ਹਨ।

b) ਸ਼ੋਗਾਓਲ (Shogaols): ਇਹ ਸੁੱਕੀ ਹੋਈ ਅਦਰਕ ਜਿਸ ਨੂੰ ਸੁੰਢ ਕਿਹਾ ਜਾਂਦਾ ਹੈ ਅਤੇ ਅੱਗ 'ਤੇ ਪਕਾਉਣ ਦੌਰਾਨ ਗਰਮ ਕੀਤੇ ਅਦਰਕ ਵਿੱਚ ਮਿਲਦਾ ਹੈ।

c) ਜ਼ਿੰਜੀਰੋਨਜ਼ (Zingerones): ਅਦਰਕ ਦੀ ਤਿੱਖੀ ਸੁਗੰਧ ਜ਼ਿੰਜੀਰੋਨਜ਼ ਕਾਰਨ ਹੁੰਦੀ ਹੈ। ਇਸ ਵਿੱਚ ਜਿਗਰ ਦੀ ਰੱਖਿਆ, ਕੈਂਸਰ ਵਿਰੋਧੀ (anti-cancer) ਅਤੇ ਸੋਜ ਰੋਕੂ (anti-inflammatory) ਗੁਣ ਹੁੰਦੇ ਹਨ।

d) ਪੈਰਾਡੋਲਜ਼ (Paradols): ਇਹ ਹਾਈਡ੍ਰੋਜੀਨੇਸ਼ਨ ਪ੍ਰਕਿਰਿਆ ਨਾਲ ਬਣਦੇ ਹਨ ਅਤੇ ਖਾਸ ਕਰਕੇ ਕੈਂਸਰ-ਰੋਕਥਾਮ ਵਿੱਚ ਮਹੱਤਵਪੂਰਨ ਹੁੰਦੇ ਹਨ। ਇਸ ਦੇ ਨਾਲ ਨਾਲ ਇਹ ਮੋਟਾਪਾ ਘਟਾਉਣ, ਚਰਬੀ ਘਟਾਉਣ ਅਤੇ ਲਿਵਰ ਨੂੰ ਸਹੀ ਰੱਖਣ ਵਿੱਚ ਮਦਦਗਾਰ ਹੁੰਦਾ ਹੈ।

e)- Zingiberene ਅਤੇ Zerumbone: ਇਹ ਨਰਵਸ ਸਿਸਟਮ, ਜਿਗਰ ਅਤੇ ਦਿਮਾਗੀ ਰੋਗਾਂ 'ਚ ਲਾਭਦਾਇਕ ਹੁੰਦੇ ਹਨ।

ਉਪ੍ਰੋਕਤ ਤੱਤ ਗਰਮ ਕਰਨ ਜਾਂ ਸੁਕਾਉਣ ਨਾਲ ਇਕ-ਦੂਜੇ ਵਿੱਚ ਤਬਦੀਲ ਹੋ ਜਾਂਦੇ ਹਨ। ਉਦਾਹਰਨ ਲਈ - ਤਾਜ਼ਾ ਅਦਰਕ ਵਿੱਚ ਜਿੰਜਰੋਲ ਵੱਧ ਹੁੰਦਾ ਹੈ, ਪਰ ਸੁੱਕਣ 'ਤੇ ਇਹ ਸ਼ੋਗਾਓਲ ਵਿੱਚ ਬਦਲ ਜਾਂਦਾ ਹੈ, ਜੋ ਹੋਰ ਵੀ ਤਾਕਤਵਰ ਹੁੰਦਾ ਹੈ ਤੇ ਮੂਲ ਜਿੰਜਰੋਲ ਤੋਂ ਵੱਖਰੇ ਗੁਣ ਰਖਦਾ ਹੈ।

**ਅਦਰਕ ਦੇ ਮੁੱਖ ਸਿਹਤ ਲਾਭ:**

**ਸੋਜ ਘਟਾਉਣ ਵਾਲੇ ਪ੍ਰਭਾਵ** (Anti-inflammatory Action)

a)- ਅਦਰਕ ਵਿਚਲੇ ਉਪਰੋਕਤ ਪਦਾਰਥ ਸਰੀਰ 'ਚ ਸੋਜ ਪੈਦਾ ਕਰਨ ਵਾਲੇ ਰਸਾਇਣ ਬਣਨ ਤੋਂ ਰੋਕ ਕੇ ਸਰੀਰ ਵਿੱਚੋਂ ਸੋਜ ਘਟਾਉਂਦੇ ਹਨ ਜਾਂ ਸੋਜ ਪੈਦਾ ਹੋਣ ਤੋਂ ਬਚਾ ਕਰਦੇ ਹਨ। ਇਥੇ ਇਹ ਜਾਣਨਾ ਜ਼ਰੂਰੀ ਹੈ ਕਿ ਸਰੀਰ ਵਿੱਚ ਸੋਜ ਦਾ ਮੁੱਖ ਕਾਰਨ ਉਪਰੋਕਤ ਰਸਾਇਣਕ ਵਿਚੋਲੇ ਹੀ ਹੁੰਦੇ ਹਨ।

ਬਹੁਤ ਸਾਰੀਆਂ ਦਰਦ-ਨਾਸ਼ਕ ਤੇ ਸੋਜ ਉਤਾਰਨ ਵਾਲੀਆਂ ਦਵਾਈਆਂ ਵੀ ਇਹੀ ਰਸਾਇਣਕ ਪ੍ਰੀਕਿਰਿਆ ਰਾਹੀਂ ਅਸਰ ਕਰਦੀਆਂ ਹਨ, ਇਸ ਕਰਕੇ ਹੀ ਅਦਰਕ ਨੂੰ ਕੁਦਰਤੀ ਦਰਦ-ਰਾਹਤ ਵਾਲਾ ਨੁਸਖਾ ਮੰਨਿਆ ਜਾਂਦਾ ਹੈ।

ਕੁਝ ਸੋਜ ਬਾਰੇ - ਸੋਜ ਸਾਡੇ ਸਰੀਰ ਦੀ ਇੱਕ ਆਮ ਪ੍ਰਤੀਕਿਰਿਆ (immune response) ਹੈ, ਜੋ ਕਿਸੇ ਚੋਟ ਜਾਂ ਇੰਫੈਕਸ਼ਨ ਜਾਂ ਫਿਰ ਸਰੀਰ ਜਾਂ ਕਿਸੇ ਅੰਗ ਲਈ ਅਣਸੁਖਾਵੇਂ ਹਾਲਾਤਾਂ ਕਾਰਨ ਪੈਦਾ ਹੁੰਦੀ ਹੈ। ਇਹ ਸਰੀਰ ਦਾ ਅਤਿਅੰਤ ਜਰੂਰੀ ਕੁਦਰਤੀ ਰੱਖਿਆ ਪ੍ਰਣਾਲੀ ਦਾ ਹਿੱਸਾ ਹੈ, ਜੋ ਨੁਕਸਾਨ ਪਹੁੰਚਾਉਣ ਵਾਲੀਆਂ ਚੀਜ਼ਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦੀ ਹੈ। ਪਾਠਕਾਂ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਬੀਮਾਰੀਆਂ ਰੋਕਣ ਲਈ ਸਰੀਰ ਵਿੱਚ ਸੋਜ (inflammation) ਬਹੁਤ ਜ਼ਰੂਰੀ ਹੈ, ਪਰ ਥੋੜ੍ਹੀ ਮਿਆਦ ਲਈ।

ਅਗਰ ਇਹ ਸੋਜ ਲੰਮੇਂ ਸਮੇਂ ਲਈ ਚਲਦੀ ਹੈ ਤਾਂ ਬੀਮਾਰੀਆਂ ਰੋਕਣ ਦੀ ਬਜਾਇ ਕਈ ਤਰਾਂ ਦੀਆਂ ਦੀਰਘਕਾਲੀ ਬੀਮਾਰੀਆਂ ਦਾ ਕਾਰਨ ਬਣਦੀ ਹੈ, ਜਿਵੇਂ ਗਠੀਆ (Arthritis), ਦਿਲ ਅਤੇ ਦਿਮਾਗ ਦੀਆਂ ਨਸਾਂ ਦੀਆਂ ਬਿਮਾਰੀਆਂ, ਜੋ ਹਾਰਟ ਅਟੈਕ ਤੇ ਸਟ੍ਰੋਕ ਲਈ ਜ਼ਿੰਮੇਵਾਰ ਹਨ, ਆਂਤੜੀਆਂ ਦੀਆਂ ਸੋਜਸ਼ ਤੇ ਜ਼ਖਮਾਂ ਸੰਬੰਧੀ ਬਿਮਾਰੀਆਂ (IBS), ਚਮੜੀ ਦੇ ਰੋਗ ਚੰਬਲ, ਸ਼ੂਗਰ-2, ਦਿਮਾਗੀ ਰੋਗ ਅਲਜ਼ਾਈਮਰਜ਼ ਤੇ ਕੁਝ ਕਿਸਮ ਦੇ ਕੈਂਸਰ ਦਾ ਖਤਰਾ ਵਧਣਾ ਆਦਿ ਸ਼ਾਮਲ ਹਨ।

**ਐਂਟੀਔਕਸੀਡੈਂਟ ਪ੍ਰਭਾਵ** (Antioxidant Properties):

6-ਜਿੰਜਰੋਲ, 6-ਸ਼ੋਗਾਓਲ ਤੇ ਜਿੰਜੀਰੋਨ ਮਿਲ ਕੇ ਬਹੁਤ ਮਜ਼ਬੂਤ ਐਂਟੀ-ਆਕਸੀਡੈਂਟ ਅਸਰ ਰੱਖਦੇ ਹਨ। ਉਪ੍ਰੋਕਤ ਤੱਤ ਸਰੀਰ ਨੂੰ ਨੁਕਸਾਨ ਪਹੁੰਚਾਣ ਵਾਲੇ ਹਾਨੀਕਾਰਕ ਅਣੂ (Free radicals) ਜਿਵੇਂ Reactive Oxygen Species (ROS) ਨੂੰ ਨਸ਼ਟ ਕਰਕੇ ਬਹੁਤ ਸਾਰੀਆਂ ਬਿਮਾਰੀਆਂ ਦੇ ਪੈਦਾ ਹੋਣ ਜਾਂ ਵਧਣ ਤੋਂ ਰੱਖਿਆ ਕਰਦੇ ਹਨ।

ਉਪਰੋਕਤ ਦੇ ਨਾਲ ਨਾਲ ਇਹ ਤੱਤ ਸਰੀਰ ਵਿਚ ਗਲੂਟਾਥਾਇਓਨ (Glutathione) ਦੇ ਪੱਧਰ ਨੂੰ ਵਧਾਉਂਦੇ ਹਨ - ਜੋ ਸਰੀਰ ਦਾ ਸਭ ਤੋਂ ਮਹੱਤਵਪੂਰਨ ਕੁਦਰਤੀ ਐਂਟੀ-ਆਕਸੀਡੈਂਟ ਹੈ।

ਇਥੇ ਇਹ ਜਾਨਣਾ ਜ਼ਰੂਰੀ ਹੈ ਕਿ ਉਕਤ ਹਾਨੀਕਾਰਕ ਅਣੂ ਸਰੀਰ ਵਿੱਚ ਲਗਾਤਾਰ ਪੈਦਾ ਹੁੰਦੇ ਰਹਿੰਦੇ ਹਨ ਅਤੇ ਇਹਨਾਂ ਹਾਨੀਕਾਰਕ ਅਣੂਆਂ ਦੀ ਮਾਤਰਾ ਵਧਣ ਦੀ ਸੂਰਤ ਵਿੱਚ ਸਰੀਰ ਵਿੱਚ oxidative stress ਵਧਾ ਕੇ ਇਹ ਅੱਲਗ ਅੱਲਗ ਅੰਗਾਂ ਦੇ ਸੈੱਲਾਂ ਨੂੰ ਨੁਕਸਾਨ ਪਹੁੰਚਾ ਕੇ ਦਿਲ, ਦਿਮਾਗ ਦੀਆਂ ਬਿਮਾਰੀਆਂ, ਕੈਂਸਰ, ਸ਼ੂਗਰ, ਦਿਲ ਦੀਆਂ ਅਤੇ ਹੋਰ ਬੀਮਾਰੀਆਂ ਨੂੰ ਵਧਾਉਣ ਦੇ ਨਾਲ ਨਾਲ ਬੁਢਾਪਾ ਜਲਦੀ ਲਿਆਉਣ ਵਿੱਚ ਵੀ ਰੋਲ ਅਦਾ ਕਰਦੇ ਹਨ।

**ਦਿਲ ਅਤੇ ਰਕਤ ਧਮਣੀਆਂ ਦੀ ਸਿਹਤ ਲਈ ਲਾਭਕਾਰੀ** (Cardiovascular protective Benefits):

ਜਿੰਜਰੋਲਜ਼, ਸ਼ੋਗਾਓਲ, ਜ਼ਿੰਜੀਰੋਨਜ਼ ਤੇ ਪੈਰਾਡੋਲਜ਼ ਸਾਰੇ ਮਿਲ ਕੇ ਦਿਲ ਅਤੇ ਰਕਤ ਧਮਣੀਆਂ ਦੀ ਸਿਹਤ ਲਈ ਲਾਭਕਾਰੀ ਹੈ:

a) **ਬਲੱਡ ਪ੍ਰੈਸ਼ਰ:**

ਉਪਰੋਤਕ ਬਾਇਓਐਕਟਿਵ ਤੱਤ ਖ਼ੂਨ ਦੀਆਂ ਨਸਾਂ (arteries) ਵਿੱਚ ਮੌਜੂਦ ਪੱਠਿਆਂ ਨੂੰ ਹਰਕਤ ਵਿੱਚ ਆਉਣ ਤੋਂ ਰੋਕਦੇ ਹਨ ਅਤੇ ਬਲੱਡ ਪ੍ਰੈਸ਼ਰ ਸਾਂਵਾਂ ਰੱਖਣ ਵਿੱਚ ਸਹਾਈ ਹੁੰਦੇ ਹਨ। ਇਸ ਤੋਂ ਇਲਾਵਾ ਇਹ ਤੱਤ ਐਂਜੀਓਟੈਂਸ਼ਨ-2 (Angiotensin-2) ਦੇ ਬਣਨ ਨੂੰ ਰੋਕਣ ਦੇ ਨਾਲ ਨਾਲ ਇਹ ਬੱਲਡ ਪ੍ਰੈਸ਼ਰ ਲਈ ਜ਼ਿੰਮੇਵਾਰ ਇਸ ਐਂਜੀਓਟੈਂਸ਼ਨ ਦੀ ਗਤੀਵਿਧੀ ਨੂੰ ਰੋਕਦੇ ਹਨ ਅਤੇ ਬਲੱਡ ਪ੍ਰੈਸ਼ਰ ਘੱਟ ਕਰਦੇ ਹਨ। ਇਹ ਨਾਈਟ੍ਰਿਕ ਆਕਸਾਈਡ ਰਿਲੀਜ਼ ਕਰਕੇ ਖ਼ੂਨ ਦੀਆਂ ਨਸਾਂ ਨੂੰ ਢਿੱਲਾ (relax) ਕਰਕੇ ਬਲੱਡ ਪ੍ਰੈਸ਼ਰ ਘੱਟ ਕਰਨ ਵਿੱਚ ਯੋਗਦਾਨ ਪਾਉਂਦੇ ਹਨ।

b) **ਕੋਲੈਸਟ੍ਰੋਲ ਨੂੰ ਕੰਟਰੋਲ ਵਿੱਚ ਰੱਖਣਾ:**

ਅਦਰਕ ਦੇ ਨਿਯਮਿਤ ਸੇਵਨ ਨਾਲ:

> ਕੁੱਲ ਕੋਲੇਸਟ੍ਰੋਲ (Total Cholesterol) ਕੰਟਰੋਲ ਵਿੱਚ ਰਹਿੰਦਾ ਹੈ,

> LDL (ਖ਼ਰਾਬ ਕੋਲੇਸਟ੍ਰੋਲ) ਨੂੰ ਘਟਾਉਂਦਾ ਹੀ ਨਹੀਂ ਬਲਕਿ LDL ਨੂੰ oxidise ਹੋਣ ਤੋਂ ਬਚਾ ਕੇ ਖਤਰਨਾਕ oxLDL ਬਣਨ ਤੋਂ ਰੋਕਦਾ ਹੈ,

> HDL (ਚੰਗਾ ਕੋਲੇਸਟ੍ਰੋਲ) ਵੱਧਦਾ ਹੈ,

> ਖ਼ੂਨ ਦੀ ਚਰਬੀ ਵਜੋਂ ਜਾਣੇ ਜਾਂਦੇ ਟ੍ਰਾਈਗਲਿਸਰਾਈਡਜ਼ (Triglycerides) ਦੀ ਮਾਤਰਾ ਘਟਦੀ ਹੈ।

c) **ਖ਼ੂਨ ਦੇ ਥੱਕੇ** (blood clots):

ਅਦਰਕ ਵਿੱਚ ਮਿਲਣ ਵਾਲੇ ਪੈਰਾਡੋਲ ਵਿੱਚ ਐਸਪਰੀਨ ਨਾਲੋਂ ਵੀ ਵੱਧ ਐਂਟੀ-ਪਲੇਟਲੈੱਟ ਗੁਣ ਹੁੰਦੇ ਹਨ ਜਿਸ ਕਾਰਨ ਖ਼ੂਨ ਦੇ ਥੱਕੇ ਨਹੀਂ ਬਣਦੇ ਤੇ ਦਿਲ ਅਤੇ ਦਿਮਾਗ ਦਾ ਦੌਰਾ ਪੈਣ ਤੋਂ ਬੱਚਤ ਹੁੰਦੀ ਹੈ।

**ਕੈਂਸਰ-ਰੋਕੂ ਪ੍ਰਭਾਵ** (Anti-cancer Activity):

* ਜਿੰਜਰੋਲ, ਸ਼ੋਗਾਓਲ ਤੇ ਜਿੰਜੀਰੋਨ ਆਦਿ ਦਾ ਸੰਯੋਗ ; ਕੁਝ ਕੈਂਸਰਾਂ ਵਿੱਚ ਸੈੱਲਾਂ ਦੇ ਵਾਧੇ ਨੂੰ ਰੋਕਦੇ ਹਨ ਅਤੇ ਕੈਂਸਰ ਸੈੱਲਾਂ ਵਿੱਚ ਪ੍ਰੀਵਰਤਨ ਲਿਆ ਕੇ ਕੈਂਸਰ ਦੇ ਅੱਗੇ ਫੈਲਾਅ ਨੂੰ ਰੋਕਦੇ ਹਨ।

* ਉਪਰੋਕਤ ਤੱਤਾਂ ਕਾਰਨ ਕੈਂਸਰ ਸੈਲਾਂ ਵਿੱਚ apoptosis ਸ਼ੁਰੂ ਹੋ ਜਾਂਦੀ ਹੈ ਜਿਸ ਵਿੱਚ ਕੈਂਸਰ ਸੈੱਲ ਵਧਣ ਦੇ ਬਜਾਇ ਮਰ ਜਾਂਦੇ ਹਨ।

* ਅਦਰਕ ਦੀ ਵਰਤੋਂ ਨਾਲ ਵੱਡੀ ਅੰਤੜੀ, ਗਦੂਦ, ਜਿਗਰ ਅਤੇ ਛਾਤੀ ਦੇ ਕੈਂਸਰ ਵਿੱਚ ਲਾਭਦਾਇਕ ਨਤੀਜੇ ਮਿਲੇ ਹਨ।

**ਦਿਮਾਗੀ ਰੋਗਾਂ ਵਿੱਚ ਲਾਭਕਾਰੀ ਪ੍ਰਭਾਵ** (Neuroprotective Effects) :

ਅਦਰਕ ਵਿੱਚ ਪਾਏ ਜਾਣ ਵਾਲੇ ਤੱਤ 6-ਜਿੰਜਰੋਲ

ਅਤੇ 6-ਸ਼ੋਗਾਓਲ, ਦਿਮਾਗੀ ਬਿਮਾਰੀ ਅਲਜ਼ਾਈਮਰ ਰੋਗ ਅਤੇ ਪਾਰਕਿਨਸਨਜ਼ (Parkinsons' disease) ਵਿੱਚ ਫਾਇਦੇਮੰਦ ਹੁੰਦੇ ਹਨ।ਅਦਰਕ ਦੇ ਇਹ ਤੱਤ ਦਿਮਾਗ ਦੀ ਸੋਜ ਨੂੰ ਘਟਾ ਕੇ ਅਤੇ ਦਿਮਾਗ ਵਿੱਚ ਖ਼ਤਰਨਾਕ ਪ੍ਰੋਟੀਨ (Amyloid) ਦੇ ਢੇਰ ਬਣਨ ਤੋਂ ਬਚਾ ਕੇ ਅਤੇ ਦਿਮਾਗੀ ਸੈਲਾਂ ਦੀ ਸੁਰੱਖਿਆ ਕਰਕੇ ਯਾਦਆਸ਼ਤ ਅਤੇ ਦਿਮਾਗੀ ਤਾਕਤ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦੇ ਹਨ।

**ਅਦਰਕ ਦੇ ਹੋਰ ਫਾਇਦੇ:**

> ਅਦਰਕ ਖੰਘ, ਠੰਢ, ਨਜ਼ਲਾ, ਜੀ ਕੱਚਾ ਹੋਣਾ ਅਤੇ ਉਲਟੀਆਂ ਵਿੱਚ ਲਾਭਕਾਰੀ ਹੁੰਦਾ ਹੈ।

> ਇਹ ਭੁੱਖ ਵਧਾਉਂਦਾ ਹੈ, ਪਾਚਨ-ਤੰਤਰ ਨੂੰ ਮਜ਼ਬੂਤ ਕਰਦਾ ਹੈ ਅਤੇ ਗੈਸ ਤੇ ਅਲਸਰ ਤੋਂ ਬਚਾਅ ਕਰਦਾ ਹੈ।

> ਮਾਂਹਵਾਰੀ ਦੇ ਦਰਦ ਵਿੱਚ ਰਾਹਤ ਦਿੰਦਾ ਹੈ।

> ਮਾਸਪੇਸ਼ੀਆਂ ਦੇ ਦਰਦ ਵਿੱਚ ਲਾਭਦਾਇਕ ਹੁੰਦਾ ਹੈ।

> ਦਮੇ ਦੇ ਮਰੀਜਾਂ ਨੂੰ ਸਾਹ ਫੁੱਲਣ ਤੋਂ ਰਾਹਤ ਮਿਲਦੀ ਹੈ।

> ਲੰਬਾ ਸਮਾਂ ਵਰਤਣ ਨਾਲ ਜੋੜਾਂ ਦੇ ਦਰਦ ਵਿੱਚ ਰਾਹਤ ਮਿਲਦੀ ਹੈ।

**ਅਦਰਕ ਦੀ ਵਰਤੋਂ** :

ਰੋਜ਼ਾਨਾ ਅਦਰਕ 3-4 ਗ੍ਰਾਮ ਤੱਕ ਸੁਰੱਖਿਅਤ ਮੰਨਿਆ ਜਾਂਦਾ ਹੈ। ਅਗਰ 6 ਗ੍ਰਾਮ ਤੋਂ ਜ਼ਿਆਦਾ ਖਾਧਾ ਜਾਵੇ ਤਾਂ ਪੇਟ ਦੀ ਜਲਣ ਜਾਂ ਟੱਟੀਆਂ ਲੱਗ ਸਕਦੀਆਂ ਹਨ।

ਸਰਦੀ-ਜ਼ੁਕਾਮ, ਜੋੜਾਂ ਦੇ ਦਰਦ ਜਾਂ ਮਾਸਪੇਸ਼ੀ ਦਰਦ ਵਿੱਚ ਅਦਰਕ ਵਾਲੀ ਚਾਹ ਜਾਂ ਅਦਰਕ-ਹਲਦੀ ਦਾ ਕਾੜ੍ਹਾ ਪੀਣਾ ਲਾਭਕਾਰੀ ਹੈ।

ਅਦਰਕ ਦੇ ਇਹ ਗੁਣ ਪੁਰਾਤਨ ਅਨੁਭਵ ਦੇ ਨਾਲ ਨਾਲ ਆਧੁਨਿਕ ਵਿਗਿਆਨਕ ਖੋਜ ਦੁਆਰਾ ਵੀ ਪ੍ਰਮਾਣਿਤ ਹੋਏ ਹਨ।

**ਸਾਵਧਾਨੀਆਂ** :

> ਪਿੱਤੇ ਦੀ ਸੋਜ਼ਸ਼ ਤੇ ਪਿੱਤੇ ਦੀ ਪੱਥਰੀ ਵਾਲੇ ਮਰੀਜ ਅਦਰਕ ਖਾਣ ਤੋਂ ਪਰਹੇਜ਼ ਕਰਨ।

> ਦਿਲ/ਦਿਮਾਗ ਦੀਆਂ ਬੀਮਾਰੀਆਂ ਵਿੱਚ Asprin ਜਾਂ ਦੂਜੀਆਂ ਖ਼ੂਨ ਪਤਲਾ ਕਰਨ ਵਾਲ਼ੀਆਂ ਦਵਾਈਆਂ ਵਰਤਣ ਵਾਲ਼ੇ ਮਰੀਜ਼ ਸਾਵਧਾਨੀ ਵਰਤਣ।

> ਗਰਭ ਅਵਸਥਾ ਤੇ ਬੱਚੇ ਨੂੰ ਦੁੱਧ ਪਿਲਾਉਣ ਵਾਲ਼ੀਆਂ ਮਾਂਵਾਂ ਨੂੰ ਡਾਕਟਰ ਦੀ ਸਲਾਹ ਨਾਲ ਖਾਣਾ ਚਾਹੀਦਾ ਹੈ।

**ਸਫਾ 40 ਦੀ ਬਾਕੀ**

ਅਲੱਗ-ਥਲੱਗ ਹੋ ਕੇ ਬਣਦੇ ਹਨ। ਤੀਜਾ ਅਤੇ ਆਖਰੀ ਮਾਪ ਸੱਭਿਆਚਾਰਕ ਅਸਵੀਕਾਰਨ ਨਾਲ ਸਬੰਧਤ ਹੈ। ਸੱਭਿਆਚਾਰਕ ਅਸਵੀਕਾਰ ਉਹਨਾਂ ਸੱਭਿਆਚਾਰਾਂ ਦੀ ਨਿੰਦਿਆ ਨੂੰ ਦਰਸਾਉਂਦਾ, ਜੋ ਧਰਮ ਲਈ ਦੇਸੀ ਜਾਂ ਪੁਰਾਤਨ ਨਹੀਂ ਹਨ। ਸਖ਼ਤ ਕੱਟੜਪੰਥੀ ਸੰਪਰਦਾਵਾਂ ਆਮ ਤੌਰ 'ਤੇ ਇਸ ਮਾਰਗ ਦੀ ਪਾਲਣਾ ਕਰਦੇ ਹਨ ਕਿਉਂਕਿ ਇਹ ਉਹਨਾਂ ਨੂੰ ਮੀਡੀਆ ਅਤੇ ਹੋਰ ਆਧੁਨਿਕ-ਦਿਨਾਂ ਦੀਆਂ ਚੀਜ਼ਾਂ ਤੋਂ ਸੀਮਤ ਕਰਦਾ ਹੈ।

ਕਿਤਾਬ ਦਾ ਮਹੱਤਵਪੂਰਨ ਹਿੱਸਾ 6 ਧਰਮਾਂ ਅਤੇ ਨਾਸਤਿਕਤਾ ਦਾ ਤੁਲਨਾਤਮਿਕ ਅਧਿਐਨ ਹੈ। ਇਸ ਅਧਿਐਨ ਵਿੱਚ ਦਰਜ 18 ਨੁਕਤਿਆਂ ਦੀ ਸੰਖੇਪ ਵਿਆਖਿਆ ਅਤੇ ਵਿਸ਼ਲੇਸ਼ਣ ਇਹ ਸਿੱਧ ਕਰਦੇ ਨੇ ਕਿ ਸਾਰੇ ਧਾਰਮਿਕ ਗ੍ਰੰਥ ਵੱਖ-ਵੱਖ ਨਿਰਦੇਸ਼ ਦਿੰਦੇ ਨੇ, ਫਿਰ ਸਾਰੇ ਸੱਚੇ ਅਤੇ ਠੀਕ ਗਿਆਨ ਕਿਵੇਂ ਹੋਏ ਤੇ ਸਾਰੇ ਇੱਕ ਰੱਬ ਨੂੰ ਕਿਵੇਂ ਮੰਨਦੇ ਹੋਏ? ਸਾਰੇ ਧਰਮ ਮਰਦਾਂ ਨੇ ਹੀ ਸ਼ੁਰੂ ਕੀਤੇ ਸਨ। ਇਸੇ ਕਰਕੇ ਸਾਰੇ ਧਰਮਾਂ ਨੇ ਮਰਦ ਪ੍ਰਧਾਨ ਸਮਾਜ ਹੀ ਵਿਕਸਤ ਕੀਤੇ, ਜਿਨ੍ਹਾਂ ਵਿੱਚ ਔਰਤਾਂ ਦੀ ਦਸ਼ਾ ਸਦੀਆਂ ਤੋਂ ਦੂਜੇ ਦਰਜ਼ੇ ਦੀ ਰਹੀ ਹੈ।

ਅੰਤਲੇ ਅਧਿਆਏ 'ਕਾਫ਼ਰ ਹੀ ਪਵਿੱਤਰ (ਸ਼ੁੱਧ) ਮਨੁੱਖ' ਵਿੱਚ ਦੱਸਿਆ ਗਿਆ ਹੈ 'ਪਵਿੱਤਰ' ਦੇ ਸ਼ਬਦੀ ਅਰਥ ਹਨ - *ਸ਼ੁੱਧ* ਜਿਸ ਵਿੱਚ ਕੋਈ ਮਿਲਾਵਟ ਨਾ ਹੋਵੇ, ਅਸ਼ੁੱਧੀ ਨਾ ਹੋਵੇ ਭਾਵ ਕਿ ਪ੍ਰਦੂਸ਼ਣ ਰਹਿਤ ਵਸਤੂ ਜਾਂ ਵਿਚਾਰ। ਨਾਸਤਿਕ ਵਿਅਕਤੀ ਵਿਗਿਆਨਕ ਸੋਚ ਦਾ ਧਾਰਨੀ ਹੋਣ ਕਾਰਣ ਵਹਿਮਾਂ ਭਰਮਾਂ ਅਤੇ ਅੰਧਵਿਸ਼ਵਾਸ ਰਹਿਤ ਹੁੰਦਾ ਹੈ, ਜਿਸ ਕਰਕੇ ਉਸ ਦਾ ਮਨ ਸ਼ੁੱਧ ਅਤੇ ਪ੍ਰਦੂਸ਼ਨ ਰਹਿਤ ਹੁੰਦਾ ਹੈ। ਇਸ ਲਈ ਦੂਜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ 'ਕਾਫ਼ਿਰ ਹੀ ਪਵਿੱਤਰ ਮਨੁੱਖ ਹੈ।'

ਕਿਤਾਬ ਵਿੱਚ ਛੋਟੀਆਂ ਮੋਟੀਆਂ ਗਲਤੀਆਂ ਤੋਂ ਬਿਨਾਂ ਕਿਤਾਬ ਦੀ ਛਪਾਈ ਵਧੀਆ ਹੈ ਅਤੇ ਆਕਾਰ ਵਿੱਚ ਆਮ ਕਿਤਾਬ ਤੋਂ ਵੱਡੀ ਹੋਣ ਦਾ ਕਾਰਣ ਇਸ ਵਿੱਚ ਛਪਿਆ 7 ਕਾਲਮਾਂ ਵਾਲਾ ਤੁਲਨਾਤਮਿਕ ਅਧਿਐਨ ਹੈ। ਵੈਸੇ ਤਾਂ ਸਾਰੀ ਕਿਤਾਬ ਹੀ ਪੜ੍ਹਨਯੋਗ ਹੈ ਪਰ 'ਨੈਤਕਿਤਾ ਦਾ ਵਿਕਾਸ ਧਰਮਾਂ ਤੋਂ ਪਹਿਲਾਂ ਹੋਇਆ', 'ਬ੍ਰਹਿਮੰਡ ਦੀ ਉੱਤਪਤੀ', 'ਧਾਰਮਿਕ ਗ੍ਰੰਥ ਅਤੇ ਸੰਵਿਧਾਨ' ਅਤੇ 'ਕਾਫ਼ਿਰ ਹੀ ਪਵਿੱਤਰ ਮਨੁੱਖ' ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਹਨ। ਕਿਤਾਬ ਦੀ ਕੀਮਤ 399 ਰੁਪਏ ਹੈ। ਚਿੰਤਨ ਪ੍ਰਕਾਸ਼ਨ ਨੇ ਛਾਪੀ ਹੈ। ਉਮੀਦ ਹੈ ਕਿ ਕਿਤਾਬ ਆਮ ਪਾਠਕ ਨੂੰ ਪ੍ਰਭਾਵਤ ਕਰੇਗੀ ਤੇ ਅਗਾਂਹਵਧੂ ਸੋਚ ਵਾਲੇ ਪਾਠਕਾਂ ਦੇ ਗਿਆਨ ਵਿੱਚ ਵਾਧਾ ਕਰੇਗੀ।

***-ਹਰਚੰਦ ਭਿੰਡਰ***

17 ਦਸੰਬਰ 'ਤੇ ਰਾਈਟ ਭਰਾਵਾਂ ਨੂੰ ਯਾਦ ਕਰਦਿਆਂ

# ਜਦ ਮਨੁੱਖ ਪਹਿਲੀ ਵਾਰ ਹਵਾ ਵਿੱਚ ਉਡਿਆ

17 ਦਸੰਬਰ 1903 ਦੀ ਸਵੇਰ ਨੂੰ ਵਿੱਲ ਨੇ ਇੱਕਦਮ ਕਿਹਾ, "ਮੇਰੇ ਵਿਚਾਰ 'ਚ ਅਸੀਂ ਇਸਦਾ ਤਜ਼ਰਬਾ ਅੱਜ ਹੀ ਕਰ ਲਈਏ।" ਵਿੱਲ ਇਸ ਗੱਲ ਦੀ ਕਲਪਨਾ ਵੀ ਨਹੀਂ ਕਰ ਸਕਿਆ ਸੀ ਕਿ ਸਕੂਲਾਂ ਦੇ ਮੁੰਡੇ-ਕੁੜੀਆਂ ਇਸਦੇ ਲਈ ਇਸ ਤਰੀਕ ਨੂੰ ਹਮੇਸ਼ਾਂ ਯਾਦ ਰੱਖਣਗੇ। ਇਤਿਹਾਸ 'ਚ 17 ਦਸੰਬਰ 1903 ਜ਼ਰੂਰੀ ਤਰੀਕਾਂ 'ਚੋਂ ਇੱਕ ਹੈ।

"ਅਸੀਂ ਏਨੇ ਤਿਆਰ ਹਾਂ ਕਿ ਜਿੰਨੇ ਅਸੀਂ ਪਹਿਲਾਂ ਕਦੇ ਵੀ ਨਹੀਂ ਸੀ ਹੋਏ," ਓਰਵਿੱਲ ਨੇ ਕਿਹਾ।

ਬਾਹਰੋਂ ਉਹ ਸ਼ਾਂਤ ਸਨ ਪਰ ਆਖ਼ਰ ਉਹ ਮਨੁੱਖ ਸਨ, ਤੁਸੀਂ ਇਹ ਸਮਝ ਲਓ ਕਿ ਉਹਨਾਂ ਦੇ ਅੰਦਰ ਹਲਚਲ ਮੱਚੀ ਹੋਈ ਸੀ। ਹਵਾਈ ਯੰਤਰ ਦਾ ਤਜ਼ਰਬਾ ਪਹਿਲਾਂ ਕੌਣ ਕਰੇ, ਇਹ ਫੈਸਲਾ ਕਰਨ ਲਈ ਉਹਨਾਂ ਨੇ ਟਾੱਸ ਕੀਤਾ। ਓਰਵਿੱਲ ਨੂੰ ਪਹਿਲ ਮਿਲੀ।

"ਮੈਂ ਉੱਡ ਕੇ ਦਿਖਾਵਾਂਗਾ। ਮੈਂ ਸੰਸਾਰ ਦਾ ਪਹਿਲਾਂ ਵਿਅਕਤੀ ਹੋਵਾਂਗਾ, ਜੋ ਉੱਡਿਆ ਹੋਵੇ," ਓਰਵਿੱਲ ਨੇ ਮਨ ਹੀ ਮਨ ਕਿਹਾ।

ਹਵਾਈ ਯੰਤਰ ਨੂੰ ਹਵਾ 'ਚ ਉੱਠਦੇ ਦੇਖਣ ਲਈ ਸਿਰਫ਼ ਪੰਜ ਵਿਅਕਤੀ ਹੀ ਰੇਤ ਦੇ ਉਸ ਇਕੱਲੇ ਟਿੱਬੇ ਦੇ ਕੋਲ ਖੜੇ ਸਨ ਅਤੇ ਉਹਨਾਂ 'ਚੋਂ ਕਿਸੇ ਨੂੰ ਵੀ ਇਹ ਵਿਚਾਰ ਨਹੀਂ ਆਇਆ ਸੀ ਕਿ ਉਹ ਉੱਡ ਸਕੇਗਾ। ਉਹਨਾਂ ਨੇ ਇੰਜਣ ਚਲਾ ਦਿੱਤਾ। ਓਰਵਿੱਲ ਹੇਠਲੇ ਤਖ਼ਤੇ 'ਤੇ ਸਵਾਰ ਹੋ ਗਿਆ। ਵਿੱਲਬਰ ਨੇ ਖ਼ਤਰਨਾਕ ਢੰਗ ਨਾਲ ਹਿੱਲਦੇ ਹੋਏ ਗਲਾਈਡਰ ਨੂੰ ਟਿਕਾਇਆ।

"ਲਓ ਓਰਵ ਤਿਆਰ," ਵਿੱਲਬਰ ਨੇ ਚੀਕ ਕੇ ਕਿਹਾ।

"ਸਭ ਠੀਕ ਹੈ," ਓਰਵਿੱਲ ਉੱਧਰੋਂ ਚੀਕਿਆ।

"ਚੱਲਣ ਦਿਓ ਇਸਨੂੰ," ਵਿੱਲਬਰ ਚੀਕਿਆ ਅਤੇ ਓਰਵ ਨੇ ਉਹ ਲੀਵਰ ਖੋਲ੍ਹ ਦਿੱਤਾ। ਜਿਸ 'ਚ ਖੰਭ ਹਵਾ 'ਚ ਚੱਕਰ ਕੱਢਣ ਲੱਗੇ। ਥੱਲੇ ਦੇ ਨਾਲ-ਨਾਲ ਗਲਾਈਡਰ ਅੱਗੇ ਵਧਣ ਲੱਗਾ। ਹੌਲੀ-ਹੌਲੀ..... ਕੁਝ ਹੋਰ ਤੇਜ਼...... ਅਤੇ ਫਿਰ ਜਦੋਂ ਉਹ ਥੱਲੇ ਦੇ ਅੰਤ ਤੱਕ ਪਹੁੰਚ ਗਿਆ ਤਾਂ ਗਲਾਈਡਰ ਉੱਤੇ ਉੱਠ ਗਿਆ, ਬਾਕੀ ਉਸਦੇ ਪਿੱਛੇ-ਪਿੱਛੇ ਅਤੇ ਹਵਾਈ ਯੰਤਰ ਹੁਣ ਹਵਾ 'ਚ ਸੀ। ਇਹ ਦਸ ਫੁੱਟ ਤੱਕ ਉੱਪਰ ਗਿਆ। ਉਹ ਉੱਡ ਰਿਹਾ ਸੀ। ਵਿੱਲਬਰ ਸੁਭਾਅ 'ਚ ਸ਼ਾਂਤ ਸੀ ਪਰ ਹੁਣ ਖੁਸ਼ੀ ਨਾਲ ਉਹ ਕੰਬ ਰਿਹਾ ਸੀ। ਓਰਵਿੱਲ ਸਚਮੁੱਚ ਉੱਡ ਰਿਹਾ ਸੀ। ਹਵਾਈ ਯੰਤਰ ਇੱਕ ਸੌ ਫੁੱਟ ਤੱਕ ਗਿਆ ਅਤੇ ਫਿਰ ਉਹ ਰੇਤ 'ਤੇ ਉਤਰ ਗਿਆ।

ਓਰਵਿੱਲ ਉਸ ਪਹਿਲੀ ਬਾਂਕੀ ਅਦਾ ਨਾਲ ਕੰਬਦੇ ਹੋਏ ਹਵਾਈ ਯੰਤਰ ਵਿਚੋਂ ਬਾਹਰ ਆਇਆ ਜੋ ਅਸਲ 'ਚ ਉੱਡਿਆ ਸੀ।

"ਅਸੀਂ ਇਹ ਕਰ ਲਿਆ ਵਿੱਲ!" ਉਸਨੇ ਕਿਹਾ ਤਾਂ ਉਸਦੀ ਅਵਾਜ਼ ਕੰਬ ਰਹੀ ਸੀ।

"ਅਸੀਂ ਉੱਡ ਸਕਦੇ ਹਾਂ," ਵਿੱਲਬਰ ਨੇ ਸਹਿਮੇ ਹੋਏ ਕਿਹਾ, "ਅਸੀਂ ਉੱਡ ਸਕਦੇ ਹਾਂ!"

"ਮੈਂ ਕਿੰਨੀ ਦੇਰ ਉੱਪਰ ਰਿਹਾ?" ਓਰਵਿੱਲ ਨੇ ਪੁੱਛਿਆ। "ਬਾਰਾਂ ਸਕਿੰਟ!" ਵਿੱਲਬਰ ਨੇ ਕਿਹਾ, "ਲਿਆਓ ਹੁਣ ਮੈਨੂੰ ਇਸਦਾ ਤਜ਼ਰਬਾ ਕਰ ਲੈਣ ਦਿਓ।"

ਵਿੱਲਬਰ ਇੱਕ ਸੌ ਪਚੰਤਰ ਫੁੱਟ ਉੱਪਰ ਉੱਡਿਆ ਅਤੇ ਫਿਰ ਪੁਰਜ਼ੇ ਨੂੰ ਹੇਠਾਂ ਉਤਰਨ ਦਿੱਤਾ। ਓਰਵਿੱਲ ਨੇ ਫਿਰ ਤਜ਼ਰਬਾ ਕੀਤਾ ਅਤੇ ਲਗਪਗ ਪੰਦਰਾਂ ਸਕਿੰਟ ਬਾਅਦ ਥੱਲੇ ਉਤਾਰਿਆ।

"ਵਿੱਲ, ਚੱਲ ਦੇਖ, ਤੂੰ ਇਸਨੂੰ ਕਿੰਨੀ ਦੇਰ ਤੱਕ ਉਡਾ ਸਕਦਾ ਹੈ?" ਜਦੋਂ ਵਿੱਲਬਰ ਦੁਬਾਰਾ ਤਜ਼ਰਬਾ ਕਰਨ ਦੇ ਲਈ ਬੈਠਿਆ ਤਾਂ ਓਰਵਿਲ ਨੇ ਸੁਝਾਇਆ। ਵਿੱਲ ਨੇ ਸਿਰ ਹਿਲਾਇਆ। ਇਸ ਵਾਰ ਫਿਰ ਉਹ ਹਵਾਈ ਯੰਤਰ ਉਡਾਇਆ ਗਿਆ। ਉਹ ਲਗਪਗ ਵੀਹ ਫੁੱਟ ਉੱਚਾ ਗਿਆ ਅਤੇ ਫਿਰ ਵਿੱਲਬਰ ਨੇ ਉਸਦਾ ਲੀਵਰ ਖੋਲ੍ਹ ਦਿੱਤਾ। ਉਸਨੇ ਹੇਠਾਂ ਨਜ਼ਰ ਮਾਰੀ ਤਾਂ ਰੇਤ ਦੇ ਟਿੱਲੇ ਉਸਨੂੰ ਪਿੱਛੇ ਉੱਡਦੇ ਦਿਖਾਈ ਦਿੱਤੇ। ਉਹ ਅਸਲੀ ਉਡਾਣ ਸੀ। ਜਦੋਂ ਵਿੱਲਬਰ ਅੱਠ ਸੌ ਫੁੱਟ ਤੱਕ ਹਵਾ 'ਚ ਉੱਡਿਆ ਤਾਂ ਇੱਕ ਛੋਟੀ ਜਿਹੀ ਲਹਿਰ ਨੇ ਹਵਾਈ ਯੰਤਰ ਨੂੰ ਹੇਠਾਂ ਉਤਰਨ ਲਈ ਮਜ਼ਬੂਰ ਕਰ ਦਿੱਤਾ।

ਜਦੋਂ ਵਿੱਲਬਰ ਹੇਠਲੇ ਤਖ਼ਤੇ ਤੋਂ ਹੇਠਾਂ ਉਤਰਿਆ ਤਾਂ ਓਰਵਿੱਲ ਨੇ ਕਿਹਾ, "ਤੂੰ ਉਨਾਹਠ ਸਕਿੰਟ ਤੱਕ ਉੱਪਰ ਰਿਹਾ।"

"ਅਗਲੀ ਵਾਰ ਅਸੀਂ ਉਨਾਹਠ ਮਿੰਟ ਤੱਕ ਉੱਤੇ ਰਹਾਂਗੇ," ਵਿੱਲਬਰ ਨੇ ਹੱਸ ਕੇ ਕਿਹਾ।

**ਤਰਕਸ਼ੀਲ ਸੁਸਾਇਟੀ ਵੱਲੋਂ ਪ੍ਰਕਾਸ਼ਿਤ ਪੁਸਤਕ**

**'ਹਵਾਈ ਜਹਾਜ਼ ਦੀ ਕਹਾਣੀ' ਵਿਚੋਂ**

## ਆਹ ਰੱਬ ਦਾ ਕੀ ਰੌਲਾ?

ਚਾਚੇ ਚਰਨ ਨਾਲ ਗੱਪ ਸ਼ੱਪ ਵਿਚੋਂ।

– ਭਤੀਜ, ਤੂੰ ਬਾਹਲ਼ਾ ਸਿਆਣਾ ਬਣਦਾ ਰਹਿਨਾ, ਜੇ ਅੱਜ ਮੇਰੀ ਦੁਵਿਧਾ ਦਾ ਹੱਲ ਕੱਢੇਂ ਤੇ ਮੰਨਾ।

– ਚਾਚਾ, ਤੇਰੇ ਨਾਲ ਐਨਾ ਪਿਆਰ ਆ ਮੇਰਾ, ਦੱਸ ਕਿਹੜੀ ਮੁਸ਼ਕਿਲ ਚ ਫਸ ਗਿਆਂ

– ਦਾਰੇ ਪੁੱਤ, ਆਹ ਰੱਬ ਦਾ ਕੀ ਰੌਲਾ? ਇਹ ਹੈ ਕਿ ਨੀ? ਤੇਰਾ ਕੀ ਮੰਨਣਾ? ਬੇੜੀ ਕਿਸੇ ਪੱਤਣ ਲੱਗੇ ਤੇ ਜਾਨ ਸੌਖੀ ਨਿਕਲੂ ਮੇਰੀ।

– ਚਾਚਾ ਜੀ, ਪਹਿਲਾਂ ਤੁਸੀਂ ਮੈਨੂੰ ਉਕਸਾਉਂਦੇ ਹੋਂ, ਫਿਰ ਜੇ ਮੈਂ ਕੁੱਝ ਬੋਲੂੰਗਾ ਤਾਂ ਬੋਲੋਗੇ ਕੇ ਬੋਲਤਾ ਹੈ।

– ਅੱਛਾ ਦੱਸ , ਪਰ ਹੁਣ ਜ਼ਿਆਦਾ ਵੱਡਾ ਪੰਗਾ ਨਾ ਪਾਈਂ।ਸਾਰੀ ਜ਼ਿੰਦਗੀ ਦਾ ਕੀਤਾ ਕਰਾਇਆ ਨਾ ਰੋੜ੍ਹ ਦੀਂ ਇੱਕੋ ਹੱਲੇ।

– ਚਾਚਾ, ਰੱਬ ਦੀ 'ਗੁੰਝਲਦਾਰ ਬੁਝਾਰਤ' ਪਾਵੇਂਗਾ ਤੇ ਪੰਗਾ ਤੇ ਪਊਗਾ ਹੀ ਫਿਰ।

– ਚੱਲ ਪੁੱਤ ਬਣ ਕੇ ਦੱਸ ਫਿਰ ਇਸ ਬੁਝਾਰਤ ਦਾ ਹੱਲ।ਰੋਜ਼ ਰੋਜ਼ ਦਾ ਟੈਂਟਾ ਮੁਕਾ ਜੇ ਮੁੱਕਦਾ ਤੇ।

– ਚਾਚਾ, ਸਮੱਸਿਆ ਤੇ ਮੈਂ ਹੱਲ ਕਰ ਦੂੰ ਪਰ ਪਹਿਲਾਂ ਬੜ੍ਹਾ ਕਸ਼ਟ ਕਰਨਾ ਪਊ।

– ਉਹ ਕੀ ਭਤੀਜ?

– ਚਾਚਾ, ਪਹਿਲਾਂ ਤੇ ਇਹ ਸੋਚ ਪੀ ਸਭ ਤੋਂ ਪਹਿਲਾਂ ਰੱਬ ਬਣਾਇਆ ਕੀਹਨੇ? ਕਿੱਥੇ ਤੇ ਕਦੋਂ?

ਫਿਰ ਇਹ ਪਤਾ ਕਰ ਪੀ ਇਸ ਰੱਬ ਨੂੰ ਵਰਤਿਆ ਕੀਹਨੇ? ਕਿੱਥੇ ਤੇ ਕਦੋਂ?

ਫਿਰ ਇਹ ਪਤਾ ਕਰ ਪੀ ਇਸ ਰੱਬ ਦੇ ਨਾਂ ਤੇ ਕੋਈ ਕਤਲੋ-ਗਾਰਤ ਤੇ ਨੀ ਹੋਈ? ਜੇ ਹੋਈ, ਕਿੱਥੇ ਤੇ ਕਦੋਂ?

ਚਾਚਾ! ਫਿਰ ਇਹ ਪਤਾ ਕਰ ਪੀ ਇਸ ਰੱਬ ਦੇ ਨਾਂ ਤੇ ਕੋਈ ਧਰਮ (ਫ਼ਿਰਕੇ) ਤੇ ਨੀ ਚੱਲੇ? ਜੇ ਚੱਲੇ, ਤਾਂ ਕੀ ਉਹਨਾਂ ਧਰਮਾਂ ਨੇ ਦੂਜੇ ਕਿਸਮ ਦੇ ਰੱਬ ਨੂੰ ਮੰਨਣ ਵਾਲਿਆਂ ਨੂੰ ਪਿਆਰ ਮੁਹੱਬਤ ਕੀਤਾ ਕਿ ਮਾਰ ਕੁੱਟ ਕੀਤੀ?

ਕੀ ਉਹਨਾਂ ਆਪਣੇ ਧਰਮ ਸਭ ਤੋਂ ਵਧੀਆ ਅਤੇ ਆਪਣੇ ਰੱਬ ਨੂੰ ਹੀ ਅਸਲੀ ਰੱਬ ਦੱਸਿਆ ਕਿ ਇਹ ਕਿਹਾ ਕੇ ਦੂਜੇ ਧਰਮ ਸਾਡੇ ਵਾਲੇ ਤੋਂ ਚੰਗੇ ਨੇ?

ਚਾਚਾ! ਫਿਰ ਇਹ ਪਤਾ ਕਰ ਪੀ ਇਸ ਰੱਬ ਦੇ ਨਾਂ ਤੇ ਜਿਹੜੇ ਧਰਮ ਚਲਾਏ ਗਏ, ਉਹਨਾਂ ਸਾਰਿਆਂ ਨੇ ਕਿਤੇ ਗੋਲਕ ਤੇ ਨੀ ਰੱਖੀ ਅਤੇ ਆਪਣੇ ਸ਼ਰਧਾਲੂਆਂ ਨੂੰ ਆਪਣੀ ਮਿਹਨਤ ਮੁਸ਼ੱਕਤ ਦੀ ਕਮਾਈ ਵਿੱਚੋਂ ਕੋਈ ਹਿੱਸਾ ਕੱਢਣ ਨੂੰ ਤੇ ਨੀ ਕਿਹਾ?

ਜੇ ਹਿੱਸਾ ਕੱਢਣ ਨੂੰ ਕਿਹਾ ਤੇ ਫਿਰ ਉਸ ਕਮਾਈ (ਲੁੱਟ) ਵਿੱਚੋਂ ਕੋਈ ਸਿਆਸੀ ਜਾਂ ਰਾਜਸੀ ਲਾਭ ਤੇ ਨੀ ਲਿਆ?

ਤੇ ਜਿਨ੍ਹਾਂ ਨੇ ਕੋਈ ਸਿਆਸੀ ਜਾਂ ਰਾਜਸੀ ਲਾਭ ਲਿਆ, ਬੱਸ ਉਹਨਾਂ ਨੂੰ ਹੀ ਰੱਬ ਸਮਝ ਲਓ। ਕੋਈ 5 ਸਾਲ ਲਈ ਤੇ ਕੋਈ 25 ਸਾਲ ਲਈ। ਫਿਰ ਭਾਵੇਂ ਵੋਟਾਂ ਪਾ ਕੇ ਰੱਬ ਬਦਲ ਲਿਓ।

– ਪੁੱਤ ਮੈਨੂੰ ਤੇ ਪਹਿਲਾਂ ਹੀ ਖਦਸ਼ਾ ਸੀ, ਤੂੰ ਮੈਨੂੰ ਪਾਗਲ ਕਰਕੇ ਰਹਿਣਾ ਇੱਕ ਦਿਨ। ਤੇਰੇ ਪਿਓ ਨੇ ਤੈਨੂੰ ਪੱਠੀ ਪੱਟੀ ਪੜ੍ਹਾਈ ਆ, ਦੇਖੀਂ ਕਿਤੇ ਚਾਚੇ ਹੁਣੀ ਚੈਨ ਨਾਲ ਨਾ ਜੀ ਸਕਣ। ਐਵੇਂ ਨੀ ਕਹਿੰਦੇ, 'ਸੌ ਤੇਲ ਤੇ ਇਕ ਘਿਓ, ਸੌ ਚਾਚੇ ਤੇ ਇਕ ਪਿਓ।'

**(ਦਾਰਾ ਢਿੱਲੋਂ ਦੀ ਫੇਸਬੁੱਕ ਪੋਸਟ)**

## ਰਾਜਵੀਰ ਜਵੰਦਾ ਦੀ ਮੌਤ ਤੋਂ ਸਬਕ

ਪੰਜਾਬ ਤੇ ਹਿਮਾਚਲ ਵਿੱਚ ਆਵਾਰਾ ਪਸ਼ੂਆਂ ਨਾਲ ਹੁੰਦੀਆਂ ਮੌਤ 'ਤੇ ਕੋਈ ਵੀ ਗੌਰ ਨਹੀਂ ਕਰਦਾ। ਇਕੱਲੇ ਪੰਜਾਬ ਵਿੱਚ 31 ਮੌਤਾਂ ਹਰ ਸਾਲ ਹੁੰਦੀਆਂ ਹਨ। ਹੁਣ ਇਥੇ ਸਵਾਲ ਉੱਠਦਾ ਹੈ ਕਿ ਜਦੋਂ ਅਸੀਂ ਗਊ ਸੈੱਸ ਦਿੰਦੇ ਹਾਂ, ਫਿਰ ਅਵਾਰਾ ਪਸ਼ੂਆਂ ਦਾ ਸੜਕਾਂ 'ਤੇ ਆਉਣਾ ਬਣਦਾ ਹੀ ਨਹੀਂ। ਸਰਕਾਰ ਇਹ ਸਾਥੋਂ ਟੈਕਸ ਲੈ ਕੇ ਉਸਦਾ ਕੀ ਕਰਦੀ ਹੈ? ਸਾਡੇ 'ਤੇ ਇਹ ਦੂਹਰੀ ਮਾਰ ਕਿਉਂ? ਸੋ ਸਾਨੂੰ ਸਾਰੇ ਪੰਜਾਬੀਆਂ ਨੂੰ ਇਕੱਠੇ ਹੋ ਕੇ ਸਰਕਾਰ 'ਤੇ ਦਬਾਅ ਬਣਾਉਣਾ ਚਾਹੀਦਾ ਹੈ ਕਿ ਸਰਕਾਰ ਸੜਕਾਂ 'ਤੇ ਫਿਰਦੇ ਪਸ਼ੂਆਂ ਦਾ ਹੱਲ ਕਰੇ। ਜਵੰਦੇ ਵੀਰ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਅੱਗੇ ਤੋਂ ਕੋਈ ਮਾਂ ਦਾ ਪੁੱਤ ਅਵਾਰਾ ਪਸ਼ੂਆਂ ਨਾਲ ਟਕਰਾ ਕੇ ਆਪਣੀ ਜਾਨ ਤੋਂ ਹੱਥ ਨਾ ਧੋ ਬੈਠੇ।

ਦੂਜਾ ਕਾਰਨ ਇਹ ਹੈ ਕਿ ਜਦੋਂ ਵੀ ਕੋਈ ਇਸ ਤਰ੍ਹਾਂ ਮੌਤ ਹੁੰਦੀ ਹੈ ਤਾਂ ਅਸੀਂ ਇਸ ਦਾ ਸਾਰਾ ਭਾਂਡਾ ਕਰਮਾਂ ਤੇ ਜਾਂ ਲੇਖਾਂ ਤੇ ਆਖ ਕੇ ਸੁਰਖ਼ਰੂ ਹੋ ਜਾਂਦੇ ਹਾਂ। ਮੈਨੂੰ ਨਹੀਂ ਲਗਦਾ ਕਿ ਜਿੰਨੀਆਂ ਅਰਦਾਸਾਂ ਲੋਕਾਂ ਨੇ ਜਵੰਦੇ ਵੀਰ ਲਈ ਕੀਤੀਆਂ ਐਨੀਆਂ ਕਿਸੇ ਹੋਰ ਲਈ ਹੋਇਆਂ ਹੋਣ। ਹੁਣ ਸਮਾਂ ਆ ਗਿਆ ਹੈ ਕਿ ਇਹਨਾਂ ਕਰਮਾਂ ਲੇਖਾਂ ਦੇ ਚੱਕਰ 'ਚੋਂ ਬਾਹਰ ਆਈਏ ਤੇ ਸਰਕਾਰ 'ਤੇ ਦਬਾਅ ਬਣਾਈਏ ਕਿ ਸਰਕਾਰ ਅਵਾਰਾ ਪਸ਼ੂਆਂ 'ਤੇ ਕਾਬੂ ਪਾਵੇ। ਸਾਡਾ ਸਭ ਦਾ ਫ਼ਰਜ਼ ਬਣਦਾ ਹੈ ਕਿ ਇਸ ਮੁੱਦੇ 'ਤੇ ਆਵਾਜ਼ ਚੁੱਕੀ ਜਾਵੇਂ।

**–ਜਸਕਰਨ ਲੰਡੇ**

## ਬੱਚਾ ਸਾਇੰਸ ਦੇ ਪੇਪਰ 'ਚੋਂ ਫੇਲ੍ਹ ਕਿਉਂ ਹੋਇਆ ?

ਪਾਪਾ, ਧਰਤੀ ਕਿਸ ਨੇ ਬਣਾਈ?
ਬੇਟਾ, ਭਗਵਾਨ ਨੇ ਬਣਾਈ।
ਅਕਾਸ਼ ਕਿਸ ਨੇ ਬਣਾਇਆ?
ਭਗਵਾਨ ਨੇ।
ਸਿਤਾਰੇ ਕਿਸ ਨੇ ਬਣਾਏ?
ਭਗਵਾਨ ਨੇ।
ਸਾਨੂੰ ਕਿਸ ਨੇ ਬਣਾਇਆ?
ਭਗਵਾਨ ਨੇ।
ਪੇੜ-ਪੌਦੇ ਕਿਸ ਨੇ ਉਗਾਏ?
ਭਗਵਾਨ ਨੇ।
ਲੋਕ ਕਿਵੇਂ ਮਰਦੇ ਨੇ?
ਭਗਵਾਨ ਦੀ ਮਰਜ਼ੀ ਨਾਲ।
ਲੋਕ ਪੈਦਾ ਕਿਵੇਂ ਹੁੰਦੇ ਨੇ?
ਭਗਵਾਨ ਦੀ ਮਰਜ਼ੀ ਨਾਲ।
ਰੌਸ਼ਨੀ ਕਿਵੇਂ ਮਿਲਦੀ ਹੈ?
ਭਗਵਾਨ ਦੀ ਕ੍ਰਿਪਾ ਨਾਲ।
ਹਨੇਰਾ ਕਿਵੇਂ ਹੋ ਜਾਂਦਾ ਹੈ?
ਭਗਵਾਨ ਦੀ ਇੱਛਾ ਨਾਲ।



ਬੇਟਾ, ਐਨੇ ਸਵਾਲ ਨਾ ਪੁੱਛੋ। ਇਸ ਧਰਤੀ 'ਤੇ, ਪੂਰੇ ਬ੍ਰਹਿਮੰਡ 'ਚ ਜੋ ਕੁਝ ਵੀ ਹੁੰਦਾ ਹੈ, ਭਗਵਾਨ ਦੀ ਇੱਛਾ, ਭਗਵਾਨ ਦੀ ਮਰਜ਼ੀ ਨਾਲ ਹੁੰਦਾ ਹੈ।

ਇੱਕ ਦਿਨ ਬੱਚੇ ਦਾ ਵਿਗਿਆਨ ਦਾ ਅਧਿਆਪਕ ਘਰ ਆਉਂਦਾ ਹੈ। 'ਵੇਖੋ ਵਰਮਾ ਜੀ, ਤੁਹਾਡਾ ਬੱਚਾ ਪੜ੍ਹਨ 'ਚ ਬਹੁਤ ਕਮਜ਼ੋਰ ਹੈ। ਪੜ੍ਹਾਈ-ਲਿਖਾਈ 'ਚ ਧਿਆਨ ਹੀ ਨਹੀਂ ਦਿੰਦਾ।'

"ਟੈਸਟ 'ਚ ਸਵਾਲ ਪੁੱਛਿਆ ਗਿਆ,
ਬਲੱਬ ਰੌਸ਼ਨੀ ਕਿਵੇਂ ਦਿੰਦਾ ਹੈ?
ਜਵਾਬ ਲਿਖਿਆ,
ਭਗਵਾਨ ਦੀ ਮਰਜ਼ੀ ਨਾਲ।
ਟੈਲੀਫੋਨ ਕਿਸ ਨੇ ਬਣਾਇਆ?
ਭਗਵਾਨ ਨੇ।
ਧਰਤੀ 'ਤੇ ਦਿਨ ਅਤੇ ਰਾਤ ਕਿਵੇਂ ਬਣਦੇ ਹਨ?
ਭਗਵਾਨ ਦੀ ਮਰਜ਼ੀ ਨਾਲ।

ਮਾਫ਼ ਕਰਿਓ, ਦੱਸਦੇ ਹੋਏ ਚੰਗਾ ਤਾਂ ਨਹੀਂ ਲੱਗ ਰਿਹਾ, ਪਰ ਤੁਹਾਡਾ ਬੇਟਾ ਫੇਲ੍ਹ ਹੋ ਗਿਆ ਹੈ।"

ਵਰਮਾ ਜੀ ਨੇ ਗੁੱਸੇ ਨਾਲ ਕੰਬਦੇ ਹੋਏ ਮੁੰਡੇ ਨੂੰ ਬੁਲਾਇਆ। ਝਿੜਕਦੇ ਹੋਏ ਕਹਿਣ ਲੱਗੇ, "ਕਿਉਂ ਬਈ, ਸਾਡੇ ਲਾਡ ਪਿਆਰ ਦਾ ਨਜਾਇਜ਼ ਫਾਇਦਾ ਚੁੱਕਦਾ ਏਂ? ਪੜ੍ਹਾਈ-ਲਿਖਾਈ 'ਚ ਮਨ ਕਿਉਂ ਨਹੀਂ ਲੱਗਦਾ?" ਅਤੇ ਦੋ ਥੱਪੜ ਮਾਰਦੇ ਹੋਏ ਬੋਲੇ, "ਕਮਬਖ਼ਤ ਫੇਲ੍ਹ ਹੁੰਦਾ ਰਹੇਂਗਾ ਤਾਂ ਜ਼ਿੰਦਗੀ 'ਚ ਕੀ ਕਰੇਂਗਾ?"

ਅਤੇ ਵਿਚਾਰਾ ਬੱਚਾ ਸਮਝ ਨਹੀਂ ਸਕਿਆ ਕਿ ਉਸ ਕੋਲੋਂ ਗਲਤੀ ਕਿੱਥੇ ਹੋਈ ?

ਕਾਸ਼ ਵਰਮਾ ਜੀ ਸਮਝ ਸਕਦੇ ਕਿ ਉਹ ਬੱਚੇ ਦੀ ਜਿਗਿਆਸਾ ਨੂੰ ਭਗਵਾਨ ਨਾਲ ਸੰਤੁਸ਼ਟ ਨਾ ਕਰਦੇ ਤਾਂ ਬੱਚਾ ਉਹਨਾਂ ਸਵਾਲਾਂ ਦਾ ਜਵਾਬ ਵਿਗਿਆਨ 'ਚ ਲੱਭਦਾ। ਉਸ ਬੱਚੇ ਦੀਆਂ ਸਾਰੀਆਂ ਕਲਪਨਾਵਾਂ, ਜਿਗਿਆਸਾਵਾਂ, ਖੋਜੀ ਬਿਰਤੀ ਤਾਂ ਇੱਕ ਭਗਵਾਨ 'ਤੇ ਹੀ ਆ ਕੇ ਖ਼ਤਮ ਹੋ ਗਈ। ਭਲਾ ਇਸ 'ਚ ਉਸ ਬੱਚੇ ਦੀ ਕੀ ਗਲਤੀ ਹੈ ਜੋ ਉਸਨੂੰ ਵਿਗਿਆਨ ਦੀ ਸਮਝ ਨਾ ਆਈ।

ਕੀ ਤੁਸੀਂ ਵੀ ਚਾਹੁੰਦੇ ਹੋ ਕੀ ਤੁਹਾਡੇ ਬੱਚੇ ਫੇਲ੍ਹ ਹੋਣ? ਨਹੀਂ ਨਾ?

ਤਾਂ ਫਿਰ ਆਪਣੇ ਬੱਚਿਆਂ ਨੂੰ ਵਿਗਿਆਨ ਦੀਆਂ ਕਹਾਣੀਆਂ ਸੁਣਾਓ। ਦੇਵੀ-ਦੇਵਤਿਆਂ ਤੇ ਭਗਵਾਨ ਦੀਆਂ ਨਹੀਂ। ਉਨ੍ਹਾਂ ਨੂੰ ਵਿਗਿਆਨ ਦਾ ਰਹੱਸ ਸਮਝਾਓ, ਝੂਠੀਆਂ-ਮੂਠੀਆਂ ਕਹਾਣੀਆਂ ਨਹੀਂ। ਉਹਨਾਂ ਨੂੰ ਤਰਕ ਕਰਨਾ ਸਿਖਾਓ। ਆਪਣਾ ਵਿਕਾਸ ਖੁਦ ਕਰੋ, ਆਪਣਾ ਭਲਾ ਤੁਹਾਨੂੰ ਖੁਦ ਕਰਨਾ ਪਵੇਗਾ।

### ਨਵੀਂ ਪੀੜ੍ਹੀ ਲਈ ਵਿਗਿਆਨ ਦਾ ਮਹੱਤਵ

ਜੋ ਹੁਣ ਬੱਚੇ ਹਨ ਉਨ੍ਹਾਂ ਲਈ ਭਵਿੱਖ ਵਿੱਚ ਕੀ ਹੋਵੇਗਾ? ਮੈਂ ਪੂਰੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਉਨ੍ਹਾਂ ਦਾ ਭਵਿੱਖ, ਕਿਸੇ ਵੀ ਪੁਰਾਣੀ ਪੀੜ੍ਹੀ ਨਾਲੋਂ, ਵਿਗਿਆਨ ਅਤੇ ਤਕਨੀਕ ਉੱਤੇ ਵੱਧ ਨਿਰਭਰ ਕਰੇਗਾ। ਉਨ੍ਹਾਂ ਲਈ ਵਿਗਿਆਨ ਨੂੰ ਜਾਣਨ ਦੀ ਪਹਿਲਾਂ ਵਾਲਿਆਂ ਨਾਲੋਂ ਵੱਧ ਲੋੜ ਹੈ ਕਿਉਂਕਿ ਇਹ ਉਨ੍ਹਾਂ ਦੇ ਰੋਜ਼ਾਨਾ ਜੀਵਨ ਦਾ ਹਿੱਸਾ ਬਣ ਗਿਆ ਹੈ।

– ਸਟੀਫ਼ਨ ਹਾਕਿੰਗ

'How do we shape the future' ਲੇਖ ਵਿਚੋਂ

# ਦੋ ਤਰਕਸ਼ੀਲ ਸਾਥੀਆਂ ਦਾ ਸਦੀਵੀ ਵਿਛੋੜਾ

## ਸਰੀਰ ਖੋਜ ਕਾਰਜਾਂ ਲਈ ਮੈਡੀਕਲ ਕਾਲਜਾਂ ਨੂੰ ਪ੍ਰਦਾਨ



ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਲੌਂਗੋਵਾਲ ਦੇ ਆਗੂ **ਸਰਬਜੀਤ ਨਮੋਲ** ਦਾ ਪਿਛਲੇ ਦਿਨੀਂ ਸੰਖੇਪ ਬਿਮਾਰੀ ਨਾਲ ਦਿਹਾਂਤ ਹੋ ਗਿਆ। ਉਨ੍ਹਾਂ ਦਾ ਮ੍ਰਿਤਕ ਸਰੀਰ ਰਿਮਟ ਮੈਡੀਕਲ ਕਾਲਜ, ਮੰਡੀ ਗੋਬਿੰਦਗੜ੍ਹ ਨੂੰ ਖੋਜ ਕਾਰਜਾਂ ਲਈ ਪ੍ਰਦਾਨ ਕੀਤਾ ਗਿਆ। ਉਨ੍ਹਾਂ ਨੇ ਆਪਣੀ ਮੌਤ ਉਪਰੰਤ ਕੋਈ ਵੀ ਧਾਰਮਿਕ ਰਸਮ ਨਾ ਕਰਨ ਅਤੇ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਦੇਣ ਦੀ ਵਸੀਅਤ ਕੀਤੀ ਹੋਈ ਸੀ, ਜਿਸ ਉੱਤੇ ਉਨ੍ਹਾਂ ਦੀ ਜੀਵਨ ਸਾਥਣ ਬਲਜੀਤ ਕੌਰ ਅਤੇ ਪੁੱਤਰ ਨੇ ਅਡੋਲ ਰਹਿ ਕੇ ਪਹਿਰਾ ਦਿੱਤਾ। ਤਰਕਸ਼ੀਲ ਆਗੂ ਜੁਝਾਰ ਲੌਂਗੋਵਾਲ ਨੇ ਇਹ ਵਸੀਅਤ ਪੜ੍ਹ ਕੇ ਸੁਣਾਉਂਦਿਆਂ ਹੋਇਆਂ ਤਰਕਸ਼ੀਲ ਅਤੇ ਵਿਗਿਆਨਕ ਵਿਚਾਰਧਾਰਾ ਦੀ ਮਨੁੱਖੀ ਜੀਵਨ ਵਿੱਚ ਮਹੱਤਤਾ ਤੋਂ ਜਾਣੂ ਕਰਵਾਇਆ। ਦੇਸ਼ ਭਗਤ ਯਾਦਗਾਰ ਲੌਂਗੋਵਾਲ ਦੇ ਪ੍ਰਧਾਨ ਬਲਬੀਰ ਲੌਂਗੋਵਾਲ ਨੇ ਵਿਛੜੇ ਸਾਥੀ ਵੱਲੋਂ ਪਰਿਵਾਰ, ਸਮਾਜ ਅਤੇ ਕਿਰਤੀ ਲੋਕਾਂ ਲਈ ਦਿੱਤੇ ਯੋਗਦਾਨ ਬਾਰੇ ਭਾਵਨਾਵਾਂ ਭਰਪੂਰ ਵਿਚਾਰ ਸਾਂਝੇ ਕੀਤੇ।



ਤਰਕਸ਼ੀਲ ਸੁਸਾਇਟੀ ਦੀ ਬਠਿੰਡਾ ਇਕਾਈ ਦੇ ਸਰਗਰਮ ਮੈਂਬਰ ਰਹੇ **ਹਰਦੀਪ ਮਹਿਣਾ** ਦੇ 11 ਸਤੰਬਰ ਨੂੰ ਸਦੀਵੀ ਵਿਛੋੜਾ ਦੇ ਜਾਣ ਉਪਰੰਤ ਉਨ੍ਹਾਂ ਦਾ ਮ੍ਰਿਤਕ ਸਰੀਰ ਆਦੇਸ਼ ਮੈਡੀਕਲ ਕਾਲਜ ਭੁੱਚੋ ਮੰਡੀ (ਬਠਿੰਡਾ) ਨੂੰ ਪ੍ਰਦਾਨ ਕੀਤਾ ਗਿਆ। ਇਸ ਮੌਕੇ ਤਰਕਸ਼ੀਲ ਆਗੂ ਰਾਮ ਸਿੰਘ ਨਿਰਮਾਣ ਨੇ ਇਕਾਈ ਬਠਿੰਡਾ ਦੇ ਸਰਗਰਮ ਮੈਂਬਰ ਵਜੋਂ ਸਮਾਜਿਕ ਅਤੇ ਵਿਗਿਆਨਕ ਚੇਤਨਾ ਪੈਦਾ ਕਰਨ ਲਈ ਉਨ੍ਹਾਂ ਵੱਲੋਂ ਨਿਭਾਏ ਰੋਲ ਨੂੰ ਯਾਦ ਕੀਤਾ। ਉਨ੍ਹਾਂ ਨੇ ਲੋਕ ਚੇਤਨਾ ਪੈਦਾ ਕਰਨ ਲਈ ਨਾਟਕ ਟੀਮ ਅਤੇ ਕਵੀਸ਼ਰੀ ਜੱਥਾ ਬਣਾ ਕੇ ਵੀ ਕੰਮ ਕੀਤਾ। ਮ੍ਰਿਤਕ ਦੇਹ ਪ੍ਰਾਪਤ ਕਰਨ ਲਈ ਆਏ ਆਦੇਸ਼ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾ. ਪ੍ਰਮੋਦ ਗੋਇਲ ਨੇ ਪਰਿਵਾਰ ਨਾਲ ਆਪਣੀ ਸੰਵੇਦਨਾ ਪ੍ਰਗਟ ਕਰਦੇ ਹੋਏ ਮ੍ਰਿਤਕ ਦੇਹਾਂ ਦੀ ਮੈਡੀਕਲ ਖੋਜ ਕਾਰਜਾਂ ਲਈ ਮਹੱਤਤਾ ਨੂੰ ਬਿਆਨ ਕੀਤਾ। ਨੌਜਵਾਨ ਭਾਰਤ ਸਭਾ ਤੋਂ ਸਫ਼ਰ ਸ਼ੁਰੂ ਕਰਨ ਵਾਲੇ ਹਰਦੀਪ ਜੀ ਤਰਕਸ਼ੀਲ ਸੁਸਾਇਟੀ ਤੋਂ ਇਲਾਵਾ ਜਮਹੂਰੀ ਅਧਿਕਾਰ ਸਭਾ ਵਿੱਚ ਵੀ ਸਰਗਰਮ ਸਨ।

## ਦੁੱਖ ਦਾ ਪ੍ਰਗਟਾਵਾ

1. ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਬੰਗਾ ਦੇ ਸਾਬਕਾ ਜੱਥੇਬੰਦਕ ਮੁਖੀ ਬਲਜੀਤ ਖਟਕੜ ਦੇ ਸਹੁਰਾ ਸਾਹਿਬ ਸ਼੍ਰੀ ਗਿਆਨ ਸਿੰਘ ਜੀ ਦੇ ਦੇਹਾਂਤ ਉੱਪਰ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਦੇ ਗਮ ਵਿੱਚ ਸ਼ਾਮਲ ਹੁੰਦੇ ਹਾਂ।
2. ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਬੰਗਾ ਦੇ ਸਾਬਕਾ ਜੱਥੇਬੰਦਕ ਮੁੱਖੀ ਕੁਲਵਿੰਦਰ ਖਟਕੜ ਦੇ ਪਿਤਾ ਜੀ ਸ਼੍ਰੀ ਦਾਸ ਰਾਮ ਜੀ ਦੇ ਦੇਹਾਂਤ ਉੱਪਰ ਦੁਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਦੇ ਗਮ ਵਿੱਚ ਸ਼ਾਮਲ ਹੁੰਦੇ ਹਾਂ।
3. ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਬੰਗਾ ਦੇ ਮੁਖੀ ਹਰਜਿੰਦਰ ਸੂੰਨੀ ਦੇ ਮਾਤਾ ਸ਼੍ਰੀਮਤੀ ਹਰਬੰਸ ਕੌਰ ਜੀ ਦੇ ਦੇਹਾਂਤ ਉੱਪਰ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਦੇ ਗਮ ਵਿੱਚ ਸ਼ਰੀਕ ਹੁੰਦੇ ਹਾਂ।
4. ਇਕਾਈ ਰੋਪੜ ਦੇ ਵਿੱਤ ਵਿਭਾਗ ਮੁੱਖੀ ਮਾਸਟਰ ਪਰਵਿੰਦਰ ਦੇ ਮਾਤਾ ਸ਼੍ਰੀਮਤੀ ਸ਼ੁਕੰਤਲਾ ਦੇਵੀ ਜੀ ਦੇ ਦੇਹਾਂਤ ਉੱਪਰ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਦੇ ਗਮ ਵਿੱਚ ਸ਼ਰੀਕ ਹੁੰਦੇ ਹਾਂ।

...ਅਦਾਰਾ

# ਪਾਠਕ ਪ੍ਰਤੀਕਰਮ

ਸਤੰਬਰ-ਅਕਤੂਬਰ ਅੰਕ ਦੇ ਮੁੱਖ ਪੰਨੇ 'ਤੇ ਲਿਖੀ ਕੁਟੇਸ਼ਨ:
'ਜਿਹੜਾ ਜਨ-ਸਮੂਹ ਸੋਚਣਾ ਤਿਆਗ ਦੇਵੇ.....'
ਸੋਚਣਾ ਸ਼ਬਦ ਤੋਂ ਪਹਿਲਾਂ 'ਤਰਕ ਨਾਲ' ਜਾਂ 'ਵਿਗਿਆਨਕ ਤੌਰ 'ਤੇ ਸ਼ਬਦ ਲੱਗਣਾ ਚਾਹੀਦਾ ਹੈ ਕਿਉਂਕਿ ਸੋਚਣਾ ਤਾਂ ਉਦੋਂ ਹੀ ਬੰਦ ਹੁੰਦਾ ਹੈ, ਜਦੋਂ ਮੌਤ ਹੋ ਜਾਵੇ।
ਇਸ ਕੁਟੇਸ਼ਨ ਨੂੰ ਇਸ ਤਰ੍ਹਾਂ ਲਿਖਿਆ ਜਾਣਾ ਚਾਹੀਦਾ ਸੀ:
'ਜਿਹੜਾ ਜਨ-ਸਮੂਹ ਤਰਕ ਨਾਲ (ਸਾਇੰਟਿਫਿਕਲੀ) ਸੋਚਣਾ ਤਿਆਗ ਦੇਵੇ, ਉਹ ਭੀੜ ਅਖਵਾਉਂਦਾ ਹੈ।'

ਪਰੂਫ਼ ਰੀਡਿੰਗ ਦੀਆਂ ਗਲਤੀਆਂ ਕਈ ਥਾਂ ਨਜ਼ਰ ਆਈਆਂ। ਜਿਵੇਂ ਜ ਪੈਰ ਬਿੰਦੀ (ਜ਼) ਨਹੀਂ ਪਾਈ ਗਈ। ਖਿਆਲ ਵੀ ਠੀਕ ਨਹੀਂ ਲਿਖਿਆ। ਇੱਕ ਜਗ੍ਹਾ ਕੌਮੇ (,) ਦੀ ਥਾਂ ਡੰਡੀ (।) ਪਾਈ ਗਈ ਹੈ। ਪਰੂਫ਼ ਰੀਡਿੰਗ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਕੇਸ ਰਿਪੋਰਟ ਕਹਾਣੀ ਦੇ ਰੂਪ ਵਿੱਚ ਨਹੀਂ ਹੋਣੀ ਚਾਹੀਦੀ ਕਿਉਂਕਿ ਕੇਸ ਰਿਪੋਰਟ ਵਿਚ ਵਿਸਥਾਰ ਪੂਰਵਕ ਹਾਲ ਬਿਆਨੀ ਹੁੰਦੀ ਹੈ। ਜਿਸ ਵਿਚ ਇਕਾਈ ਕੋਲ ਕੇਸ ਕਿਵੇਂ ਆਇਆ, ਵਿਉਂਤਬੰਦੀ ਕੀ ਕੀਤੀ, ਕਿਹੜੇ-ਕਿਹੜੇ ਮੈਂਬਰ ਕੇਸ ਹੱਲ ਕਰਨ ਗਏ, ਕੀ-ਕੀ ਗੱਲਬਾਤ ਹੋਈ, ਦਿੱਕਤਾਂ ਕੀ ਆਈਆਂ, ਕਿੰਨਾਂ ਸਮਾਂ ਲੱਗਿਆ ਤੇ ਤਾਜ਼ਾ ਸਥਿਤੀ ਕੀ ਹੈ, ਵਗੈਰਾ ਵਗੈਰਾ। ਇਸ ਤਰ੍ਹਾਂ ਦਾ ਵਿਸਥਾਰ ਬਾਕੀ ਇਕਾਈਆਂ ਲਈ ਸੇਧ ਦਾ ਕੰਮ ਵੀ ਕਰਦਾ ਹੈ।

'ਲੇਖ ਰਚਨਾ ਮੁਕਾਬਲਾ' ਕਾਲਮ ਸ਼ੁਰੂ ਕਰਨਾ ਸ਼ਲਾਘਾਯੋਗ ਉਪਰਾਲਾ ਹੈ। ਯੂਟਿਊਬ ਚੈਨਲਾਂ ਬਾਰੇ ਜਾਣਕਾਰੀ ਬਹੁਤ ਮਹੱਤਵਪੂਰਨ ਤੇ ਅਤਿ ਜ਼ਰੂਰੀ ਲੱਗੀ।
'ਫਿਲਾਸਫ਼ੀ ਦਾ ਮਹੱਤਵ' ਲਿਖਤ ਦਿਲਚਸਪ ਨਹੀਂ ਸੀ।
'ਪੜ੍ਹਨਯੋਗ ਪੁਸਤਕ' ਵਾਲਾ ਕਾਲਮ ਵੀ ਮਹੱਤਵਪੂਰਨ ਹੈ।

ਰੋਪੜ ਇਕਾਈ ਵੱਲੋਂ ਮਾ.ਪ੍ਰੀਤਮ ਕੁਮਾਰ ਦੀ ਯਾਦ ਵਿੱਚ ਸੈਮੀਨਾਰ ਕਰਵਾਇਆ ਗਿਆ ਸੀ ਜਿਸ ਸਬੰਧੀ ਮੈਗਜ਼ੀਨ ਵਿੱਚ ਰਿਪੋਰਟ ਸੁੰਗੇੜ ਦਿੱਤੀ ਗਈ ਤੇ ਮਾ.ਪ੍ਰੀਤਮ ਕੁਮਾਰ ਦਾ ਜ਼ਿਕਰ ਵੀ ਨਹੀਂ ਕੀਤਾ ਗਿਆ।

'ਅਦਿੱਖ ਕਿਲਾਂ ਦੀ ਚੁਣੌਤੀ' ਲਿਖਤ ਪੜ੍ਹ ਕੇ ਸਵਾਦ ਆ ਗਿਆ। ਆਖ਼ਰੀ ਪੰਨਾ ਜਾਰੀ ਰਹਿਣਾ ਚਾਹੀਦਾ ਹੈ।

ਮੈਗਜ਼ੀਨ ਦੀਆਂ ਤਸਵੀਰਾਂ, ਸੈਟਿੰਗ ਤੇ ਬਾਕੀ ਮੈਟਰ ਵੀ ਸੇਧ ਦੇਣ ਵਾਲਾ ਹੈ।

**ਅਜੀਤ ਪ੍ਰਦੇਸੀ, ਰੋਪੜ।**

ਪਿਛਲੇ ਕਾਫੀ ਅਰਸੇ ਤੋਂ ਤਰਕਸ਼ੀਲ ਪੜ੍ਹ ਰਿਹਾ ਹਾਂ। ਸਤੰਬਰ-ਅਕਤੂਬਰ ਅੰਕ ਸਮੁੱਚਾ ਹੀ ਵਧੀਆ ਸੀ। ਫਿਲਾਸਫ਼ੀ ਦਾ ਮਹੱਤਵ, ਜੋ ਅਵਤਾਰ ਗੋਂਦਾਰਾ ਜੀ ਵੱਲੋਂ ਅਨੁਵਾਦਤ ਸੀ, ਸਮਝਣ ਵਿੱਚ ਔਖਾ ਲੱਗਿਆ। 'ਅਦਿੱਖ ਕਿਲਾਂ ਦੀ ਚੁਣੌਤੀ' ਜੋ ਜਸਵੰਤ ਮੋਹਾਲੀ ਦੁਆਰਾ ਲਿਖਿਆ ਗਿਆ, ਕਾਬਲੇ-ਤਾਰੀਫ ਸੀ। ਇਸ ਵਿੱਚ ਹਾਕਮ ਜਮਾਤਾਂ ਦੇ ਲੋਕ ਵਿਰੋਧੀ ਹੱਥਕੰਡਿਆਂ ਨੂੰ ਬਾਖੂਬੀ ਨੰਗਾ ਕੀਤਾ ਗਿਆ ਹੈ ਕਿ ਕਿਵੇਂ ਲੋਕ-ਸੰਘਰਸ਼ਾਂ ਨੂੰ ਕੁਰਾਹੇ ਪਾਉਣ ਲਈ ਹਾਕਮ ਧਿਰਾਂ ਕਿਥੋਂ ਤੱਕ ਗਿਰ ਸਕਦੀਆਂ ਹਨ। ਰਵਿੰਦਰ 'ਕਾਕਾ' ਦਾ ਗੀਤ 'ਪੱਤਾ ਵੀ ਨੀ ਹਿਲਦਾ' ਬਹੁਤ ਵਧੀਆ ਸੀ।

**ਬਲਬੀਰ ਸਿੰਘ**
**ਗਿੱਲਪੱਤੀ (ਬਠਿੰਡਾ)**

ਸੰਪਾਦਕੀ ਸਟੀਕ ਹੈ, ਸਵਾਦੀ ਹੈ, ਚੂੰਕਿ ਸਮੇਂ ਦੀ ਹਾਣੀ ਹੈ।

ਹੁਣ ਚੋਰ ਚੁਗਿਰਦੇ ਨੂੰ ਸੁਚੇਤ ਰਹਿਣ ਦੀ ਲੋੜ ਹੈ। ਜੈੱਨ ਜ਼ੀ (Gen-Z) ਮਨੀਪੁਰ, ਬੰਗਲਾ ਦੇਸ਼, ਨੇਪਾਲ ਅਤੇ ਹੁਣ ਲੇਹ ਲੱਦਾਖ ਵਿੱਚ ਲੀਡਰ ਲੈੱਸ ਕੁਰਪੱਸ਼ਨ ਦੇ ਬਰਖਿਲਾਫ ਹੱਥ ਪੈਰ ਮਾਰ ਰਹੀ ਏ, ਸੰਘਰਸ਼ ਕਰ ਰਹੀ ਹੈ। ਨੌਜਵਾਨ ਸੋਚ ਉੱਤੋਂ ਪੁਰਾਤਨ ਧਾਰਮਿਕ ਪਰਦਾ ਹਟ ਰਿਹਾ ਏ।

ਅਫਸਰ, ਸਿਆਸਤਦਾਨ, ਬਾਬੇ ਗੋਡਿਆਂ ਪਰਨੇ ਨੇ, ਕਿਉਂਕਿ ਹੜ੍ਹ-ਆਫ਼ਤ ਨੇ ਪੰਜਾਬ ਦਾ ਸਮਾਜਿਕ ਪੁਨਰਗਠਨ ਕੀਤਾ ਹੈ। ਸਵੈਮ ਸੋਚੋ, 14-15 ਅਗਸਤ ਨੂੰ ਜੰਮੂ-ਕਸ਼ਮੀਰ, ਹਿਮਾਚਲ ਵਿੱਚ ਬੱਦਲ ਫਟਿਆ, ਪੰਜਾਬ ਵਿੱਚ ਹੜ੍ਹ ਬਣਕੇ ਸਮੁੱਚਾ ਪਾਣੀ 24-25 ਅਗਸਤ ਨੂੰ ਪਹੁੰਚਿਆ। ਮਾਛੀਵਾਲ (ਰਾਵੀ ਨੇੜੇ) ਸਿਰਫ ਅੱਧਾ ਘੰਟਾ ਪਹਿਲਾਂ ਹੜ੍ਹ ਅਨਾਊਂਸਮੈਂਟ ਹੋਈ ਹੜਬੜਾਹਟ 'ਚ ਮਾਲ ਡੰਗਰ ਦਾ ਬੇਹੱਦ ਨੁਕਸਾਨ ਹੋਇਆ।

ਕਿਉਂ ਨਵੀਂ ਸਿੱਟ ਬਣਾਕੇ ਹਾਕਮ ਇਨਕੁਆਰੀ ਕਰਦੇ? ਸਮਰੱਥ Central Water Commission-2024 ਸਿੱਧਾ ਜ਼ਿੰਮੇਵਾਰ ਹੈ, ਜਿਸ ਨੇ ਸਮੇਂ ਸਿਰ ਡੈਮਾਂ ਦੇ ਫਲੱਡ ਗੇਟ ਖੋਲ੍ਹਣ ਦੇ ਹੁਕਮ ਨਹੀਂ ਦਿੱਤੇ।

ਮੁੱਕਦੀ ਗੱਲ, ਨਵੀਂ ਨਕੋਰ ਏ.ਆਈ. (AI) ਇਸ ਪ੍ਰਦੂਸ਼ਿਤ ਰੁਝਾਨ ਨੂੰ ਪੰਜਾਬ ਵਿਚ ਨੱਥ ਪਾਏਗੀ ਕਿਉਂਕਿ ਪੰਜਾਬੀਅਤ ਧੁਰ ਅੰਦਰੋਂ ਸਦੀਆਂ ਤੋਂ ਸੱਚ ਦੀ ਪਹਿਰੇਦਾਰ ਹੈ।

**ਇਕਬਾਲ ਸਿੰਘ ਚੀਮਾ, ਨਵਾਂ ਸ਼ਹਿਰ**

# ਸਰਗਰਮੀਆਂ

**ਸਾਹਿਤ ਵੈਨ**

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ-ਸ਼ਾਹਕੋਟ ਵਲੋਂ 15, 16, 17 ਅਕਤੂਬਰ ਨੂੰ ਤਰਕਸ਼ੀਲ ਸਾਹਿਤ ਵੈਨ ਨਾਲ ਚਾਰ ਸਕੂਲਾਂ ਵਿੱਚ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਇਹਨਾਂ ਤਿੰਨਾਂ ਦਿਨਾਂ ਵਿੱਚ ਵਿਦਿਆਰਥੀਆਂ ਵੱਲੋਂ ਵੱਡੀ ਦਿਲਚਸਪੀ ਨਾਲ ਤਰਕਸ਼ੀਲ ਤੇ ਉਸਾਰੂ ਸਾਹਿਤ ਦੀ ਖ੍ਰੀਦ ਕੀਤੀ ਗਈ। ਮਿਤੀ 15 ਅਕਤੂਬਰ ਨੂੰ ਸ.ਸ.ਸ. ਸਕੂਲ ਆਫ਼ ਐਮੀਨੈਂਸ ਬਾਜਵਾ ਕਲਾਂ ਵਿਖੇ ਸਾਹਿਤ ਵੈਨ ਦੀ ਪ੍ਰਦਰਸ਼ਨੀ ਲਗਾਈ ਗਈ। ਮਿਤੀ 16 ਅਕਤੂਬਰ ਨੂੰ ਸਵੇਰ ਸਮੇਂ ਸ.ਸ.ਸ. ਸਕੂਲ ਸੰਗੋਵਾਲ (ਮਹਿਤਪੁਰ) ਅਤੇ ਦੁਪਹਿਰ ਸਮੇਂ ਐਚ.ਪੀ. ਮਾਡਲ ਸ.ਸ. ਸਕੂਲ ਸੰਗੋਵਾਲ ਵਿਖੇ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਵਿਦਿਆਰਥੀਆਂ ਵੱਲੋਂ ਵੱਡੀ ਗਿਣਤੀ ਵਿੱਚ ਸਾਹਿਤ ਦੀ ਖ੍ਰੀਦ ਕੀਤੀ ਗਈ। ਵਿਸ਼ੇਸ਼ ਕਰਕੇ ਸਰਕਾਰੀ ਸਕੂਲ ਸੰਗੋਵਾਲ ਦੇ ਪ੍ਰਿੰਸੀਪਲ ਸਾਹਿਬ ਅਤੇ ਸਮੁਚੇ ਸਟਾਫ਼ ਵਲੋਂ ਬਹੁਤ ਹੀ ਦਿਲਚਸਪੀ ਨਾਲ ਸਾਰੇ ਵਿਦਿਆਰਥੀਆਂ ਨੂੰ ਕਲਾਸਵਾਈਜ਼ ਕਿਤਾਬਾਂ ਦੇਖਣ ਅਤੇ ਖ੍ਰੀਦਣ ਦਾ ਮੌਕਾ ਦਿੱਤਾ ਗਿਆ। ਸਕੂਲ ਵਲੋਂ ਲਾਇਬਰੇਰੀ ਲਈ 13535/- ਰੁਪਏ ਦੀਆਂ ਕਿਤਾਬਾਂ ਦੀ ਖ੍ਰੀਦ ਕੀਤੀ ਗਈ। ਮਿਤੀ 17 ਅਕਤੂਬਰ ਨੂੰ ਏਕਮ ਪਬਲਿਕ ਸਕੂਲ ਮਹਿਤਪੁਰ ਵਿਖੇ ਸਾਹਿਤ ਵੈਨ ਦੀ ਪ੍ਰਦਰਸ਼ਨੀ ਲਗਾਈ ਗਈ। ਸਕੂਲ ਪ੍ਰਬੰਧਕ ਅਤੇ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਜਮਾਤਵਾਰ ਸਾਹਿਤਕ ਪ੍ਰਦਰਸ਼ਨੀ ਵੇਖੀ ਅਤੇ ਵੱਡੀ ਗਿਣਤੀ ਵਿੱਚ ਤਰਕਸ਼ੀਲ ਅਤੇ ਉਸਾਰੂ ਸਾਹਿਤ ਖ੍ਰੀਦ ਕੀਤਾ।

ਉਪਰੋਕਤ ਚਾਰੇ ਸਕੂਲਾਂ ਦੇ ਪ੍ਰਬੰਧਕਾਂ ਵਲੋਂ ਤਰਕਸ਼ੀਲ ਸਾਹਿਤ ਵੈਨ ਦੀ ਪ੍ਰਦਰਸ਼ਨੀ ਸਮੇਂ ਬਹੁਤ ਹੀ ਸਹਿਯੋਗ ਕੀਤਾ ਗਿਆ। ਤਰਕਸ਼ੀਲ ਸੁਸਾਇਟੀ ਇਕਾਈ-ਸ਼ਾਹਕੋਟ ਇਸ ਸਹਿਯੋਗ ਲਈ ਧੰਨਵਾਦੀ ਹੈ। ਇਸ ਦੌਰਾਨ ਕੁਲ 51135/- ਰੁਪਏ ਦਾ ਸਾਹਿਤ ਵਿਦਿਆਰਥੀਆਂ ਤੱਕ ਪਹੁੰਚਿਆ। ਇਹਨਾਂ ਦਿਨਾਂ ਵਿੱਚ ਪ੍ਰਿੰਸੀਪਲ (ਰਿਟਾ.) ਮਨਜੀਤ ਸਿੰਘ, ਪਾਲ ਬਾਗਪੁਰ, ਅਮਨ ਬਾਗਪੁਰ, ਗੁਰਮੀਤ ਕੋਟਲੀ, ਅਮੀਸ਼, ਅਨੀਸ਼ ਨੇ ਅਹਿਮ ਜ਼ਿੰਮੇਂਵਾਰੀ ਨਿਭਾਉਂਦੇ ਹੋਏ ਵਿਦਿਆਰਥੀਆਂ ਨੂੰ ਸਾਹਿਤ ਪੜ੍ਹਨ ਲਈ ਪ੍ਰੇਰਿਤ ਕੀਤਾ।

**ਡਾ. ਨਰਿੰਦਰ ਬਾਂਸਲ**

**ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਵਿਦਿਆਰਥੀਆਂ ਦੀ ਫੀਸ ਮੁਆਫ਼ ਕਰਵਾਉਣ ਲਈ ਮੰਗ ਪੱਤਰ ਦਿੱਤਾ**

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਵਰਕਿੰਗ ਕਮੇਟੀ ਦੇ ਹੋਏ ਫੈਸਲੇ ਅਨੁਸਾਰ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਵਿਦਿਆਰਥੀਆਂ ਦੀ ਬੋਰਡ ਦੀ ਫੀਸ ਮੁਆਫ਼ ਕਰਵਾਉਣ ਲਈ ਮਿਤੀ 09/10/2025 ਨੂੰ ਡਾ. ਅਮਰਪਾਲ ਸਿੰਘ, ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਇੱਕ ਮੰਗ ਪੱਤਰ ਉਹਨਾਂ ਦੇ ਦਫ਼ਤਰ ਮੁਹਾਲੀ ਵਿਖੇ ਦਿੱਤਾ ਗਿਆ। ਚੇਅਰਮੈਨ ਨੇ ਇਸ ਮੰਗ ਨਾਲ ਆਪਣੀ ਸਹਿਮਤੀ ਪ੍ਰਗਟ ਕਰਦੇ ਹੋਏ ਇਸ ਸਬੰਧੀ ਪੰਜਾਬ ਸਰਕਾਰ ਨੂੰ ਕਾਰਵਾਈ ਲਈ ਤੁਰੰਤ ਪੱਤਰ ਭੇਜਣ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਵਿਦਿਆਰਥੀਆਂ ਨੂੰ ਵੰਡੀ ਜਾ ਰਹੀ ਸਟੇਸ਼ਨਰੀ ਅਤੇ ਵਿਗਿਆਨਕ ਚੇਤਨਾ ਪਰਖ ਪ੍ਰੀਖਿਆ ਦੀ ਵੀ ਪ੍ਰਸ਼ੰਸਾ ਕੀਤੀ ਗਈ। ਇਸ ਮੌਕੇ ਸੂਬਾ ਅਗਜੈਕਟਿਵ ਕਮੇਟੀ ਮੈਂਬਰ ਗੁਰਪ੍ਰੀਤ ਸ਼ਹਿਣਾ, ਜਸਵੰਤ ਮੁਹਾਲੀ, ਚੰਡੀਗੜ੍ਹ ਜੋਨ ਮੁਖੀ ਅਜੀਤ ਪ੍ਰਦੇਸੀ, ਮੋਹਾਲੀ ਇਕਾਈ ਦੇ ਮੁਖੀ ਮਾਸਟਰ ਸੁਰਜੀਤ ਸਿੰਘ, ਡਾਕਟਰ ਮਜੀਦ ਅਜ਼ਾਦ, ਜੋਗਾ ਸਿੰਘ ਅਤੇ ਰਾਜ ਕੁਮਾਰ ਭਟਨਾਗਰ ਹਾਜ਼ਰ ਸਨ।

ਵਰਣਨਯੋਗ ਹੈ ਕਿ ਇਸ ਤੋਂ ਪਹਿਲਾਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਵੱਖ ਵੱਖ ਜ਼ੋਨਾਂ ਵੱਲੋਂ ਜਿਲ੍ਹਾ ਪੱਧਰੀ ਅਧਿਕਾਰੀਆਂ ਰਾਹੀਂ ਵੀ ਮੁੱਖ ਮੰਤਰੀ ਪੰਜਾਬ ਨੂੰ ਇਸ ਸਬੰਧ ਵਿੱਚ ਮੰਗ ਪੱਤਰ ਭੇਜੇ ਜਾ ਚੁੱਕੇ ਹਨ।

ਗੁਰਪ੍ਰੀਤ ਸ਼ਹਿਣਾ

**ਕਿਸਾਨ ਮੇਲਿਆਂ ਉੱਤੇ ਸਾਹਿਤ ਦੇ ਸਟਾਲ**

1. ਪੀ.ਏ.ਯੂ. ਲੁਧਿਆਣਾ ਵਿਖੇ 26, 27 ਸਤੰਬਰ ਨੂੰ ਲੱਗੇ ਕਿਸਾਨ ਮੇਲੇ ਦੌਰਾਨ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਆਪਣੇ ਸਾਹਿਤ ਦੀ ਲਗਾਈ ਸਟਾਲ ਤੋਂ, ਲੋਕਾਂ ਨੂੰ ਅੰਧਵਿਸ਼ਵਾਸੀ ਅਤੇ ਵੇਲਾ ਵਿਹਾ ਚੁੱਕੇ ਵਿਚਾਰਾਂ ਦੀ ਥਾਂ ਵਿਗਿਆਨਕ ਨਜ਼ਰੀਆ ਅਪਨਾਉਣ ਲਈ ਪ੍ਰੇਰਿਤ ਕੀਤਾ। ਜ਼ੋਨ ਲੁਧਿਆਣਾ ਦੀਆਂ ਇਕਾਈਆਂ, ਜਗਰਾਓਂ, ਲੁਧਿਆਣਾ, ਸੁਧਾਰ, ਕੋਹਾੜਾ, ਮਲੇਰਕੋਟਲਾ ਦੇ ਮੈਂਬਰਾਂ ਵੱਲੋਂ ਦੋਵੇਂ ਦਿਨ

ਆਪਣੀ ਲੱਗੀ ਡਿਊਟੀ ਅਨੁਸਾਰ ਜ਼ਿੰਮੇਵਾਰੀ ਨਿਭਾਈ । ਇਸ ਮੇਲੇ ਦੌਰਾਨ 20,000/- ਰੁ ਦੇ ਕਰੀਬ ਦਾ ਅਗਾਂਹ ਵਧੂ ਸਾਹਿਤ ਲੋਕਾਂ ਵੱਲੋਂ ਖ਼ਰੀਦਿਆ ਗਿਆ ਅਤੇ ਤਰਕਸ਼ੀਲ ਮੈਗਜ਼ੀਨ ਦੇ 10 ਸਲਾਨਾ ਚੰਦੇ ਭਰੇ ਗਏ ।

ਇਸ ਮੌਕੇ ਸੁਸਾਇਟੀ ਦੇ ਸੂਬਾ ਜੱਥੇਬੰਦਕ ਮੁਖੀ ਰਾਜਿੰਦਰ ਭਦੌੜ, ਜ਼ੋਨ ਲੁਧਿਆਣਾ ਮੁਖੀ ਜਸਵੰਤ ਜ਼ੀਰਖ, ਸਾਹਿਤ ਵੈਨ ਮੁਖੀ ਮੋਹਨ ਬਡਲਾ, ਜ਼ੋਨ ਵਿੱਤ ਮੁਖੀ ਧਰਮਪਾਲ ਸਿੰਘ, ਜ਼ੋਨ ਮੀਡੀਆ ਮੁਖੀ ਹਰਚੰਦ ਭਿੰਡਰ, ਲੁਧਿਆਣਾ ਇਕਾਈ ਮੁਖੀ ਬਲਵਿੰਦਰ ਸਿੰਘ, ਰਾਕੇਸ਼ ਆਜ਼ਾਦ, ਕਰਤਾਰ ਸਿੰਘ, ਅਜਮੇਰ ਦਾਖਾ, ਸੁਧਾਰ ਇਕਾਈ ਮੁਖੀ ਧਰਮ ਸਿੰਘ, ਮਾ ਕਰਨੈਲ ਸਿੰਘ, ਗੁਰਮੇਲ ਸਿੰਘ, ਮਜੀਦ ਮੁਹੰਮਦ ਮਲੇਰਕੋਟਲਾ, ਜਸਵਿੰਦਰ ਸਿੰਘ ਭਾਗੀਬਾਂਦਰ, ਰਾਜਿੰਦਰ ਜੰਡਿਆਲੀ, ਦੀਪ ਦਿਲਬਰ ਅਤੇ ਮਨਜੀਤ ਘਣਗਸ ਵੱਲੋਂ ਬਣਦੀ ਜ਼ਿੰਮੇਵਾਰੀ ਨਿਭਾਈ ਗਈ।

**ਜਸਵੰਤ ਜ਼ੀਰਖ**

2. 30 ਸਤੰਬਰ ਨੂੰ ਬਠਿੰਡਾ ਦੇ ਕਿਸਾਨ ਮੇਲੇ ਵਿੱਚ ਤਰਕਸ਼ੀਲ ਸੁਸਾਇਟੀ ਦੀ ਇਕਾਈ ਬਠਿੰਡਾ ਵੱਲੋਂ ਮਾਸਟਰ ਗਿਆਨ ਸਿੰਘ ਦੀ ਅਗਵਾਈ ਵਿੱਚ ਸਾਹਿਤ ਦਾ ਸਟਾਲ ਲਗਾਇਆ ਗਿਆ। ਇਸ ਮੌਕੇ 'ਤੇ 16000 ਰੁਪਏ ਦੇ ਅਗਾਂਹਵਧੂ ਅਤੇ ਤਰਕਸ਼ੀਲ ਸਾਹਿਤ ਦੀ ਵਿਕਰੀ ਹੋਈ। ਤਰਕਸ਼ੀਲ ਮੈਗਜ਼ੀਨ ਦੇ 4 ਨਵੇਂ ਚੰਦੇ ਕੱਟੇ ਗਏ।

ਇਸ ਮੌਕੇ 'ਤੇ ਰਾਮ ਸਿੰਘ ਨਿਰਮਾਣ, ਕੁਲਵੰਤ ਸਿੰਘ, ਭੁਪਿੰਦਰ ਮਾਨ, ਜੋਗਿੰਦਰ ਸਿੰਘ ਜਿਲ੍ਹੇਦਾਰ, ਅਵਤਾਰ ਸਿੰਘ ਅਤੇ ਰਾਜਪਾਲ ਨੇ ਜਿੰਮੇਵਾਰੀਆਂ ਨਿਭਾਈਆਂ।

**ਗਿਆਨ ਸਿੰਘ**

## ਤਰਕਸ਼ੀਲ ਪਰਿਵਾਰਕ ਮਿਲਣੀ

ਇਕਾਈ ਗੜ੍ਹਸ਼ੰਕਰ ਵਲੋਂ ਮਾ. ਜਗਦੀਸ਼ ਰਾਏਪੁਰ ਡੱਬਾ ਦੀ ਅਗਵਾਈ ਵਿੱਚ ਗ਼ਦਰੀ ਬੀਬੀ ਗੁਲਾਬ ਕੌਰ ਦੀ ਸੌਵੀਂ ਵਰ੍ਹੇਗੰਢ ਨੂੰ ਸਮਰਪਿਤ ਤਰਕਸ਼ੀਲ ਪਰਿਵਾਰਕ ਮਿਲਣੀ ਕਰਵਾਈ ਗਈ। ਯੂਨੀਵਰਸਲ ਪਬਲਿਕ ਸਕੂਲ ਕੁੱਲੇਵਾਲ ਵਿਖੇ ਹੋਈ ਇਸ ਪਰਿਵਾਰਕ ਮਿਲਣੀ ਨੂੰ ਸੰਬੋਧਨ ਕਰਦਿਆਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੱਭਿਆਚਾਰਕ ਵਿਭਾਗ ਦੇ ਮੁਖੀ ਜੋਗਿੰਦਰ ਕੁੱਲੇਵਾਲ ਨੇ ਗਦਰੀ ਬੀਬੀ ਗੁਲਾਬ ਕੌਰ ਦੇ ਜੀਵਨ ਸੰਘਰਸ਼ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਬਲਵਿੰਦਰ ਕੌਰ ਸਲੋਹ, ਕਮਲਜੀਤ ਕੌਰ ਕੁੱਲੇਵਾਲ ਅਤੇ ਰੂਬੀ ਬੰਗਾ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਘਰਾਂ ਵਿੱਚ ਖੁਸ਼ੀ ਗਮੀ ਦੇ ਮੌਕਿਆਂ ਤੇ ਰੂੜੀਵਾਦੀ ਰਸਮਾਂ ਰਿਵਾਜਾਂ ਨੂੰ ਤਿਲਾਂਜਲੀ ਦੇਣ ਦੀ ਲੋੜ ਹੈ। ਸੁਖਵਿੰਦਰ ਗੋਗਾ, ਮਾ.ਰਾਜ ਕੁਮਾਰ ਗੜ੍ਹਸ਼ੰਕਰ, ਸੱਤਪਾਲ ਸਲੋਹ, ਮਾ.ਜਗਦੀਸ਼ ਅਤੇ ਮੋਹਨ ਬੀਕਾ ਨੇ ਕਿਹਾ ਕਿ ਸਾਨੂੰ ਆਪਣੇ ਪਰਿਵਾਰਾਂ ਵਿੱਚ ਸਾਂਝ ਵਧਾ ਕੇ ਪਰਿਵਾਰਕ ਸਬੰਧ ਮਜ਼ਬੂਤ ਕਰਨ ਦੀ ਲੋੜ ਹੈ ਅਤੇ ਪਰਿਵਾਰਕ ਮੈਂਬਰਾਂ ਵਿੱਚ ਤਰਕਸ਼ੀਲ ਵਿਚਾਰਧਾਰਾ ਦਾ ਪ੍ਰਸਾਰ ਕਰਨਾ ਚਾਹੀਦਾ ਹੈ। ਮੈਡਮ ਬਲਵੀਰ ਕੌਰ ਗੜ੍ਹਸ਼ੰਕਰ, ਰਾਜਕੁਮਾਰੀ ਲੰਗੇਰੀ, ਮਾ. ਨਰੇਸ਼ ਗੜ੍ਹਸ਼ੰਕਰ, ਬਬੀਤਾ ਰਾਣੀ, ਨਿੰਦਰ ਮਾਈਦਿੱਤਾ, ਮਾ. ਗੁਰਬਖਸ਼ ਲਾਲ ਅਤੇ ਮਾ. ਹਰਦੀਪ ਕੁਮਾਰ ਨੇ ਕਿਹਾ ਕਿ ਪਰਿਵਾਰਕ ਮਿਲਣੀਆਂ ਨਾਲ ਪਰਿਵਾਰਾਂ ਦੀ ਸਾਂਝ ਪੱਕੀ ਹੁੰਦੀ ਹੈ ਅਤੇ ਸੁਸਾਇਟੀ ਦੇ ਕੰਮ ਢੰਗਾਂ ਬਾਰੇ ਜਾਣਕਾਰੀ ਮਿਲਦੀ ਹੈ। ਗੁਰਨਾਮ ਹਾਜੀਪੁਰ, ਸੁਖਵਿੰਦਰ ਲੰਗੇਰੀ, ਹਰਜਿੰਦਰ ਸੂੰਨੀ, ਜਸਵੀਰ ਬੇਗਮਪੁਰੀ ਨੇ ਕਿਹਾ ਕਿ ਕਿਤਾਬਾਂ ਨਾਲ ਜੁੜੇ ਬਿਨਾਂ ਗਿਆਨ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਬਲਵਿੰਦਰ ਕੌਰ ਸਲੋਹ, ਕਮਲਜੀਤ ਕੌਰ ਕੁੱਲੇਵਾਲ, ਬੇਟੀ ਨਵਨੀਤ ਕੌਰ ਅਤੇ ਗੁਰਨਾਮ ਹਾਜੀਪੁਰ ਵਲੋਂ ਅਗਾਂਹਵਧੂ ਕਵਿਤਾਵਾਂ ਦੀ ਪੇਸ਼ਕਾਰੀ ਕੀਤੀ ਗਈ।

## ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਿਤ ਅਧਿਆਪਕ ਦਿਵਸ ਮਨਾਇਆ

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਗੜ੍ਹਸ਼ੰਕਰ ਅਤੇ ਜੀਵਨ ਜਾਗ੍ਰਿਤੀ ਮੰਚ ਗੜ੍ਹਸ਼ੰਕਰ ਵੱਲੋਂ ਯੂਨੀਵਰਸਲ ਪਬਲਿਕ ਸਕੂਲ ਕੁੱਲੇਵਾਲ ਵਿਖੇ ਸ਼ਹੀਦ ਏ ਆਜਮ ਸ ਭਗਤ ਸਿੰਘ ਜੀ ਦੇ 118ਵੇਂ ਜਨਮ ਦਿਵਸ ਨੂੰ ਸਮਰਪਿਤ ਅਧਿਆਪਕ ਦਿਵਸ ਮਨਾਇਆ ਗਿਆ। ਇਸ ਮੌਕੇ ਸਿਖਿਆ ਖੇਤਰ ਵਿੱਚ ਸ਼ਾਨਦਾਰ ਸੇਵਾਵਾਂ ਨਿਭਾਅ ਰਹੇ 13 ਅਧਿਆਪਕਾਂ ਦਾ ਸਨਮਾਨ ਕੀਤਾ ਗਿਆ । ਸਮਾਗਮ ਦੀ ਪ੍ਰਧਾਨਗੀ ਡਾ ਬਿੱਕਰ ਸਿੰਘ ਪ੍ਰਿੰਸੀਪਲ ਦਲਵਾਰਾ ਰਾਮ, ਅਤੇ ਮੱਖਣ ਸਿੰਘ ਮੰਡੀ (ਯੂ.ਕੇ.) ਨੇ ਕੀਤੀ, ਜੋ ਕਿ ਤਰਕਸ਼ੀਲ ਸੁਸਾਇਟੀ ਲੈਸਟਰ ਯੂ.ਕੇ. 'ਚ ਸਰਗਰਮ ਹਨ। ਇਸ ਮੌਕੇ ਯੂਨੀਵਰਸਲ ਸਕੂਲ ਦੇ ਮੁੱਖ ਪ੍ਰਬੰਧਕ ਜੋਗਿੰਦਰ ਕੁੱਲੇਵਾਲ ਮੁਖੀ ਸਭਿਆਚਾਰਕ ਵਿਭਾਗ ਤਰਕਸ਼ੀਲ ਸੁਸਾਇਟੀ ਪੰਜਾਬ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਸਨਮਾਨਿਤ ਅਧਿਆਪਕਾਂ ਚ ਲੈਕਚਰਾਰ ਜੁਝਾਰ ਸਿੰਘ ਸਹੂੰਗੜਾ, ਲੈਕ, ਨਰੇਸ਼ ਭਮੀਆ, ਲੈਕਚਰਾਰ ਰਾਜ ਕੁਮਾਰ, ਹੈਡਮਾਸਟਰ ਸੰਦੀਪ ਕੁਮਾਰ, ਹਰਦੀਪ ਕੁਮਾਰ, ਪਵਨ ਕੁਮਾਰ, ਪਰਮਿੰਦਰ ਪੱਖੋਵਾਲ, ਸੁਭਾਸ ਚੰਦਰ ਮੁੱਗੋਵਾਲ, ਕਮਲਜੀਤ ਕੌਰ ਆਦਿ ਨੂੰ ਤਰਕਸ਼ੀਲ ਸੁਸਾਇਟੀ ਵੱਲੋਂ ਸਨਮਾਨ ਪੱਤਰ, ਯਾਦ ਚਿੰਨ੍ਹ ਅਤੇ ਕਿਤਾਬਾਂ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਪ੍ਰਿੰਸੀਪਲ ਕਮਲਜੀਤ ਕੌਰ ਅਤੇ ਡਾਕਟਰ ਬਿੱਕਰ ਸਿੰਘ ਨੇ

ਸੰਬੋਧਨ ਕਰਦਿਆਂ ਅਧਿਆਪਕ ਦਿਵਸ ਦੀ ਮਹੱਤਤਾ ਅਤੇ ਸ਼ਹੀਦ ਭਗਤ ਸਿੰਘ ਜੀ ਦੇ ਜਨਮ ਤੋਂ ਫਾਂਸੀ ਦੇ ਤਖਤੇ ਤੱਕ ਦੇ ਸਫ਼ਰ ਬਾਰੇ ਚਾਨਣਾ ਪਾਇਆ। ਲੈਕ, ਰਾਜ ਕੁਮਾਰ, ਨਰੇਸ਼ ਕੁਮਾਰ, ਹੈਡਮਾਸਟਰ ਸੰਦੀਪ ਕੁਮਾਰ, ਜੁਝਾਰ ਸਿੰਘ ਨੇ ਅਧਿਆਪਕ ਹੋਣ ਦੇ ਅਰਥ ਸਾਂਝੇ ਕੀਤੇ। ਇਨਕਲਾਬੀ ਲੋਕ ਗਾਇਕ ਧਰਮਿੰਦਰ ਮਸਾਣੀ, ਪ੍ਰਮਿੰਦਰ ਪੱਖੋਵਾਲ ਅਤੇ ਸਕੂਲ ਵਿਦਿਆਰਥੀਆਂ ਨਮਨੀਤ, ਈਸ਼ਾ, ਸੰਦੀਪ ਪਵਾਰ, ਮਨਕੀਰਤ, ਏਕਮਜੋਤ, ਬਲਵਿੰਦਰ ਕੌਰ, ਵਿਵੇਕ ਅਤੇ ਕਰਨ ਰੱਤੂ ਨੇ ਇਨਕਲਾਬੀ ਗੀਤ ਕਵਿਤਾਵਾਂ ਪੇਸ਼ ਕੀਤੀਆਂ। ਲੈਕਚਰਾਰ ਜੁਝਾਰ ਸਹੂੰਗੜਾ ਨੇ ਸਕੂਲ ਲਾਇਬ੍ਰੇਰੀ ਲਈ ਅਗਾਂਹਵਧੂ ਕਿਤਾਬਾਂ ਭੇਟ ਕੀਤੀਆਂ।

### ਪਿੰਡਾਂ ਵਿੱਚ ਨੁੱਕੜ ਨਾਟਕਾਂ ਦੀ ਲੜੀ

ਨਾਟਕਾਂ ਦੇ ਬਾਬਾ ਬੋਹੜ ਭਾਅ ਜੀ ਗੁਰਸ਼ਰਨ ਸਿੰਘ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਜਨਮ ਦਿਵਸ ਅਤੇ ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਵਸ ਨੂੰ ਸਮਰਪਿਤ 'ਚੰਡੀਗੜ੍ਹ ਸਕੂਲ ਆਫ ਡਰਾਮਾ' ਦੇ ਸਹਿਯੋਗ ਨਾਲ ਇਕਾਈ ਗੜ੍ਹਸ਼ੰਕਰ ਵੱਲੋਂ ਪਿੰਡਾਂ ਚ ਨੁੱਕੜ ਨਾਟਕਾਂ ਦੀ ਸ਼ੁਰੂਆਤ ਕੀਤੀ ਗਈ। ਇਨ੍ਹਾਂ ਨਾਟਕਾਂ ਦੀ ਲੜੀ ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋੜਾ, ਰੋੜਮਜਾਰਾ, ਬੱਬਰਾਂ ਦੇ ਪਿੰਡ ਰਾਮਗੜ੍ਹ ਝੁੰਗੀਆਂ ਤੋਂ ਇਲਾਵਾ ਪਿੰਡ ਚੱਕ ਹਾਜੀਪੁਰ ਚ ਇਕੱਤਰ ਸਿੰਘ ਦੀ ਨਿਰਦੇਸ਼ਨਾ ਹੇਠ ਧੋਖੇਬਾਜ ਏਜੰਟਾਂ ਤੋਂ ਸੁਚੇਤ ਕਰਦਾ ਨਾਟਕ 'ਠੱਗੀ' ਅਤੇ ਨਸ਼ਿਆਂ ਵਿਰੁੱਧ ਨਾਟਕ 'ਸੁਲਘਦੀ ਧਰਤੀ' ਦਾ ਸਫਲ ਮੰਚਨ ਕੀਤਾ ਗਿਆ। ਬੋੜਾ ਸਕੂਲ ਵਿੱਚ ਇੰਚਾਰਜ ਮਨਜੀਤ ਸਿੰਘ, ਮਾ ਨਰੇਸ਼, ਪਰਮਿੰਦਰ ਪੱਖੋਵਾਲ ਅਤੇ ਰੋੜਮਜਾਰਾ ਸਕੂਲ 'ਚ ਸਰਪੰਚ ਰਾਮ ਪ੍ਰਕਾਸ਼ ਦੀ ਅਗਵਾਈ 'ਚ ਨਾਟਕ ਟੀਮ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਤਰਕਸ਼ੀਲ ਸੁਸਾਇਟੀ ਪੰਜਾਬ ਸੱਭਿਆਚਾਰਕ ਵਿਭਾਗ ਦੇ ਮੁਖੀ ਜੋਗਿੰਦਰ ਕੁੱਲੇਵਾਲ ਨੇ ਸੰਬੋਧਨ ਕਰਦਿਆਂ ਲੋਕਾਂ ਨੂੰ ਵਹਿਮਾਂ ਭਰਮਾਂ ਚੋਂ ਨਿੱਕਲ ਵਿਗਿਆਨਕ ਸੋਚ ਤੇ ਇਨਕਲਾਬੀ ਸੱਭਿਆਚਾਰ ਅਪਣਾਉਣ ਦਾ ਸੱਦਾ ਦਿੱਤਾ। ਬਾਲ ਕਲਾ ਮੰਚ ਕੁੱਲੇਵਾਲ ਦੀ ਨਮਨੀਤ ਇਬਰਾਹੀਮ ਪੁਰੀ ਨੇ 'ਮਸ਼ਾਲਾਂ ਬਾਲਕੇ ਚੱਲਣਾ' ਅਤੇ 'ਸੱਚ ਸੰਗਰਾਮ ਨੇ ਕਦੀ ਹਰਨਾ ਨਹੀਂ' ਆਦਿ ਇਨਕਲਾਬੀ ਕਵਿਤਾਵਾਂ ਪੇਸ਼ ਕੀਤੀਆਂ।

**ਸਮੂਹ ਰਿਪੋਰਟਾਂ- ਜੋਗਿੰਦਰ ਕੁੱਲੇਵਾਲ,**

**ਮੁਖੀ, ਸੱਭਿਆਚਾਰਕ ਵਿਭਾਗ,ਤਰਕਸ਼ੀਲ ਸੁਸਾਇਟੀ ਪੰਜਾਬ।**

**ਇਕਾਈ ਸੁਧਾਰ**

H G ਖਾਲਸਾ ਕਾਲਜ ਆਫ ਐਜੂਕੇਸ਼ਨ, ਗੁਰੂਸਰ ਸੁਧਾਰ ਵਿਖੇ NSS ਕੈਂਪ ਦੇ ਪੰਜਵੇਂ ਦਿਨ 10 ਅਕਤੂਬਰ 2025 ਨੂੰ ਤਰਕਸ਼ੀਲ ਸੁਸਾਇਟੀ ਵਲੋਂ ਜਾਦੂ ਦੇ ਟਰਿੱਕ, ਤਰਕਸ਼ੀਲ ਭਾਸ਼ਨ, ਪੁਸਤਕ ਪ੍ਰਦਰਸ਼ਨੀ ਲਾਉਣ ਅਤੇ ਸਵਾਲਾਂ ਦੇ ਜਵਾਬ ਦੇਣ ਦੀ ਜਿੰਮੇਵਾਰੀ ਰਾਮ ਕੁਮਾਰ ਅਤੇ ਸ਼ਮਸ਼ੇਰ ਨੂਰਪੁਰੀ ਨੇ ਨਿਭਾਈ। ਸਫਲਤਾਪੂਰਵਕ ਹੋਏ ਪ੍ਰੋਗਰਾਮ ਦੀ ਡਾ. ਮਿੰਨੀ ਸ਼ਰਮਾ ਅਤੇ ਡਾ. ਜਗਜੀਤ ਸਿੰਘ ਨੇ ਪ੍ਰਸੰਸਾ ਕੀਤੀ ਅਤੇ ਪ੍ਰਿੰਸੀਪਲ ਪ੍ਰਗਟ ਸਿੰਘ ਗਰਚਾ ਨੇ ਸਭ ਦਾ ਧੰਨਵਾਦ ਕੀਤਾ। ਵਿਦਿਆਰਥੀਆਂ ਨੇ ਪ੍ਰੋਗਰਾਮ ਨੂੰ ਖੂਬ ਮਾਣਿਆ।

**ਹਰਚੰਦ ਭਿੰਡਰ**

**ਇਕਾਈ ਮੌੜ**

### ਖ਼ੂਨਦਾਨ ਕੈਂਪ

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਮੌੜ ਦੇ ਸਹਿਯੋਗ ਨਾਲ ਦੂਸਰਾ ਖ਼ੂਨਦਾਨ ਕੈਂਪ ਮਾਤਾ ਗੁਰਨਾਮ ਕੌਰ ਅਤੇ ਬਾਪੂ ਸੁਖਦੇਵ ਸਿੰਘ (ਦੋਵੇਂ ਸਰੀਰਦਾਨੀ) ਦੀ ਯਾਦ ਵਿੱਚ ਉਹਨਾਂ ਦੇ ਪ੍ਰੀਵਾਰ ਵੱਲੋ ਆਪਣੇ ਗ੍ਰਹਿ ਮੌੜ ਕਲਾਂ ਵਿਖੇ ਲਾਇਆ ਗਿਆ। ਜਿਸ ਵਿੱਚ ਗੁਰੂ ਨਾਨਕ ਚੈਰੀਟੇਬਲ ਬਲੱਡ ਬੈਂਕ ਬਠਿੰਡਾ ਦੀ ਟੀਮ ਵੱਲੋਂ ਖ਼ੂਨ-ਦਾਨ ਕਰਵਾਇਆ ਗਿਆ। ਇਸ ਕੈਂਪ ਵਿੱਚ 25 ਯੂਨਿਟ ਖ਼ੂਨ ਦਾਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਵੱਖ ਵੱਖ ਬੁਲਾਰੇ ਅਮਰੀਕ ਸਿੰਘ ਰਿਟਾ. ਜੇ.ਈ, ਹਰਦੀਪ ਸਿੰਘ ਕੁੱਬੇ ਤਰਕਸ਼ੀਲ ਆਗੂ, ਸਤਪਾਲ ਭੈਣੀ ਆਈ ਡੀ ਪੀ ਆਗੂ, ਸੁਖਚੈਨ ਸਿੰਘ ਬਠਿੰਡਾ ਮੁਲਾਜ਼ਮ ਆਗੂ ਸਾਥੀਆਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਮੌਤ ਤੋਂ ਬਾਅਦ ਸਰੀਰ ਦਾਨ, ਅੰਗ ਦਾਨ ਅਤੇ ਜਿਉਂਦੇ ਜੀ ਖ਼ੂਨਦਾਨ ਕਰਨ ਦੀ ਮਹੱਤਤਾ ਬਾਰੇ ਦੱਸਿਆ ਕਿ ਇਹ ਤਿੰਨੇ ਦਾਨ ਸਾਡੇ ਸਮਾਜ ਦੇ ਲੋੜਵੰਦ ਲੋਕਾਂ ਲਈ ਬਹੁਤ ਜ਼ਰੂਰੀ ਹਨ। ਇਸ ਤੋਂ ਇਲਾਵਾ ਸਮਾਜ ਵਿੱਚ ਫੈਲੀਆਂ ਕੁਰੀਤੀਆਂ, ਅੰਧਵਿਸ਼ਵਾਸ ਅਤੇ ਵੇਲਾ ਵਿਹਾ ਚੁੱਕੀਆਂ ਰਸਮਾਂ ਰਿਵਾਜਾਂ ਤੇ ਵੀ ਵਿਚਾਰ ਸਾਂਝੇ ਕੀਤੇ। ਇਸ ਕੈਂਪ ਦਾ ਉਦਘਾਟਨ ਸਮਾਜਸੇਵੀ ਡਾ. ਨੌਹਰ ਚੰਦ ਨੇ ਕੀਤਾ ਅਤੇ ਵਿਚਾਰ ਸਾਂਝੇ ਕੀਤੇ। ਅੰਤ ਵਿੱਚ ਇਸ ਕੈਂਪ ਵਿੱਚ ਆਏ ਖ਼ੂਨਦਾਨੀਆਂ, ਰਿਸ਼ਤੇਦਾਰਾਂ, ਦੋਸਤ ਮਿੱਤਰਾਂ ਪਤਵੰਤੇ ਸੱਜਣਾਂ, ਮੁਲਾਜ਼ਮ ਸਾਥੀਆਂ ਅਤੇ ਆਈ ਹੋਈ ਡਾਕਟਰੀ ਟੀਮ ਦਾ ਪ੍ਰੀਵਾਰ ਦੇ ਮੁੱਖੀ ਬਲਰਾਜ ਮੌੜ ਨੇ ਧੰਨਵਾਦ ਕੀਤਾ। ਇਸ ਤੋਂ ਇਲਾਵਾ ਸਾਥੀ ਦਰਸ਼ਨ ਸ਼ਰਮਾ, ਹਰਨੇਕ ਸਿੰਘ ਗਹਿਰੀ, ਬਿੱਟੂ ਐਮ.ਸੀ., ਰਾਣਾ ਐਮ.ਸੀ., ਹਰਨੇਕ ਮੌੜ, ਜਰਨੈਲ ਸਿੰਘ ਮੌੜ, ਹਰਬੰਸ ਕੁੱਬੇ, ਗੁਰਤੇਜ ਸਿੰਘ ਕੁੱਬੇ ਹਾਜ਼ਰ ਸਨ।

**ਬਲਰਾਜ ਮੌੜ, ਜ਼ੋਨ ਮੁਖੀ ਬਠਿੰਡਾ।**

# ਲੇਖ ਰਚਨਾ ਮੁਕਾਬਲਾ-2

ਅਦਾਰਾ 'ਤਰਕਸ਼ੀਲ' ਵੱਲੋਂ ਸ਼ੁਰੂ ਕੀਤੇ ਗਏ ਲੇਖ ਰਚਨਾ ਮੁਕਾਬਲੇ ਲਈ ਇਸ ਵਾਰ ਦਾ ਵਿਸ਼ਾ ਸੀ – *ਬੇਹਿੰਮਤੇ ਨੇ ਜਿਹੜੇ ਬਹਿਕੇ ਸ਼ਿਕਵਾ ਕਰਨ ਮੁਕੱਦਰਾਂ ਦਾ*।ਸਾਨੂੰ ਪ੍ਰਾਪਤ ਹੋਏ ਲੇਖਾਂ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ **ਵਰਿੰਦਰ ਮਹਿਤਾ, ਪਟਿਆਲਾ** ਨੇ ਅਤੇ ਦੂਸਰਾ ਸਥਾਨ ਹਾਸਲ ਕੀਤਾ **ਰਾਮ ਨਿਰਮਾਣ, ਘੁੱਘੇ ਕਲਾਂ** ਨੇ। ਵਰਿੰਦਰ ਮਹਿਤਾ, ਜੋ ਪਿਛਲੇ ਮੁਕਾਬਲੇ ਦੇ ਵੀ ਜੇਤੂ ਸਨ, ਉਨ੍ਹਾਂ ਨੇ ਨਵੇਂ ਲੇਖਕਾਂ ਖਾਸ ਕਰ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਆਪਣਾ ਨਾਮ ਇਨਾਮੀ ਮੁਕਾਬਲੇ ਵਿਚੋਂ ਹਟਾ ਲਿਆ ਹੈ। ਸੋ ਅਸੀਂ ਤੀਸਰੇ ਸਥਾਨ 'ਤੇ ਰਹੀ **ਗੁਰਲੀਨ ਕੌਰ** ਅਤੇ ਚੌਥੇ ਸਥਾਨ 'ਤੇ ਰਹੀ **ਸਲੋਨੀ** ਨੂੰ ਇਨਾਮੀ ਸੂਚੀ ਵਿੱਚ ਸ਼ਾਮਲ ਕਰ ਰਹੇ ਹਾਂ। ਜਗ੍ਹਾ ਦੀ ਸੀਮਤਾਈ ਕਾਰਨ ਇਨ੍ਹਾਂ ਦੇ ਲੇਖਾਂ ਨੂੰ ਕੁਝ ਸੰਖੇਪ ਕਰ ਕੇ ਸਾਂਝੇ ਕਰ ਰਹੇ ਹਾਂ।

(1)

*'ਬੇਹਿੰਮਤੇ ਨੇ ਜਿਹੜੇ ਬਹਿਕੇ ਸ਼ਿਕਵਾ ਕਰਨ ਮੁਕੱਦਰਾਂ ਦਾ'*

ਬਾਬਾ ਨਜ਼ਮੀ ਦੀ ਇਹ ਸਤਰ ਆਪਣੇ ਆਪ ਵਿੱਚ ਇੱਕ ਜੀਵਨ-ਦਰਸ਼ਨ ਹੈ, ਇੱਕ ਐਸੀ ਦਾਰਸ਼ਨਿਕ ਉਕਤੀ ਜੋ ਮਨੁੱਖੀ ਅਨੁਭਵਾਂ ਦੀਆਂ ਗਹਿਰਾਈਆਂ ਵਿੱਚ ਵੱਸਦੀ ਹੈ। ਜ਼ਿੰਦਗੀ ਦੇ ਰਾਹ ਵਿੱਚ ਆਉਣ ਵਾਲੀਆਂ ਮੁਸ਼ਕਲਾਂ, ਹਾਰਾਂ ਅਤੇ ਤਕਲੀਫ਼ਾਂ ਦੇ ਸਾਹਮਣੇ ਇਨਸਾਨ ਦੇ ਦੋ ਹੀ ਰਵੱਈਏ ਹੋ ਸਕਦੇ ਹਨ-ਇੱਕ, ਸ਼ਿਕਵਾ ਕਰਨਾ ਅਤੇ ਦੂਜਾ, ਹਿੰਮਤ ਨਾਲ ਅੱਗੇ ਵਧਣਾ। ਜਿਹੜੇ ਹਿੰਮਤ ਹਾਰ ਜਾਂਦੇ ਹਨ, ਉਹ ਕਿਸਮਤ ਨੂੰ ਦੋਸ਼ ਦੇਣ ਲੱਗਦੇ ਹਨ, ਪਰ ਜਿਹੜੇ ਆਪਣੇ ਮਨ ਦੇ ਜਜ਼ਬੇ ਨਾਲ ਡਟ ਜਾਂਦੇ ਹਨ, ਓਹੀ ਇਤਿਹਾਸ ਵਿੱਚ ਆਪਣਾ ਨਾਮ ਲਿਖਵਾਉਂਦੇ ਹਨ। ਇਹ ਦਰਸ਼ਨ ਕੋਈ ਨਵੀਂ ਗੱਲ ਨਹੀਂ, ਸਗੋਂ ਸਦੀਆਂ ਤੋਂ ਚੱਲੀਆਂ ਆ ਰਹੀਆਂ ਮਨੁੱਖੀ ਘਟਨਾਵਾਂ ਦਾ ਸਾਰ ਹੈ, ਜੋ ਹਰ ਯੁੱਗ ਵਿੱਚ ਆਪਣੇ ਆਪ ਨੂੰ ਦੁਹਰਾਉਂਦਾ ਰਹਿੰਦਾ ਹੈ। ਹਰ ਇੱਕ ਮਨੁੱਖ, ਚਾਹੇ ਉਹ ਕਿਸੇ ਵੀ ਯੁੱਗ ਵਿੱਚ ਜਨਮਿਆ ਹੋਵੇ, ਨੇ ਇਸ ਸਚਾਈ ਨੂੰ ਆਪਣੇ ਜੀਵਨ ਦੇ ਅਨੁਭਵਾਂ ਰਾਹੀਂ ਮਹਿਸੂਸ ਕੀਤਾ ਹੈ ਅਤੇ ਇਸ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਇਹ ਸਤਰ ਕੇਵਲ ਸ਼ਬਦਾਂ ਦਾ ਇੱਕ ਸਮੂਹ ਨਹੀਂ, ਸਗੋਂ ਜੀਵਨ ਦੇ ਇੱਕ ਮਹੱਤਵਪੂਰਨ ਸੱਚ ਦਾ ਪ੍ਰਤੀਕ ਹੈ।

ਮਨੁੱਖੀ ਸਭਿਆਚਾਰ ਵਿੱਚ ਮੁਕੱਦਰ ਨੂੰ ਹਮੇਸ਼ਾਂ ਮਹੱਤਵ ਮਿਲਿਆ ਹੈ। ਲੋਕ-ਧਾਰਾ ਕਹਿੰਦੀ ਹੈ ਕਿ ਹਰ ਮਨੁੱਖ ਦੇ ਭਾਗ ਪਹਿਲਾਂ ਹੀ ਲਿਖੇ ਜਾ ਚੁੱਕੇ ਹਨ। ਪਰ ਇਸ ਅਖੌਤੀ ਧਾਰਨਾ ਨੂੰ ਸਵੀਕਾਰ ਕਰਨਾ ਹਿੰਮਤ ਦੇ ਵਿਰੁੱਧ ਹੈ। ਮੁਕੱਦਰ ਇਕ ਧੁੰਦ ਵਰਗਾ ਹੈ-ਦੂਰੋਂ ਲੱਗਦਾ ਹੈ ਕਿ ਰਾਹ ਰੁਕ ਗਿਆ, ਪਰ ਜਿਹੜਾ ਹਿੰਮਤ ਨਾਲ ਅੱਗੇ ਵਧਦਾ ਹੈ ਉਹ ਵੇਖਦਾ ਹੈ ਕਿ ਧੁੰਦ ਸਿਰਫ਼ ਥੋੜ੍ਹੀ ਦੂਰ ਤੱਕ ਸੀ, ਉਸ ਤੋਂ ਪਿੱਛੇ ਰੌਸ਼ਨੀ ਖੜੀ ਹੈ। ਮੁਕੱਦਰ ਦੀ ਧਾਰਨਾ ਅਕਸਰ ਇੱਕ ਬਹਾਨਾ ਬਣ ਜਾਂਦੀ ਹੈ, ਇੱਕ ਅਜਿਹਾ ਆਰਾਮ-ਘਰ ਜਿੱਥੇ ਜਾ ਕੇ ਮਨੁੱਖ ਆਪਣੀ ਨਾਕਾਮਯਾਬੀ ਦੇ ਲਈ ਬਾਹਰਲੇ ਕਾਰਨਾਂ ਨੂੰ ਜ਼ਿੰਮੇਵਾਰ ਠਹਿਰਾ ਕੇ ਆਪਣੇ ਆਪ ਨੂੰ ਸ਼ਾਂਤੀ ਦੇਣ ਦੀ ਕੋਸ਼ਿਸ਼ ਕਰਦਾ ਹੈ। ਪਰੰਤੂ, ਸਚਾਈ ਇਹ ਹੈ ਕਿ ਮੁਕੱਦਰ ਨੂੰ ਰੂਪ ਦੇਣ ਵਾਲੀ ਸਭ ਤੋਂ ਵੱਡੀ ਸ਼ਕਤੀ ਆਪਣੀ ਹੀ ਲਗਨ ਅਤੇ ਸਖ਼ਤ ਮਿਹਨਤ ਹੈ।

ਸ਼ਿਕਵਾ ਕਰਨਾ ਅਸਲ ਵਿੱਚ ਹਾਰ ਮੰਨਣ ਦੀ ਇੱਕ ਮਨੋਵਿਗਿਆਨਿਕ ਪ੍ਰਕਿਰਿਆ ਹੈ। ਸ਼ਿਕਵਾ ਮਨੁੱਖ ਨੂੰ ਆਤਮਵਿਸ਼ਵਾਸ ਤੋਂ ਦੂਰ ਕਰਦਾ ਹੈ ਅਤੇ ਉਸਦੀ ਸੋਚ ਨੂੰ ਨਿਰਭਰਤਾ ਵਿੱਚ ਬਦਲ ਦਿੰਦਾ ਹੈ। ਸ਼ਿਕਵਾ ਕਰਨ ਵਾਲਾ ਮਨੁੱਖ ਆਪਣੇ ਆਪ ਨੂੰ ਹਮੇਸ਼ਾਂ ਪੀੜਤ ਦੇ ਰੂਪ ਵਿੱਚ ਦੇਖਦਾ ਹੈ। ਨਤੀਜੇ ਵਜੋਂ ਉਹ ਆਪਣੀ ਅੰਦਰਲੀ ਸ਼ਕਤੀ ਦੀ ਪਹਿਚਾਣ ਨਹੀਂ ਕਰ ਪਾਉਂਦਾ। ਇਸ ਦੇ ਉਲਟ, ਹਿੰਮਤਵਾਨ ਬੰਦਾ ਸ਼ਿਕਵਾ ਨਹੀਂ ਕਰਦਾ, ਉਹ ਚੁੱਪ ਚਾਪ ਜੰਗ ਕਰਦਾ ਹੈ। ਉਸਦੀ ਖਾਮੋਸ਼ੀ ਵਿੱਚ ਇੱਕ ਗੂੰਜ ਹੁੰਦੀ ਹੈ, ਜੋ ਸਮੇਂ ਦੇ ਨਾਲ ਇਤਿਹਾਸ ਬਣ ਜਾਂਦੀ ਹੈ। ਉਸਦੀ ਚੁੱਪ ਇੱਕ ਤੂਫ਼ਾਨ ਹੁੰਦੀ ਹੈ ਜੋ ਅੰਦਰ ਹੀ ਅੰਦਰ ਚਲ ਰਿਹਾ ਹੁੰਦਾ ਹੈ ਅਤੇ ਇਸ ਤੂਫ਼ਾਨ ਦੀ ਆਵਾਜ਼ ਹੀ ਅੰਤ ਨੂੰ ਜਿੱਤ ਦੇ ਨਗਾਰੇ ਵਜੋਂ ਗੂੰਜਦੀ ਹੈ।

ਅੱਜ ਦੇ ਸਮਾਜ ਵਿੱਚ ਚੁਣੌਤੀਆਂ ਵੱਖ-ਵੱਖ ਰੂਪਾਂ ਵਿੱਚ ਹਨ। ਇਹਨਾਂ ਸਾਰੀਆਂ ਸਥਿਤੀਆਂ ਵਿੱਚ ਸ਼ਿਕਵਾ ਕਰਨਾ ਸਭ ਤੋਂ ਅਸਾਨ ਰਸਤਾ ਹੈ, ਪਰ ਹੱਲ ਸਿਰਫ਼ ਹਿੰਮਤ ਨਾਲ ਹੀ ਸੰਭਵ ਹੈ। ਹਿੰਮਤ ਕਦੇ ਉੱਚੇ ਸ਼ਬਦਾਂ ਵਿੱਚ ਨਹੀਂ, ਹਿੰਮਤ ਤਾਂ ਛੋਟੇ ਕੰਮਾਂ ਵਿੱਚ ਹੈ-ਦੁੱਖ ਸਹਿੰਦੇ ਹੋਏ ਵੀ ਮੁਸਕਰਾਉਣ ਵਿੱਚ, ਹਾਰ ਮੰਨਦੇ ਹੋਏ ਵੀ ਦੁਬਾਰਾ ਕੋਸ਼ਿਸ਼ ਕਰਨ ਵਿੱਚ, ਰੁਕਾਵਟਾਂ ਦੇ ਵਿਚਕਾਰ ਵੀ ਰਾਹ ਲੱਭਣ ਵਿੱਚ। ਹਿੰਮਤ ਸਿਰਫ਼ ਤਲਵਾਰ ਚੁੱਕਣ ਦਾ ਨਾਮ ਨਹੀਂ। ਹਿੰਮਤ ਉਹ ਹੈ ਜੋ ਕਿਸੇ ਬੱਚੇ ਨੂੰ ਗਰੀਬੀ ਦੇ ਬਾਵਜੂਦ ਪੜ੍ਹਨ ਲਈ ਪ੍ਰੇਰਿਤ ਕਰਦੀ ਹੈ। ਹਿੰਮਤ ਉਹ ਹੈ ਜੋ ਕਿਸੇ ਔਰਤ ਨੂੰ ਸਮਾਜਕ ਪਾਬੰਦੀਆਂ ਤੋੜ ਕੇ ਆਪਣਾ ਸੁਪਨਾ ਪੂਰਾ ਕਰਨ ਲਈ ਮਜਬੂਰ ਕਰਦੀ ਹੈ। ਹਿੰਮਤ ਉਹ ਹੈ, ਜੋ ਕਿਸਾਨ ਨੂੰ ਇੱਕ ਵਾਰੀ ਫ਼ਸਲ ਖਰਾਬ ਹੋਣ ਤੋਂ ਬਾਅਦ ਵੀ ਨਵੇਂ ਬੀਜ ਬੀਜਣ ਲਈ ਉਤਸ਼ਾਹਿਤ ਕਰਦੀ ਹੈ। ਹਿੰਮਤ ਉਹ ਹੈ, ਜੋ

ਇਨਸਾਨ ਨੂੰ ਆਪਣੇ ਡਰਾਂ ਨਾਲ ਲੜਨ ਅਤੇ ਆਪਣੇ ਆਪ ਨੂੰ ਨਵੇਂ ਰੂਪ ਵਿੱਚ ਖੜ੍ਹਾ ਕਰਨ ਦੀ ਤਾਕਤ ਦਿੰਦੀ ਹੈ। ਜੀਵਨ ਦੀ ਇਸ ਲੜਾਈ ਵਿੱਚ, ਹਿੰਮਤ ਹੀ ਉਹ ਹਥਿਆਰ ਹੈ ਜੋ ਹਰ ਯੋਧੇ ਨੂੰ ਜਿੱਤ ਦਿਵਾਉਂਦਾ ਹੈ, ਅਤੇ ਸ਼ਿਕਵਾ ਉਹ ਕਮਜ਼ੋਰੀ ਜੋ ਯੁੱਧ ਛੱਡਣ 'ਤੇ ਮਜਬੂਰ ਕਰਦੀ ਹੈ

ਸਮਾਪਤੀ ਵਿੱਚ, ਇਹ ਕਿਹਾ ਜਾ ਸਕਦਾ ਹੈ ਕਿ ਬਾਬਾ ਨਜ਼ਮੀ ਦੀ ਇਹ ਸਤਰ ਸਾਡੇ ਅੰਦਰਲੇ ਉਸ ਯੋਧੇ ਨੂੰ ਜਗਾਉਣ ਦਾ ਸੰਦੇਸ਼ ਹੈ, ਜੋ ਹਰ ਮੁਸੀਬਤ ਦਾ ਸਾਹਮਣਾ ਕਰਨ ਲਈ ਤਿਆਰ ਖੜ੍ਹਾ ਹੈ। ਇਸ ਲਈ ਅਸਲ ਜ਼ਿੰਦਗੀ ਦੀ ਪ੍ਰਾਰਥਨਾ ਇਹ ਨਹੀਂ ਹੋਣੀ ਚਾਹੀਦੀ ਕਿ ਸਾਡੇ ਮੁਕੱਦਰ ਸੋਹਣੇ ਲਿਖੇ ਜਾਣ, ਸਗੋਂ ਇਹ ਹੋਣੀ ਚਾਹੀਦੀ ਹੈ ਕਿ ਸਾਨੂੰ ਹਿੰਮਤ ਮਿਲੇ ਆਪਣੇ ਮੁਕੱਦਰਾਂ ਨੂੰ ਆਪਣੇ ਹੱਥੀਂ ਚਮਕਾਉਣ ਦੀ।

**ਵਰਿੰਦਰ ਮਹਿਤਾ, ਪੰਜਾਬੀ ਮਾਸਟਰ,**
**ਸ.ਹਾ.ਸ. ਦੌਣ ਕਲਾਂ, (ਪਟਿਆਲਾ)**

(2)

ਬਾਬਾ ਨਜ਼ਮੀ ਜੀ ਆਪਣੀ ਇਸ ਕਵਿਤਾ ਰਾਹੀਂ ਕਹਿਣਾ ਚਾਹੁੰਦੇ ਹਨ ਕਿ ਜਿਹੜੇ ਲੋਕੀ ਕਿਸਮਤ, ਕਰਮਾਂ, ਭਾਗਾਂ ਜਾਂ ਤਕਦੀਰ ਦੇ ਲਿਖੇ ਮੁੱਕਦਰ 'ਤੇ ਵਿਸ਼ਵਾਸ (ਜਾਂ ਅੰਧਵਿਸ਼ਵਾਸ) ਕਰਦੇ ਹਨ, ਉਹ ਜ਼ਿੰਦਗੀ ਦੀ ਤਰੱਕੀ ਦੀ ਦੌੜ ਵਿੱਚ ਪਛੜ ਜਾਂਦੇ ਹਨ। ਜਿਸ ਸਮਾਜ ਵਿੱਚ ਕਿਸਮਤਵਾਦੀ ਵਿਸ਼ਵਾਸਾਂ ਵਾਲੇ ਲੋਕਾਂ ਦੀ ਬਹੁ-ਗਿਣਤੀ ਜਾਂ ਬਹੁਤ ਵੱਡੀ ਗਿਣਤੀ ਹੁੰਦੀ ਹੈ, ਉਹ ਸਮਾਜ ਮਾਨਸਿਕ ਪੱਖੋਂ ਅਚੇਤਨ ਰਹਿੰਦਾ ਹੈ ਅਤੇ ਇਸੇ ਤਰ੍ਹਾਂ ਉਹ ਦੇਸ਼।

ਸ਼ਾਇਰ ਕਹਿੰਦਾ ਹੈ ਕਿ ਉਹ ਲੋਕ ਬੇਹਿੰਮਤੇ, ਉਤਸ਼ਾਹ ਤੋਂ ਵਿਹੂਣੇ ਅਤੇ ਸਵੈ ਭਰੋਸੇ ਤੋਂ ਵਾਂਝੇ ਰਹਿੰਦੇ ਹਨ ਜਿਹੜੇ ਹਰ ਗੱਲ 'ਤੇ ਜਾਂ ਕਿਸੇ ਕੰਮ ਵਿੱਚ ਸਫਲਤਾ ਨਾ ਮਿਲਣ ਕਰਕੇ ਸੋਚਦੇ ਹਨ ਕਿ ਇਹ ਸਫਲਤਾ, ਇਹ ਤਰੱਕੀ (ਨੌਕਰੀ, ਕਮਾਈ, ਅਮੀਰੀ ਜਾਂ ਸੰਤਾਨ ਸੁੱਖ ਆਦਿ) ਉਸ ਦੀ ਕਿਸਮਤ ਵਿੱਚ ਨਹੀਂ, ਉਸਦਾ ਤਾਂ ਮੁਕੱਦਰ ਹੀ ਮਾੜਾ ਹੈ।

ਇਸ ਤਰ੍ਹਾਂ ਆਤਮ-ਵਿਸ਼ਵਾਸ ਤੋਂ ਵਿਹੂਣੇ, ਬੇਹਿੰਮਤੇ ਲੋਕ ਗੱਲ-ਗੱਲ 'ਤੇ ਮਾੜੇ ਮੁਕੱਦਰਾਂ ਦਾ ਰੋਣਾ ਲੈ ਕੇ ਬਹਿ ਜਾਂਦੇ ਹਨ। ਅਕਸਰ ਹੀ ਆਮ ਲੋਕੀਂ ਆਖਦੇ ਸੁਣੀਦੇ ਹਨ ਕਿ ਜੋ ਕਿਸਮਤ ਵਿੱਚ ਲਿਖਿਆ ਹੈ, ਉਹ ਹੀ ਮਿਲਣਾ ਹੈ: ਅਤੇ ਮਾਟੋ ਵੀ ਇਹ ਲਿਖਵਾਉਂਦੇ ਹਨ 'ਮਿਲੇਗਾ ਮੁਕੱਦਰ'।

ਬਾਬਾ ਨਜ਼ਮੀ ਕਹਿੰਦੇ ਹਨ ਕਿ ਇਹ ਕਿਸਮਤਵਾਦ ਮਨੁੱਖ ਨੂੰ ਹਿੰਮਤ ਅਤੇ ਜੁਅਰਤ ਵਿਹੂਣਾ ਬਣਾਉਂਦਾ ਹੈ। ਪਰ ਜਿਹੜੇ ਲੋਕ ਮੁਕੱਦਰਾਂ 'ਚ ਲਿਖੇ ਨੂੰ ਨਹੀਂ ਮੰਨਦੇ, ਉਹ ਮਾੜੀ ਕਿਸਮਤ ਦਾ ਸ਼ਿਕਵਾ ਨਹੀਂ ਕਰਦੇ। ਅਜਿਹੇ ਲੋਕ ਹਿੰਮਤੀ, ਉਤਸ਼ਾਹੀ ਅਤੇ ਆਤਮ ਵਿਸ਼ਵਾਸੀ ਹੁੰਦੇ ਹਨ, ਜੋ ਕਰੜੇ ਤੇ ਕਠਿਨ ਕਾਰਜ ਵੀ ਖੁਦ 'ਤੇ ਭਰੋਸਾ ਕਰਕੇ, ਸਿਰੜ ਨਾਲ ਪੂਰੇ ਕਰ ਲੈਂਦੇ ਹਨ। ਜਿਵੇਂ ਅਸੀਂ ਵੇਖਦੇ ਹਾਂ ਕਿ ਕੁਝ ਰੁੱਖ ਸਖਤ ਪੱਥਰਾਂ ਹੇਠੋਂ ਵੀ ਫੁੱਟ ਕੇ ਬਾਹਰ ਉੱਭਰ ਆਉਂਦੇ ਹਨ (ਜਿਵੇਂ ਪਿੱਪਲ, ਬੋਹੜ ਆਦਿ ਰੁੱਖ, ਪੱਥਰਾਂ/ਇੱਟਾਂ ਦੀਆਂ ਕੁੰਦਰਾਂ ਵਿੱਚ ਉੱਗੇ ਹੋਏ ਹੁੰਦੇ ਹਨ)

ਇਹ ਧਰਤੀ, ਇਹ ਸੰਸਾਰ ਉਨ੍ਹਾਂ ਉੱਦਮੀ ਅਤੇ ਸਖਤ ਮਿਹਨਤ ਕਰਨ ਵਾਲੇ ਚੇਤੰਨ ਮਨੁੱਖਾਂ ਕਾਰਨ ਹੀ ਜਿਉਣ ਯੋਗ ਅਤੇ ਵਧੀਆ ਬਣੀ, ਜਿਨ੍ਹਾਂ ਨੇ ਕਦੇ ਮਾੜੀ ਕਿਸਮਤ ਜਾਂ ਮੁਕੱਦਰਾਂ 'ਤੇ ਗਿਲਾ, ਸ਼ਿਕਵਾ ਨਹੀ ਕੀਤਾ ਸਗੋਂ ਆਪਣੇ ਕਠਿਨ ਰਸਤੇ ਖੁਦ ਚੁਣੇ ਅਤੇ ਸਫਲ ਹੋਏ।

ਉਨ੍ਹਾਂ ਮਹਾਨ ਮਨੁੱਖਾਂ ਦੇ ਵਿਚ ਸਾਡੇ ਕਿਰਤੀ ਵਡੇਰੇ, ਸਾਡੇ ਮਹਾਨ ਦੇਸ਼ ਭਗਤ ਬਾਬੇ/ਸ਼ਹੀਦ ਅਤੇ ਵਿਗਿਆਨਕਾਂ ਦਾ ਨਾਮ ਸ਼ੁਮਾਰ ਹੈ ਜਿਨ੍ਹਾਂ ਕਿਸੇ ਕਿਸਮਤ ਉਤੇ ਵਿਸ਼ਵਾਸ ਨਹੀ ਕੀਤਾ, ਸਗੋਂ ਖੁਦ ਦੀ ਸਮਝ ਅਤੇ ਹਿੰਮਤ ਉਤੇ ਭਰੋਸਾ ਕੀਤਾ।

ਇਸ ਕਵਿਤਾ ਦੀਆਂ ਅਖੀਰਲੀਆਂ ਸਤਰਾਂ ਵਿੱਚ ਕਵੀ ਨੇ ਗੱਲ ਦਾ ਨਿਚੋੜ ਕੱਢਦਿਆਂ ਮਨੁੱਖੀ ਚੇਤਨਾ, ਦਿਮਾਗੀ ਸ਼ਕਤੀ ਅਤੇ ਵਧੀਆ ਪਲੈਨਿੰਗ ਨੂੰ ਹੀ ਮੰਜਿਲ ਪਾਉਣ ਦਾ ਸਾਧਨ ਦੱਸਿਆ -

'ਮੰਜ਼ਿਲ ਦੇ ਮੱਥੇ ਦੇ ਉੱਤੇ ਤਖਤੀ ਲਗਦੀ ਉਹਨਾਂ ਦੀ,
ਘਰੋਂ ਬਣਾ ਕੇ ਤੁਰਦੇ ਜਿਹੜੇ ਨਕਸ਼ਾ ਆਪਣੇ ਸਫਰਾਂ ਦਾ।'

ਸੋ ਪ੍ਰਗਤੀਵਾਦੀ ਸ਼ਾਇਰ ਬਾਬਾ ਨਜ਼ਮੀ ਜੀ ਨੇ ਆਪਣੀਆਂ ਇਨ੍ਹਾਂ ਸਤਰਾਂ ਰਾਹੀਂ ਕੁੱਜੇ ਵਿੱਚ ਸਮੁੰਦਰ ਬੰਦ ਕਰਨ ਵਾਲੀ ਕਹਾਵਤ ਅਨੁਸਾਰ ਬਹੁਤ ਵੱਡੀ ਗੱਲ ਕਹੀ ਹੈ। ਜਿਸਨੂੰ ਤਰਕ ਨਾਲ ਸੋਚਣ ਅਤੇ ਵਿਗਿਆਨਕ ਨਜ਼ਰੀਆ ਰੱਖਣ ਵਾਲੇ ਲੋਕ ਬਹੁਤ ਸੌਖਿਆਂ ਸਮਝ ਸਕਦੇ ਹਨ। ਮੁਕੱਦਰਾਂ ਉਤੇ ਸ਼ਿਕਵੇ ਕਰਨ ਬਹਿ ਗਏ ਬੇਹਿੰਮਤੇ ਲੋਕਾਂ ਨੂੰ ਵੀ ਇਹਨਾਂ ਸਤਰਾਂ ਰਾਹੀਂ ਇੱਕ ਸੇਧ ਦਿੱਤੀ ਗਈ ਹੈ ਕਿ ਕਿਸਮਤਵਾਦ ਦੇ ਅੰਧ-ਵਿਸ਼ਵਾਸ ਵਿਚੋ ਬਾਹਰ ਨਿਕਲ ਕੇ ਆਪਣੀ ਮਾਨਸਿਕਤਾ ਨੂੰ ਚੇਤੰਨ ਕਰੋ, ਤਰਕ ਨਾਲ ਸੋਚੋ, ਵਿਗਿਆਨਕ ਸੋਚ ਦੇ ਧਾਰਨੀ ਬਣਕੇ, ਸਵੈ-ਭਰੋਸੇ ਨਾਲ ਹੋ ਕੇ ਹਿੰਮਤ ਵਾਲੇ ਬਣੋ।

*'ਹਾਸ਼ਿਮ ਫਤੇਹਿ ਨਸੀਬ ਉਨ੍ਹਾਂ ਨੂੰ, ਜਿਨ੍ਹਾਂ ਹਿੰਮਤ ਯਾਰ ਬਣਾਈ'*

**ਰਾਮ ਸਿੰਘ ਨਿਰਮਾਣ, ਬੁੱਘੇ ਕਲਾਂ**

(3)

ਪਿਛਲੇ ਦਿਨੀ ਮੇਰੀ ਸੋਚ ਨੂੰ ਝੰਜੋੜ ਦੇਣ ਵਾਲਾ ਇੱਕ ਕਿੱਸਾ ਮੇਰੇ ਨਾਲ ਵਾਪਰਿਆ। ਮੇਰੀ ਇੱਕ ਅਜ਼ੀਜ਼ ਦੋਸਤ, ਜੋ ਸਾਲ ਭਰ ਤੋਂ ਸਰਕਾਰੀ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੀ ਸੀ, ਨੇ ਕੁਝ ਦਿਨ ਪਹਿਲਾਂ ਮੈਨੂੰ ਦੱਸਿਆ ਕਿ ਉਸਨੇ ਪ੍ਰੀਖਿਆਵਾਂ ਦੀ ਤਿਆਰੀ ਕਰਨੀ ਬੰਦ ਕਰ ਦਿੱਤੀ ਹੈ। ਕਾਰਨ ਪੁੱਛਣ ਉੱਤੇ ਜੋ ਜਵਾਬ ਮਿਲਿਆ, ਉਹ ਅੱਜ ਦੇ ਆਧੁਨਿਕ ਯੁੱਗ ਦੀ ਸੋਚ ਉੱਤੇ ਇੱਕ ਪ੍ਰਸ਼ਨ-ਚਿੰਨ੍ਹ ਬਣ ਕੇ ਉਭਰਦਾ ਹੈ, ਕਿ ਸਾਡੇ ਲੋਕਾਂ ਦੀ ਸੋਚ ਅਜੇ ਉੱਥੇ ਹੀ ਅਟਕੀ ਹੋਈ ਹੈ। ਉਸਨੇ ਕਿਹਾ ਕਿ ਉਹ ਇੱਕ ਜੋਤਸ਼ੀ ਕੋਲ ਗਈ, ਜਿਸ ਦੁਆਰਾ ਉਸ ਦੇ ਹੱਥਾਂ ਅਤੇ ਮੱਥੇ ਦੀਆਂ ਰੇਖਾਵਾਂ ਨੂੰ ਪੜ੍ਹ ਕੇ ਦੱਸਿਆ ਗਿਆ ਕਿ ਸਰਕਾਰੀ ਨੌਕਰੀ ਮਿਲਣਾ ਉਸ ਦੀ ਕਿਸਮਤ ਵਿੱਚ ਨਹੀਂ ਹੈ ਸੋ ਉਸ ਨੂੰ ਹੋਰ ਤਿਆਰੀ ਕਰਨੀ 'ਸਮੇਂ ਦੀ ਬਰਬਾਦੀ' ਲੱਗਦੀ ਹੈ। ਤਾਂ ਹੁਣ ਉਹ ਹੋਰ ਕੈਰੀਅਰ ਅਪਣਾਏਗੀ।

'ਕਿਸਮਤ' ਇਹ ਚਾਰ ਅੱਖਰਾਂ ਦਾ ਸ਼ਬਦ ਉਸ ਦੀ ਸਾਲ ਭਰ ਦੀ ਮੁਸ਼ੱਕਤ ਉੱਤੇ ਭਾਰੀ ਪੈ ਗਿਆ। ਇਹ ਘਟਨਾ ਹਾਸੋ-ਹੀਣੀ ਪ੍ਰਤੀਤ ਹੁੰਦੀ ਹੈ, ਪਰ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਸਾਡੀ ਹੋਣ ਵਾਲੀ ਜ਼ਿੰਦਗੀ, ਕੀ ਸੱਚਮੁੱਚ ਕਿਸਮਤ ਜਾਂ ਮੁਕੱਦਰ ਹੀ ਤੈਅ ਕਰਦੇ ਹਨ?

ਜ਼ਿੰਦਗੀ ਵਿੱਚ ਕੁਝ ਹਾਸਲ ਕਰਨ ਦਾ ਜਜ਼ਬਾ ਰੱਖਣ ਵਾਲੇ ਵਿਅਕਤੀ ਕਦੇ ਆਪਣੀ ਕਿਸਮਤ ਨੂੰ ਨਹੀਂ ਕੋਸਦੇ। ਉਹ ਚਲਦੇ ਰਹਿੰਦੇ ਹਨ, ਚਾਹੇ ਕਿੰਨੀਆਂ ਵੀ ਮੁਸੀਬਤਾਂ ਉਨ੍ਹਾਂ ਦੇ ਰਾਹ ਦਾ ਰੋੜਾ ਬਣ ਕੇ ਉਹਨਾਂ ਨੂੰ ਰੋਕਣ ਦੀ ਕੋਸ਼ਿਸ਼ ਕਰਨ ਪਰ ਉਹ ਵਗਦੇ ਪਾਣੀਆਂ ਵਾਂਗ ਆਪਣਾ ਰਸਤਾ ਕੱਢ ਲੈਂਦੇ ਹਨ।

'ਮਿਹਨਤ ਹੀ ਸਫਲਤਾ ਦੀ ਕੁੰਜੀ ਹੈ' ਇਸ ਪੁਰਾਣੀ ਕਹਾਵਤ ਵਿੱਚ ਬਹੁਤ ਡੂੰਘੇ ਅਰਥ ਲੁਕੇ ਹੋਏ ਹਨ। ਇਸ ਕਹਾਵਤ ਦਾ ਅਰਥ ਉਹ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਜਿਨ੍ਹਾਂ ਨੇ ਇਸ ਕਹਾਵਤ ਨੂੰ ਚੰਗੀ ਤਰ੍ਹਾਂ ਵਿਚਾਰਿਆ, ਅਮਲ ਕੀਤਾ ਅਤੇ ਕੁਝ ਹਾਸਲ ਕੀਤਾ। ਵਿਹਲੇ ਰਹਿਕੇ ਜ਼ਿੰਦਗੀ ਦੀ ਪਤੰਗ ਦੀਆਂ ਡੋਰਾਂ ਕਿਸਮਤ ਉੱਤੇ ਛੱਡਣ ਵਾਲੇ ਇਸ ਕਥਨ ਦੀ ਡੂੰਘਾਈ ਨੂੰ ਨਹੀਂ ਸਮਝ ਸਕਦੇ।

ਸੰਸਾਰ ਵਿੱਚ ਅਜਿਹੀਆਂ ਬੇਅੰਤ ਉਦਾਹਰਨਾਂ ਹਨ ਜਿਨ੍ਹਾਂ ਨੇ ਆਪਣੀ ਕਿਸਮਤ ਨੂੰ ਰੋਣ ਦੀ ਬਜਾਏ ਆਪਣੀਆਂ ਕਮੀਆਂ ਨੂੰ ਆਪਣੀ ਤਾਕਤ ਬਣਾਇਆ ਅਤੇ ਜੀਵਨ ਵਿੱਚ ਉੱਚੇ ਟੀਚੇ ਹਾਸਲ ਕੀਤੇ। ਉਹਨਾਂ ਕੋਲ ਦੋ ਰਸਤੇ ਸਨ- ਪਹਿਲਾ ਰਸਤਾ ਹਾਰ ਮੰਨਣੀ ਅਤੇ ਬੈਠ ਜਾਣਾ; ਦੂਜਾ ਰਸਤਾ ਹਿੰਮਤ ਨਾ ਹਾਰ ਕੇ ਅੱਗੇ ਵਧਦੇ ਰਹਿਣਾ। ਉਹਨਾਂ ਨੇ ਦੂਜੇ ਰਸਤੇ ਨੂੰ ਚੁਣਿਆ।

*'ਬੇਹਿੰਮਤੇ ਨੇ ਜਿਹੜੇ ਸ਼ਿਕਵਾ ਕਰਨ ਮੁਕੱਦਰਾਂ ਦਾ,*
*ਉੱਗਣ ਵਾਲੇ ਉੱਗ ਪੈਂਦੇ ਨੇ, ਪਾੜ ਕੇ ਸੀਨਾ ਪੱਥਰਾਂ ਦਾ।'*

ਕਿਆ ਖ਼ੂਬ ਲਿਖਿਆ ਹੈ ਬਾਬਾ ਨਜ਼ਮੀ ਨੇ। ਜ਼ਿੰਦਗੀ ਦਾ ਬਹੁਤ ਵੱਡਾ ਸਬਕ ਇਹਨਾਂ ਸਤਰਾਂ ਵਿੱਚ ਹੈ। ਬਾਬਾ ਨਜ਼ਮੀ ਦੀਆਂ ਇਹਨਾਂ ਸਤਰਾਂ ਨੂੰ ਕੁਝ ਉਦਾਹਰਨਾਂ ਨਾਲ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਭਾਰਤ ਦੇ ਸਾਬਕਾ ਰਾਸ਼ਟਰਪਤੀ ਅਤੇ ਮਹਾਨ ਵਿਗਿਆਨੀ ਡਾਕਟਰ ਏਪੀਜੇ ਅਬਦੁਲ ਕਲਾਮ ਨੇ ਰਮੇਸ਼ਵਰਮ ਵਿੱਚ ਅਖ਼ਬਾਰ ਵੰਡ ਕੇ ਕਿਤਾਬਾਂ ਖਰੀਦੀਆਂ ਤੇ ਘਰ ਦੀ ਆਰਥਿਕ ਹਾਲਤ ਕਰਕੇ ਬਿਜਲੀ ਦਾ ਢੁਕਵਾਂ ਪ੍ਰਬੰਧ ਵੀ ਨਹੀਂ ਸੀ। ਉਹ ਰਾਤ ਨੂੰ ਗਲੀ ਵਿੱਚ ਲੱਗੀਆਂ ਹੋਈਆਂ ਲਾਈਟਾਂ ਹੇਠ ਪੜ੍ਹਿਆ ਕਰਦੇ ਸਨ। ਉਨ੍ਹਾਂ ਦੀ ਦਿਨ ਰਾਤ ਦੀ ਮਿਹਨਤ ਨੂੰ ਫਲ ਲੱਗਿਆ ਅਤੇ ਉਹ ਇੱਕ ਸਫਲ ਵਿਗਿਆਨੀ ਬਣੇ। ਦੱਖਣ ਦੇ ਮਸ਼ਹੂਰ ਅਦਾਕਾਰ ਰਜਨੀਕਾਂਤ ਨੇ ਆਰਥਿਕ ਹਾਲਤ ਨੂੰ ਸੁਧਾਰਨ ਲਈ ਬੈਂਗਲੌਰ ਵਿੱਚ ਬੱਸ ਕੰਡਕਟਰ ਦੇ ਤੌਰ 'ਤੇ ਕੰਮ ਕੀਤਾ ਅਤੇ ਉਨ੍ਹਾਂ ਨੇ ਦੇਸ਼ ਵਿਦੇਸ਼ ਵਿੱਚ ਨਾਮਣਾ ਖੱਟ ਕੇ ਸਫਲਤਾ ਹਾਸਲ ਕੀਤੀ।

ਇੱਕ ਤਕੜੇ ਜਜ਼ਬੇ ਦੀ ਉਦਾਹਰਨ ਵਜੋਂ ਅਰੁਨਿਮਾ ਸਿਨਹਾ ਬਾਰੇ ਗੱਲ ਕਰਦੇ ਹਾਂ। ਅਰੁਨਿਮਾ ਸਿਨਹਾ ਇਕ ਸਾਬਕਾ ਵਾਲੀਬਾਲ ਖਿਡਾਰਨ ਸੀ। ਉਸਨੂੰ ਚੋਰਾਂ ਦੁਆਰਾ ਚਲਦੀ ਰੇਲ ਗੱਡੀ ਵਿੱਚੋਂ ਧੱਕਾ ਦੇ ਦਿੱਤਾ ਗਿਆ, ਜਿਸ ਕਾਰਨ ਉਸਨੇ ਆਪਣੀ ਇਕ ਲੱਤ ਗਵਾ ਲਈ ਸੀ। ਇਸ ਦੇ ਬਾਵਜੂਦ ਵੀ ਅਰੁਨਿਮਾ ਨੇ ਹਾਰ ਨਹੀ ਮੰਨੀ। ਉਸ ਨੇ ਹਾਲਾਤ ਆਪਣੇ ਮੂਹਰੇ ਲਾ ਲਏ ਅਤੇ ਕਿਸਮਤ ਨੂੰ ਝੁਕਣ ਲਈ ਮਜਬੂਰ ਕੀਤਾ। ਉਸ ਨੇ ਵਿਸ਼ਵ ਦੀ ਉੱਚੀ ਚੋਟੀ ਮਾਊਂਟ ਐਵਰੈਸਟ ਨੂੰ ਸਰ ਕਰ ਲਿਆ। ਇਨ੍ਹਾਂ ਸਭ ਉਦਾਹਰਨਾਂ ਤੋਂ ਪਤਾ ਲੱਗਦਾ ਹੈ ਕਿ ਮਿਹਨਤ ਨਾਲ ਸਭ ਕੁਝ ਹਾਸਲ ਹੋ ਸਕਦਾ ਹੈ।

ਜ਼ਿੰਦਗੀ ਵਿੱਚ ਕੁਝ ਵੀ ਆਸਾਨ ਨਹੀਂ ਹੁੰਦਾ, ਪਰ ਨਾਮੁਮਕਿਨ ਵੀ ਨਹੀਂ ਹੁੰਦਾ। ਇਨਸਾਨ ਉਹੀ ਹੁੰਦਾ ਹੈ, ਜੋ ਅੱਗੇ ਵਧੇ, ਮਿਹਨਤ ਕਰੇ। ਆਉਣ ਵਾਲੀਆਂ ਮੁਸ਼ਕਲਾਂ ਤੋਂ ਡਰ ਕੇ ਪਹਿਲਾਂ ਹੀ ਮੈਦਾਨ ਨਾ ਛੱਡ ਕੇ ਭੱਜ ਜਾਵੇ। ਜ਼ਿੰਦਗੀ ਵਿੱਚ ਮੁਸੀਬਤਾਂ ਤਾਂ ਆਉਣਗੀਆਂ ਹੀ। ਨਹੀਂ ਤਾਂ ਮਰਨ ਤੋਂ ਬਾਅਦ ਤਾਂ ਸਿਵਿਆਂ ਦੀ ਅੱਗ ਵੀ ਮਹਿਸੂਸ ਨਹੀਂ ਹੁੰਦੀ ਹੈ। ਕਿਸਮਤ ਦਾ ਰੋਣਾ ਛੱਡ ਕੇ ਮਿਹਨਤ ਜਾਰੀ ਰੱਖਣੀ ਚਾਹੀਦੀ ਹੈ ਤਾਂ ਅਜਿਹਾ ਕੋਈ ਮੁਕਾਮ ਨਹੀਂ ਜੋ ਹਾਸਲ ਨਹੀਂ ਕੀਤਾ ਜਾ ਸਕਦਾ।

ਗੁਰਲੀਨ ਕੌਰ, ਯੂਨੀਵਰਸਿਟੀ ਕਾਲਜ, ਜੈਤੋ

(4)

ਅਕਸਰ ਅਸੀਂ ਆਪਣੀਆਂ ਅਸਫਲਤਾਵਾਂ ਦਾ ਦੋਸ਼ ਆਪਣੇ ਮੁਕੱਦਰ ਜਾਂ ਕਿਸਮਤ ਉੱਤੇ ਲਗਾ ਦਿੰਦੇ ਹਾਂ। ਜਦੋਂ ਕੋਈ ਕੰਮ ਸਫਲ ਨਹੀਂ ਹੁੰਦਾ, ਤਾਂ ਕਈ ਵਾਰ ਅਸੀਂ ਸੋਚਦੇ ਹਾਂ ਕਿ 'ਸ਼ਾਇਦ ਸਾਡੀ ਕਿਸਮਤ ਵਿੱਚ ਹੀ ਇਹ ਨਹੀਂ ਸੀ।' ਇਹ ਸੋਚ ਅਸਲ ਵਿੱਚ ਸਾਡੀ ਕਮਜ਼ੋਰੀ ਅਤੇ ਹਿੰਮਤ ਦੀ ਘਾਟ ਨੂੰ ਦਰਸਾਉਂਦੀ ਹੈ। ਜਿਹੜੇ ਲੋਕ ਹਿੰਮਤ ਹਾਰ ਕੇ ਹੱਥ 'ਤੇ ਹੱਥ ਧਰ ਕੇ ਬੈਠ ਜਾਂਦੇ ਹਨ, ਉਹ ਹੀ ਆਪਣੇ ਮੁਕੱਦਰ ਦਾ ਸ਼ਿਕਵਾ ਕਰਦੇ ਹਨ।

ਅਸਲ ਵਿੱਚ, ਮੁਕੱਦਰ ਕੋਈ ਅਜਿਹੀ ਚੀਜ਼ ਨਹੀਂ ਜੋ ਕਿਸੇ ਪੱਥਰ 'ਤੇ ਲਿਖੀ ਹੋਈ ਹੋਵੇ। ਸਾਡੀ ਕਿਸਮਤ ਸਾਡੇ ਆਪਣੇ ਹੱਥਾਂ ਵਿੱਚ ਹੁੰਦੀ ਹੈ, ਸਾਡੀਆਂ ਚੰਗੀਆਂ ਅਤੇ ਬੁਰੀਆਂ ਕਾਰਵਾਈਆਂ ਇਸਨੂੰ ਬਣਾਉਂਦੀਆਂ ਹਨ। ਜੇ ਅਸੀਂ ਸਖ਼ਤ ਮਿਹਨਤ ਕਰਦੇ ਹਾਂ, ਇਮਾਨਦਾਰੀ ਨਾਲ ਯਤਨ ਕਰਦੇ ਹਾਂ ਅਤੇ ਕਿਸੇ ਵੀ ਚੁਣੌਤੀ ਦਾ ਡਟ ਕੇ ਮੁਕਾਬਲਾ ਕਰਦੇ ਹਾਂ, ਤਾਂ ਸਫਲਤਾ ਸਾਡੇ ਕਦਮ ਚੁੰਮਦੀ ਹੈ। ਦੂਜੇ ਪਾਸੇ, ਜੇ ਅਸੀਂ ਡਰ ਕੇ ਜਾਂ ਆਲਸ ਕਰਕੇ ਕੋਸ਼ਿਸ਼ ਹੀ ਨਹੀਂ ਕਰਦੇ, ਤਾਂ ਸਾਨੂੰ ਨਤੀਜਾ ਵੀ ਉਹੀ ਮਿਲਦਾ ਹੈ ਜਿਸਦੇ ਅਸੀਂ ਹੱਕਦਾਰ ਹੁੰਦੇ ਹਾਂ।

ਮਹਾਨ ਵਿਅਕਤੀਆਂ ਦੀ ਜ਼ਿੰਦਗੀ ਨੂੰ ਦੇਖੀਏ ਤਾਂ ਪਤਾ ਚੱਲਦਾ ਹੈ ਕਿ ਉਹਨਾਂ ਨੇ ਕਦੇ ਵੀ ਆਪਣੇ ਮੁਕੱਦਰ ਨੂੰ ਦੋਸ਼ੀ ਨਹੀਂ ਠਹਿਰਾਇਆ। ਉਹਨਾਂ ਨੇ ਆਪਣੀਆਂ ਮੁਸ਼ਕਿਲਾਂ ਨੂੰ ਮੌਕਿਆਂ ਵਿੱਚ ਬਦਲਿਆ। ਅਬਰਾਹਮ ਲਿੰਕਨ, ਜੋ ਕਈ ਅਸਫਲਤਾਵਾਂ ਦੇ ਬਾਅਦ ਅਮਰੀਕਾ ਦਾ ਰਾਸ਼ਟਰਪਤੀ ਬਣਿਆ, ਜਾਂ ਥਾਮਸ ਐਡੀਸਨ, ਜਿਸਨੇ ਬਲਬ ਬਣਾਉਣ ਲਈ ਹਜ਼ਾਰਾਂ ਵਾਰ ਕੋਸ਼ਿਸ਼ ਕੀਤੀ, ਉਹਨਾਂ ਸਭ ਨੇ ਸਾਨੂੰ ਇਹ ਸਿਖਾਇਆ ਹੈ ਕਿ ਸਫਲਤਾ ਹਿੰਮਤ, ਦ੍ਰਿੜਤਾ ਅਤੇ ਲਗਾਤਾਰ ਮਿਹਨਤ ਦਾ ਨਤੀਜਾ ਹੈ।

ਇਸ ਲਈ, ਸਾਨੂੰ ਆਪਣੇ ਮੁਕੱਦਰ 'ਤੇ ਸ਼ਿਕਵਾ ਕਰਨ ਦੀ ਬਜਾਏ, ਆਪਣੀ ਕਾਬਲੀਅਤ 'ਤੇ ਵਿਸ਼ਵਾਸ ਕਰਨਾ ਚਾਹੀਦਾ ਹੈ। ਜੀਵਨ ਵਿੱਚ ਆਉਣ ਵਾਲੀਆਂ ਚੁਣੌਤੀਆਂ ਨੂੰ ਸਿੱਖਣ ਦਾ ਇੱਕ ਮੌਕਾ ਸਮਝੋ। ਅਸਫਲਤਾ ਦਾ ਮਤਲਬ ਇਹ ਨਹੀਂ ਕਿ ਸਾਨੂੰ ਰੁਕ ਜਾਣਾ ਚਾਹੀਦਾ ਹੈ, ਬਲਕਿ ਇਹ ਸਾਨੂੰ ਦੁਬਾਰਾ ਕੋਸ਼ਿਸ਼ ਕਰਨ ਲਈ ਪ੍ਰੇਰਿਤ ਕਰਦਾ ਹੈ। ਜੀਵਨ ਵਿੱਚ ਸਫਲਤਾ ਉਹਨਾਂ ਨੂੰ ਹੀ ਮਿਲਦੀ ਹੈ ਜੋ ਹਿੰਮਤ ਨਾਲ ਕੰਮ ਕਰਦੇ ਹਨ, ਨਾ ਕਿ ਉਹਨਾਂ ਨੂੰ ਜੋ ਬੈਠ ਕੇ ਕਿਸਮਤ ਨੂੰ ਕੋਸਦੇ ਹਨ।

**ਸਲੋਨੀ, ਪਿੰਡ ਖੈਰਦੀਨ ਕੇ (ਤਰਨਤਾਰਨ)**

ਇਨ੍ਹਾਂ ਇਨਾਮੀ ਪ੍ਰਤੀਯੋਗੀਆਂ ਤੋਂ ਇਲਾਵਾ ਹੇਠ ਲਿਖੇ ਪਾਠਕਾਂ ਦੀਆਂ ਲੇਖ-ਰਚਨਾਵਾਂ ਵੀ ਸ਼ਲਾਘਾਯੋਗ ਸਨ-

1. ਹਰਪ੍ਰੀਤ ਕੌਰ ਰੀਤ
2. ਸੁਮਨਪ੍ਰੀਤ ਕੌਰ
3. ਜਸਪਾਲ ਬਾਸਰਕੇ
4. ਅੰਮ੍ਰਿਤਪਾਲ ਕੌਰ, ਪਿੰਡ ਗੁਰੂਸਰ, ਜ਼ਿਲ੍ਹਾ ਮੁਕਤਸਰ
5. ਸੁਦੀਪਾ, ਗਹਿਰੀ ਮੰਡੀ, ਜ਼ਿਲ੍ਹਾ ਅੰਮ੍ਰਿਤਸਰ
6. ਤਰੁਣ, ਯੂਨੀਵਰਸਿਟੀ ਕਾਲਜ, ਜੈਤੋ
7. ਮਮਤਾ ਰਾਣੀ, ਯੂਨੀਵਰਸਿਟੀ ਕਾਲਜ, ਜੈਤੋ
8. ਖੁਸ਼ਵੀਰ ਕੌਰ, ਯੂਨੀਵਰਸਿਟੀ ਕਾਲਜ, ਜੈਤੋ
9. ਸਤਿਵੀਰ ਕੌਰ, ਯੂਨੀਵਰਸਿਟੀ ਕਾਲਜ, ਜੈਤੋ
10. ਰਣਦੀਪ ਕੌਰ, ਸ. ਰਾਜਿੰਦਰਾ ਕਾਲਜ, ਬਠਿੰਡਾ
11. ਲਕਸ਼ਮੀ, ਸ. ਰਾਜਿੰਦਰਾ ਕਾਲਜ, ਬਠਿੰਡਾ
12. ਅਰਸ਼ਪ੍ਰੀਤ ਕੌਰ
13. ਡਿੰਪਲ ਰਾਣੀ, ਪਿੰਡ ਨੰਗਲਾਂ, ਜ਼ਿਲ੍ਹਾ ਬਠਿੰਡਾ

**ਤਰਕਸ਼ੀਲ ਸੁਸਾਇਟੀ ਪੰਜਾਬ ਨੂੰ ਸਹਾਇਤਾ**

1. ਸਰੀਰਦਾਨੀ ਮਾ. ਸੁਖਦੇਵ ਸਿੰਘ,
   ਪਿੰਡ ਅਤਲਾ ਕਲਾਂ (ਮਾਨਸਾ) - 1000 ਰੁਪਏ

**ਮੈਗਜ਼ੀਨ ਸਹਾਇਤਾ**

1. ਸ਼੍ਰੀ ਮੂਲ ਰਾਜ ਮੈਂਬਰ ਇਕਾਈ ਬਠਿੰਡਾ-500 ਰੁਪਏ

**ਇਕਾਈ ਫਗਵਾੜਾ**

1. ਸ਼੍ਰੀ ਹੇਮ ਰਾਜ ਬੀ.ਡੀ.ਪੀ.ਓ. ਵੱਲੋਂ ਆਪਣੀ ਸੇਵਾ-ਮੁਕਤੀ 'ਤੇ ਇਕਾਈ ਫਗਵਾੜਾ ਨੂੰ ਸਹਾਇਤਾ - 5100 ਰੁਪਏ

**ਜ਼ੋਨ ਦਫ਼ਤਰ ਬਠਿੰਡਾ ਵਿਖੇ ਰੈਫਰੈਂਸ ਲਾਇਬ੍ਰੇਰੀ ਲਈ**

1. ਪ੍ਰੋ. ਸ਼ੁਭਪ੍ਰੇਮ ਬਰਾੜ - 10,000 ਰੁਪਏ
2. ਰਾਜਪਾਲ ਸਿੰਘ - 10,000 ਰੁਪਏ

**ਇਕਾਈ ਬਠਿੰਡਾ**

1. ਗੁਰਮੇਲ ਸਿੰਘ ਕਾਲ ਝਰਾਣੀ - 500 ਰੁਪਏ

**ਇਕਾਈ ਮੋਹਾਲੀ**

1. ਜਰਨੈਲ ਕ੍ਰਾਂਤੀ ਜੀ ਵੱਲੋਂ ਮੋਹਾਲੀ ਇਕਾਈ ਦੇ ਚੇਤਨਾ ਪਰਖ ਪ੍ਰੀਖਿਆ ਵਾਲੇ ਬੱਚਿਆਂ ਨੂੰ ਇਨਾਮ ਦੇਣ ਲਈ - 9300 ਰੁਪਏ
2. ਇੰਦਰਜੀਤ ਸਿੰਘ ਮੋਹਾਲੀ ਵੱਲੋਂ - 5000 ਰੁਪਏ

**ਇਕਾਈ ਰੋਪੜ**

1. ਮਾ. ਪਰਵਿੰਦਰ ਵਿੱਤ ਮੁਖੀ ਨੇ ਮਾਤਾ ਸ਼ਕੁੰਤਲਾ ਦੇਵੀ ਜੀ ਦੀ ਯਾਦ ਵਿੱਚ — 2500 ਰੁਪਏ
2. ਮਾ. ਕਮਲਜੀਤ ਸਿੰਘ ਸਮੀਰੋਵਾਲ ਨੇ ਪ੍ਰੋਫੈਸਰ ਵਜੋਂ ਤਰੱਕੀ ਹੋਣ 'ਤੇ — 1100 ਰੁਪਏ

# ਆਓ ਬੋਰ ਹੋਈਏ

- ਜਸਵੰਤ ਮੋਹਾਲੀ

ਵਟਸਐਪ ਮੈਸੇਜ, ਰੀਲਾਂ, ਵੀਡੀਓਜ਼, ਫੇਸਬੁੱਕ..., ਸਕਰੀਨ ਉਤੇ ਉਸ ਦੀਆਂ ਉਂਗਲਾਂ ਸਕਰੋਲ ਕਰਨ ਲੱਗੀਆਂ। ਉਸ ਨੂੰ ਪਤਾ ਹੀ ਨਹੀਂ ਲੱਗਿਆ, ਕਦੋਂ ਉਹ ਸੋਸ਼ਲ ਮੀਡੀਆ ਦੇ ਜੰਗਲ ਵਿੱਚ ਗੁਆਚ ਗਿਆ ਸੀ। ਇਸ ਸਮੇਂ ਦਰਮਿਆਨ ਉਸ ਦੇ ਚਿਹਰੇ ਦੇ ਹਾਵ-ਭਾਵ ਬਦਲ ਰਹੇ ਸਨ। ਉਹ ਆਪ ਮੁਹਾਰਾ ਹੀ ਮੁਸਕਰਾ ਪੈਂਦਾ ਸੀ ਜਾਂ ਕਿਸੇ ਭੈੜੀ ਵੀਡੀਓ ਨੂੰ ਦੇਖ ਕੇ ਉਸਦਾ ਮਨ ਅੰਦਰੋਂ ਅੰਦਰ ਤਿਲਮਿਲਾ ਜਾਂਦਾ ਸੀ, ਤੇ ਕਈ ਵਾਰ ਉਹ ਗੰਭੀਰ ਹੋ ਜਾਂਦਾ ਸੀ। ਫ਼ੋਨ ਦੀ ਘੰਟੀ ਵੱਜੀ। ਉਸ ਦੀ ਪਤਨੀ ਨੇ ਗੈਸ ਸਿਲੰਡਰ ਬੁੱਕ ਕਰਾਉਣਾ ਯਾਦ ਕਰਾਇਆ ਜੋ ਉਹ ਕਈ ਦਿਨਾਂ ਤੋਂ ਭੁੱਲ ਰਿਹਾ ਸੀ। ਉਸ ਨੇ ਟਾਈਮ ਦੇਖਿਆ। ਡੇਢ ਦੋ ਘੰਟੇ, ਉਹ ਰੀਲਾਂ ਤੇ ਵੀਡੀਓਜ ਦੇ ਸਮੁੰਦਰ ਦੀਆਂ ਡਿਜ਼ੀਟਲ ਲਹਿਰਾਂ ਵਿੱਚ ਉੱਪਰ ਥੱਲੇ ਹੁੰਦਾ ਰਿਹਾ ਸੀ। ਸੋਸ਼ਲ ਮੀਡੀਆ ਵਿੱਚ ਖੁੱਭ ਕੇ ਉਸਨੂੰ ਅਕਸਰ ਘਰ ਦਫਤਰ ਦੇ ਕੁੱਝ ਜਰੂਰੀ ਕੰਮ ਭੁੱਲ ਜਾਂਦੇ ਸਨ।

ਕੀ ਤੁਹਾਡੇ ਨਾਲ ਵੀ ਇੰਜ ਹੁੰਦਾ ਹੈ? ਜ਼ਰੂਰ ਹੁੰਦਾ ਹੋਵੇਗਾ। ਦਰਅਸਲ ਇਹ ਤੁਹਾਡੇ ਹੱਥ ਨਹੀਂ ਜੋ ਮੋਬਾਈਲ ਨੂੰ ਚੁੱਕਦੇ ਹਨ, ਅੱਖਾਂ ਨਹੀਂ ਜੋ ਦੇਖਣ ਦੀ ਇੱਛਾ ਕਰਦੀਆਂ ਹਨ ਤੇ ਨਾ ਹੀ ਕੰਨ ਹਨ ਜੋ ਸੁਣਨ ਲਈ ਉਤਾਵਲੇ ਹੁੰਦੇ ਹਨ, ਸਗੋਂ ਇਹ ਕੰਮ ਤੁਹਾਡੇ ਕੋਲੋਂ ਦਿਮਾਗ ਕਰਵਾਉਂਦਾ ਹੈ। ਇਹ ਸਭ ਹੁਣ ਬਹੁਤਿਆਂ ਦੀ ਆਦਤ ਬਣ ਗਿਆ ਹੈ। ਆਦਤਾਂ (ਚੰਗੀਆਂ ਜਾਂ ਮਾੜੀਆਂ) ਦਾ ਮਨੋਵਿਗਿਆਨ ਕਿਵੇਂ ਕੰਮ ਕਰਦਾ ਹੈ ਇਸਨੂੰ ਸਮਝਣ ਦੀ ਲੋੜ ਹੈ।

ਜਦੋਂ ਕਿਸੇ ਵੀ ਬੰਦੇ ਨੂੰ ਸ਼ਾਬਾਸ਼ ਮਿਲਦੀ ਹੈ ਤਾਂ ਦਿਮਾਗ ਪਹਿਚਾਣ ਲੈਂਦਾ ਹੈ ਕਿ ਇਹ ਤਾਂ ਇੱਕ ਇਨਾਮ ਹੈ, ਅਤੇ ਜੇ ਸ਼ਾਬਾਸ਼ ਇੱਕ ਇਕੱਠ ਵਿੱਚ ਮਿਲਦੀ ਹੈ ਤਾਂ ਇਹ ਇਨਾਮ ਵੱਡਾ ਹੋ ਜਾਂਦਾ ਹੈ, ਜਿਸ ਨੂੰ ਸਮਾਜਿਕ ਮਾਨ-ਸਨਮਾਨ ਕਹਿੰਦੇ ਹਾਂ। 'ਸ਼ਾਬਾਸ਼' ਸੁਣਦਿਆਂ ਹੀ ਦਿਮਾਗ ਦਾ ਇੱਕ ਹਿੱਸਾ ਡੋਪਾਮਾਈਨ ਨਾਂ ਦਾ ਰਸਾਇਣ/ਹਾਰਮੋਨ ਪੈਦਾ ਕਰਦਾ ਹੈ ਜੋ ਤੁਹਾਨੂੰ ਖੁਸ਼ੀ ਦਿੰਦਾ ਹੈ। ਦੂਜਾ ਹਿੱਸਾ ਪ੍ਰੀਫਰੰਟਲ ਕੋਰਟੈਕਸ ਯਾਦ ਰੱਖਣ ਲਈ ਕਹਿੰਦਾ ਹੈ ਅਤੇ ਇਸ ਕੰਮ ਨੂੰ ਦੁਬਾਰਾ ਕਰਨ ਲਈ ਪ੍ਰੇਰਿਤ ਕਰਦਾ ਹੈ। ਇੱਕ ਸਕਿੰਟ ਦੇ ਸੌਂਵੇਂ ਹਿੱਸੇ ਤੋਂ ਵੀ ਪਹਿਲਾਂ ਵਾਪਰ ਜਾਣ ਵਾਲਾ ਇਹ ਵਰਤਾਰਾ ਲੰਮੇ ਸਮੇਂ ਲਈ ਸਾਡੀਆਂ ਆਦਤਾਂ ਘੜ ਦਿੰਦਾ ਹੈ। ਜਿਸ ਬਾਰੇ ਵਾਰਿਸ ਸ਼ਾਹ ਨੇ ਕਿਹਾ ਸੀ, 'ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।' ਇਸੇ ਲਈ ਸਿੱਖਿਆ ਵਿੱਚ, ਬੱਚਿਆਂ ਦੇ ਪਾਲਣ ਪੋਸ਼ਣ ਵਿੱਚ ਜਾਂ ਕਿਸੇ ਨੂੰ ਕੁੱਝ ਸਿਖਾਉਣ ਵਿੱਚ ਪ੍ਰਸ਼ੰਸਾ ਤੇ ਹੌਂਸਲਾ-ਅਫ਼ਜਾਈ ਏਨੀ ਮਹੱਤਵਪੂਰਨ ਹੈ।

ਇਹ ਦੇਖਿਆ ਗਿਆ ਹੈ ਕਿ ਚੰਗੇ ਕੰਮ, ਜਿਵੇਂ ਕਿਸੇ ਦੀ ਸਹਾਇਤਾ ਕਰਨਾ, ਕਸਰਤ ਕਰਨਾ ਜਾਂ ਸੈਰ ਕਰਨਾ ਆਦਿ ਨਾਲ ਡੋਪਾਮਾਈਨ ਦਰਮਿਆਨੀ ਮਾਤਰਾ ਵਿੱਚ ਬਣਦਾ ਹੈ ਪਰ ਤਲਿਆ ਤੇ ਮਿੱਠੇ ਵਾਲਾ ਭੋਜਨ ਖਾਣ ਨਾਲ ਜਾਂ ਰੀਲਾਂ/ ਵੀਡਿਓਜ਼ ਦੇਖਣ ਸਮੇਂ ਡੋਪਾਮਾਈਨ ਦੀ ਮਾਤਰਾ ਵਧੇਰੇ ਅਤੇ ਤੇਜੀ ਨਾਲ ਬਣਦੀ ਹੈ। ਨਸ਼ੇ ਲੈਣ ਸਮੇਂ ਇਹ ਮਾਤਰਾ ਹੋਰ ਵੀ ਵਧ ਜਾਂਦੀ ਹੈ ਤੇ ਉਸਦੇ ਬਣਨ ਦੀ ਤੇਜੀ ਵੀ। ਵਧਿਆ ਡੋਪਾਮਾਈਨ ਤੁਹਾਨੂੰ ਚੰਗਾ-ਚੰਗਾ ਮਹਿਸੂਸ ਕਰਾਉਂਦਾ ਹੈ ਤੇ ਨਸ਼ਾ ਨਾ ਕਰਨ ਤੇ ਤੁਹਾਨੂੰ ਇਸਦੀ ਤਲਬ / ਤੋਟ ਲਗਦੀ ਹੈ। ਇਸੇ ਕਰਕੇ ਮਾੜੀਆਂ ਆਦਤਾਂ ਦੀ ਲਤ ਲੱਗ ਜਾਂਦੀ ਹੈ। ਮਿੱਠਾ ਤਲਿਆ ਖਾਣ ਦੀ ਜਾਂ ਨਸ਼ਾ ਕਰਨ ਦੀ ਫਿਰ ਵੀ ਸਰੀਰ ਦੀ ਇੱਕ ਸੀਮਾ ਹੈ ਪਰ ਸੋਸ਼ਲ ਮੀਡਿਆ ਦੀ ਵਰਤੋਂ ਸੀਮਾ ਤੋਂ ਪਾਰ ਹੋ ਗਈ ਹੈ। ਕੀ ਸਾਡੇ ਵਿਚੋਂ ਬਹੁਤੇ ਸੈਰ ਕਰਦੇ, ਕਸਰਤ ਕਰਦੇ, ਖਾਣਾ ਬਣਾਉਂਦੇ ਜਾਂ ਖਾਣਾ ਖਾਂਦੇ ਸਮੇਂ ਵੀਡਿਓ ਦੇਖੀ ਜਾਣ ਦੇ ਨਸ਼ੇ ਦਾ ਸ਼ਿਕਾਰ ਨਹੀਂ?

ਹਾਰਵਰਡ ਦੇ ਪ੍ਰੋ. ਡੈਨ ਗਿਲਬਰਟ ਨੇ ਇੱਕ ਪ੍ਰਯੋਗ ਕੀਤਾ। ਕੁੱਝ ਬੰਦਿਆਂ ਨੂੰ ਕਮਰੇ ਵਿਚ ੧੫ ਮਿੰਟ ਵਿਹਲੇ ਬੈਠਣ ਲਈ ਕਿਹਾ ਗਿਆ। ਕਮਰੇ ਵਿੱਚ ਇੱਕ ਬਟਨ ਸੀ ਜਿਸਨੂੰ ਦਬਾਉਣ ਨਾਲ ਬਿਜਲੀ ਦਾ ਝਟਕਾ ਲਗਦਾ ਸੀ। 67% ਮਰਦਾਂ ਤੇ 25% ਔਰਤਾਂ ਨੇ ਇਹ ਬਟਨ ਦਬਾਇਆ। ਉਨ੍ਹਾਂ ਨੂੰ ਬਿਜਲੀ ਦੇ ਝਟਕੇ ਦੀ ਪੀੜ ਨਾਲੋਂ ਵਿਹਲੇ ਬੈਠਣਾ ਵਧੇਰੇ ਮੁਸ਼ਕਲ ਲੱਗਿਆ। ਦਰਅਸਲ ਵਿਹਲੇ ਸਮੇਂ ਤੁਹਾਨੂੰ ਨਿੱਜੀ ਸੁਆਲ, ਸਮਾਜਕ ਸੁਆਲ ਜਾਂ ਜ਼ਿੰਦਗੀ ਦੇ ਮਕਸਦ ਨਾਲ ਜੁੜੇ ਸੁਆਲ ਘੇਰ ਲੈਂਦੇ ਹਨ। ਜਿਹੜੇ ਇਨ੍ਹਾਂ ਸੁਆਲਾਂ ਨਾਲ ਜੁੜ ਜਾਂਦੇ ਹਨ ਉਨ੍ਹਾਂ ਲਈ ਵਿਹਲਾ ਮਨ ਸ਼ੈਤਾਨ ਦਾ ਘਰ ਨਹੀਂ ਹੁੰਦਾ, ਸਗੋਂ ਵਿਹਲੇ ਸਮੇਂ ਦੀ ਬੋਰੀਅਤ ਵਿੱਚ ਹੀ ਸਭ ਤੋਂ ਵੱਧ ਰਚਨਾਤਮਕ ਫੁਰਨੇ ਫੁਰਦੇ ਹਨ। ਆਓ ਹਰ ਰੋਜ਼ ਮੋਬਾਈਲ ਤੋਂ ਬਿਨ੍ਹਾਂ ਕੁੱਝ ਸਮੇਂ ਲਈ ਬੋਰ ਹੋਣ ਦੀ ਆਦਤ ਪਾਈਏ। ਇਸ ਨਾਲ ਤੁਹਾਨੂੰ ਜ਼ਿੰਦਗੀ ਮਾਨਣ ਦਾ ਅਨੰਦ ਵੀ ਆਵੇਗਾ ਤੇ ਗੈਸ ਦਾ ਸਿਲੰਡਰ ਬੁੱਕ ਕਰਾਉਣਾ ਵੀ ਯਾਦ ਰਵ੍ਹੇਗਾ।

# ਆਪਣੇ ਲੋਕਾਂ ਨਾਲ ਖੜ੍ਹਨ ਵਾਲਾ ਗਾਇਕ ਜ਼ੁਬੀਨ ਗਰਗ

**ਜ਼ੁਬੀਨ ਗਰਗ ਕੌਣ ਸੀ ?**

ਅਖਬਾਰਾਂ ਦੀਆਂ ਸੁਰਖੀਆਂ ਉੱਤੇ ਮੋਟੀ ਨਿਗ੍ਹਾ ਮਾਰਨ ਵਾਲਾ ਕਹੇਗਾ ਕਿ 'ਅਸਾਮ ਦਾ ਕੋਈ ਗਾਇਕ ਸੀ, ਜਿਸ ਦੀ ਸਿੰਘਾਪੁਰ ਵਿਖੇ ਮੌਤ ਹੋ ਗਈ।'

ਕੁਝ ਵੱਧ ਜਾਨਣ ਵਾਲਾ ਕਹੇਗਾ, 'ਉਹ ਅਸਾਮ ਦਾ ਬਹੁਤ ਹਰਮਨਪਿਆਰਾ ਗਾਇਕ ਸੀ, ਜਿਸ ਨੇ 40 ਹਜਾਰ ਗੀਤ ਗਾਏ, ਕੁਝ ਹਿੰਦੀ ਫਿਲਮਾਂ ਵਿੱਚ ਵੀ ਹਿੱਟ ਗੀਤ ਗਾਏ, ਉਸਦੀ ਮੌਤ ਉੱਤੇ ਲੱਖਾਂ ਲੋਕਾਂ ਦਾ ਇਕੱਠ ਹੋਇਆ।'

ਪਰ ਇਹ ਫਿਕਰੇ ਤਾਂ ਉਸ ਦੀ ਸ਼ਖਸੀਅਤ ਦੇ ਬਹੁਤ ਛੋਟੇ ਜਿਹੇ ਹਿੱਸੇ ਨੂੰ ਹੀ ਬਿਆਨਦੇ ਹਨ। ਜੇ ਉਹ ਸਿਰਫ ਗਾਇਕ ਹੁੰਦਾ ਤਾਂ ਅਸੀਂ ਦੇਸ਼ ਦੇ ਬਿਲਕੁਲ ਦੂਜੇ ਪਾਸੇ ਬੈਠੇ ਪੰਜਾਬੀ ਦੇ ਇਕ ਮੈਗਜ਼ੀਨ ਵਿੱਚ ਉਸ ਬਾਰੇ ਗੱਲ ਨਹੀਂ ਸੀ ਕਰਨੀ।



* ਉਹ ਅਜਿਹਾ ਸ਼ਖਸ ਸੀ, ਜੋ ਹਰ ਗਲਤ ਗੱਲ ਖਿਲਾਫ ਡਟ ਜਾਂਦਾ ਸੀ। ਜਿੱਥੇ ਮੁੰਬਈਆ ਸੈਲੀਬ੍ਰਿਟੀ ਸਿਰਫ ਬਾਈਕਾਟ ਦੀ ਕਾਲ ਤੋਂ ਡਰ ਕੇ ਚੁੱਪ ਹੋ ਜਾਂਦੇ ਹਨ, ਉਥੇ ਜ਼ੁਬੀਨ ਨੂੰ ਮੌਤ ਦੀਆਂ ਧਮਕੀਆਂ ਵੀ ਚੁੱਪ ਨਹੀਂ ਕਰਾ ਸਕਦੀਆਂ ਸਨ।

* ਉਹ ਕਹਿੰਦਾ ਸੀ ਮੇਰਾ ਕੋਈ ਧਰਮ ਨਹੀਂ, ਮੇਰੀ ਕੋਈ ਜਾਤ ਨਹੀਂ, ਮੇਰਾ ਕੋਈ ਭਗਵਾਨ ਨਹੀਂ, ਮੈਂ ਨਾਸਤਿਕ ਹਾਂ, ਮੈਂ ਸਮਾਜਵਾਦੀ ਹਾਂ।

* ਉਸਦੇ ਨਾਮ ਵਿੱਚ ਆਉਂਦੇ ਗਰਗ ਸ਼ਬਦ ਤੋਂ ਪੰਜਾਬੀ ਪਾਠਕਾਂ ਨੂੰ ਭੁਲੇਖਾ ਲੱਗ ਸਕਦਾ ਹੈ ਕਿ ਇਹ ਉਸਦੀ ਜਾਤੀ ਦਰਸਾਉਂਦਾ ਹੈ (ਕਿਉਂਕਿ ਪੰਜਾਬ ਵਿੱਚ 'ਗਰਗ' ਬਾਣੀਆ ਭਾਈਚਾਰੇ ਦਾ ਇੱਕ ਗੋਤ ਹੈ) ਪਰ ਇਹ ਉਸਦੇ ਨਾਮ ਦਾ ਹੀ ਹਿੱਸਾ ਹੈ। ਬ੍ਰਾਹਮਣ ਪਰਿਵਾਰ ਵਿੱਚ ਜਨਮੇ ਜ਼ੁਬੀਨ ਨੇ ਬਾਰਵੀਂ ਜਮਾਤ ਵਿੱਚ ਪੜ੍ਹਦੇ ਨੇ ਹੀ ਆਪਣਾ ਜਨੇਊ ਲਾਹ ਕੇ ਧਰਮ ਅਤੇ ਜਾਤ ਤੋਂ ਰਹਿਤ ਹੋਣ ਦਾ ਐਲਾਨ ਕਰ ਦਿੱਤਾ ਸੀ।

* ਜਦ ਮੋਦੀ ਸਰਕਾਰ ਨਾਗਰਿਕਤਾ ਸੋਧ ਕਾਨੂੰਨ (CAA) ਲੈ ਕੇ ਆਈ ਤਾਂ ਅਸਾਮ ਵਿੱਚ ਇਸ ਦਾ ਜ਼ੋਰਦਾਰ ਵਿਰੋਧ ਹੋਇਆ ਜ਼ੁਬੀਨ ਇਹਨਾਂ ਵਿਰੋਧ ਵਾਲੇ ਮੋਰਚਿਆਂ ਵਿੱਚ ਸਭ ਤੋਂ ਅੱਗੇ ਖੜ੍ਹ ਕੇ ਲੜਿਆ।

* ਉਹ ਅਸਾਮੀ ਭਾਸ਼ਾ ਅਤੇ ਸੱਭਿਆਚਾਰ ਨੂੰ ਬੇਹੱਦ ਪਿਆਰ ਕਰਦਾ ਸੀ ਪਰ ਇਸ ਬਾਰੇ ਤੰਗਨਜ਼ਰੀ ਦਾ ਸ਼ਿਕਾਰ ਨਹੀਂ ਸੀ। 2013 ਵਿੱਚ ਅਸਾਮ ਦੀ ਖਾੜਕੂ ਜਥੇਬੰਦੀ 'ਉਲਫਾ' ਨੇ ਹੁਕਮ ਜਾਰੀ ਕੀਤਾ ਕਿ ਅਸਾਮ ਦੇ ਬੀਹੂ ਤਿਉਹਾਰ 'ਤੇ ਕੋਈ ਹਿੰਦੀ ਗਾਣੇ ਨਹੀਂ ਗਾਏਗਾ। ਜ਼ੁਬੀਨ ਨੇ ਇਹ ਕਹਿ ਕੇ ਹਿੰਦੀ ਗਾਣਾ ਗਾਇਆ ਕਿ ਸੰਗੀਤ ਦੀ ਕੋਈ ਭਾਸ਼ਾ ਨਹੀਂ ਹੁੰਦੀ। ਉਲਫਾ ਨੇ ਉਸਨੂੰ ਮਾਰਨ ਦੀ ਧਮਕੀ ਦਿੱਤੀ। ਪਰ ਡਰਨਾ ਉਸ ਦੇ ਸੁਭਾਅ ਵਿੱਚ ਹੀ ਨਹੀਂ ਸੀ। ਅੱਜ ਉਹੀ ਉਲਫਾ ਉਸਨੂੰ ਸ਼ਰਧਾਂਜਲੀਆਂ ਦੇ ਰਹੀ ਹੈ।

* ਅਰਾਮਦੇਹ ਅਤੇ ਸ਼ਾਨੋ-ਸ਼ੌਕਤ ਵਾਲੀ ਜ਼ਿੰਦਗੀ ਦੇ ਆਦੀ ਹੋਏ ਸੈਲੀਬ੍ਰਿਟੀ ਵਾਦ ਵਿਵਾਦਾਂ ਤੋਂ ਬਚਦੇ ਹੋਏ ਮਿੱਠਾ-ਮਿੱਠਾ ਬੋਲਦੇ ਹਨ, ਸੱਤਾਧਾਰੀਆਂ ਦੀ ਚਾਪਲੂਸੀ ਕਰਦੇ ਹਨ। ਪਰ ਜ਼ੁਬੀਨ ਕੈਮਰਿਆਂ ਦੇ ਸਾਹਮਣੇ ਅਤੇ ਉਨ੍ਹਾਂ ਦੇ ਮੂੰਹ 'ਤੇ ਸ਼ਰ੍ਹੇਆਮ ਕਹਿੰਦਾ ਸੀ ਕਿ ਸਾਰੇ ਮੰਤਰੀ, ਚਾਹੇ ਉਹ ਬੀਜੇਪੀ ਦੇ ਹਨ ਜਾਂ ਕਾਂਗਰਸ ਦੇ, ਕੁਰੱਪਟ ਹਨ। ਜਦ ਇੱਕ ਟੀਵੀ ਐਂਕਰ ਨੇ ਪੁੱਛਿਆ ਕਿ ਉਹ ਇੰਨਾ ਕੌੜਾ ਕਿਉਂ ਹੈ ਤਾਂ ਕਹਿੰਦਾ 'ਮੈਂ ਸਿਆਸਤੀ ਨਹੀਂ ਹਾਂ, ਮੈਂ ਫਾਈਟਰ ਹਾਂ।'

* ਹਰ ਰੋਜ਼ ਸੈਂਕੜੇ ਗਰੀਬ ਲੋਕ ਉਸ ਤੋਂ ਮਦਦ ਮੰਗਣ ਆਉਂਦੇ ਅਤੇ ਉਹ ਆਪਣੀ ਕਮਾਈ ਦਾ ਵੱਡਾ ਹਿੱਸਾ ਉਹਨਾਂ ਨੂੰ ਬਿਨਾਂ ਕਿਸੇ ਪਬਲੀਸਿਟੀ ਦੇ ਵੰਡ ਦਿੰਦਾ।

* ਉਹ ਮੁੰਬਈ ਗਿਆ। ਉੱਥੇ ਵੀ ਥੋੜ੍ਹੇ ਸਮੇਂ ਵਿੱਚ ਉਸ ਦੀ ਬਹੁਤ ਚੜ੍ਹਾਈ ਹੋ ਗਈ। ਪਰ ਉੱਥੋਂ ਦੀ ਸੰਗੀਤਕ ਅਤੇ ਫਿਲਮੀ ਦੁਨੀਆਂ ਦਾ ਅੰਦਾਜ਼ ਉਸ ਲਈ ਬਰਦਾਸ਼ਤ ਕਰਨਾ ਔਖਾ ਸੀ। ਉਹ ਮੁੰਬਈ ਨੂੰ ਲੱਤ ਮਾਰ ਕੇ ਮੁੜ ਆਪਣੇ ਲੋਕਾਂ ਵਿੱਚ ਆ ਗਿਆ।

ਚੀ ਗੁਵੇਰਾ ਤੋਂ ਪ੍ਰਭਾਵਿਤ ਇਸ ਗਾਇਕ ਦੀ ਮੌਤ ਬਾਰੇ ਕਈ ਤਰ੍ਹਾਂ ਦੇ ਸ਼ੰਕੇ ਹਨ, ਜਿਸਦੀ ਵਿਸ਼ੇਸ਼ ਜਾਂਚ ਟੀਮ ਪੜਤਾਲ ਕਰ ਰਹੀ ਹੈ। ਅਸੀਂ ਅਦਾਰੇ ਵੱਲੋਂ ਉਸਦੇ ਵਿਚਾਰਾਂ, ਆਪਣੇ ਲੋਕਾਂ ਲਈ ਲੜਨ ਦੀ ਲਗਨ ਅਤੇ ਕਲਾ ਨੂੰ ਸਲਾਮ ਕਰਦੇ ਹਾਂ।

ਤਰਕਸ਼ੀਲ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਜਿਲਦ ਨੰ. 26 ਰਜਿ. ਨੰ. PUNPUN/2000/05393 ਅੰਕ : 6



ਸਾਨਫਰਾਂਸਿਸਕੋ ਵਿਖੇ ਗ਼ਦਰ ਮੈਮੋਰੀਅਲ ਦੀ ਇਤਿਹਾਸਿਕ ਇਮਾਰਤ ਅਤੇ
1951 ਵਿੱਚ ਗਣਤੰਤਰ ਦਿਵਸ ਮੌਕੇ ਉਸ ਅੱਗੇ ਇਕੱਠੇ ਹੋਏ ਭਾਰਤੀ ਲੋਕ।

If undelivered please return to :

**Tarksheel**

**Tarksheel Bhawan, Tarksheel Chowk,**
**Sanghera By Pass, BARNALA-148101**
**Post Box No. 55**
Cell. 98769 53561, 98728 74620
Web : www.tarksheel.org
e-mail : tarkshiloffice@gmail.com

BOOK POST
(Printed Matter)

To ..........................................................

..........................................................

..........................................................